26-DEC-PAGE-1.qxd 12/25/2023 10:25 PM Page 1

ਮੰਗਲਵਾਰ, 26 ਦਸੰਬਰ, 2023
11 ਪੋਹ { ਨਾਨਕਸ਼ਾਹੀ 555 / ਬਿਕਰਮੀ 2080
ਜਿਲਦ/VOL. : 72
ਅੰਕ/NO. : 206

# ਨਵਾਂ ਜ਼ਮਾਨਾ

DAILY NAWAN ZAMANA • TUESDAY, 26 DECEMBER, 2023
ਜਲੰਧਰ

**'ਨਵਾਂ ਜ਼ਮਾਨਾ' ਦੇ ਫ਼ੋਨ ਨੰਬਰ**

| | |
|---|---|
| ਪੁੱਛ-ਗਿੱਛ (ਰਿਸੈਪਸ਼ਨ) | 0181-5097300 |
| ਇਸ਼ਤਿਹਾਰ ਵਿਭਾਗ | 0181-5097302 |
| ਸਾਹਿਤ ਸੰਪਾਦਕ (ਐਤਵਾਰਤਾ) | 0181-5097305 |
| ਕੰਪਿਊਟਰ ਰੂਮ | 0181-5097310 |
| ਵੈੱਬ ਟੀ ਵੀ | 0181-5133160 |

You Tube nawan zamana TV

ਕੀਮਤ/PRICE : 5.00 ਰੁਪਏ Regd. No : Pb/JL-123/2021-23, (R.N.I.)-00068/57 E-mail : nawanzamana@gmail.com www.nawanzamana.in ਸਫ਼ੇ : 12

## ਚੱਕਰਵਰਤੀ ਸਰਕਾਰੀ ਗਵਾਹ ਬਣਨ ਲਈ ਤਿਆਰ



**ਨਵੀਂ ਦਿੱਲੀ :** ਨਿਊਜ਼ ਕਲਿੱਕ ਨਿਊਜ਼ ਪੋਰਟਲ ਦੇ ਐੱਚ ਆਰ ਵਿਭਾਗ ਦੇ ਮੁਖੀ ਅਮਿਤ ਚੱਕਰਵਰਤੀ ਨੇ ਦਹਿਸ਼ਤਗਰਦੀ ਵਿਰੋਧੀ ਕਾਨੂੰਨ ਯੂ ਏ ਪੀ ਏ ਤਹਿਤ ਦਰਜ ਕੇਸ 'ਚ ਸਰਕਾਰੀ ਗਵਾਹ ਬਣਨ ਦੀ ਇਜਾਜ਼ਤ ਲਈ ਦਿੱਲੀ ਦੀ ਅਦਾਲਤ 'ਚ ਪਟੀਸ਼ਨ ਦਾਇਰ ਕੀਤੀ ਹੈ। ਉਸ ਨੇ ਪਿਛਲੇ ਹਫਤੇ ਸਪੈਸ਼ਲ ਜੱਜ ਹਰਦੀਪ ਕੌਰ ਦੇ ਸਾਹਮਣੇ ਅਰਜ਼ੀ ਦਾਇਰ ਕਰ ਕੇ ਇਸ ਮਾਮਲੇ 'ਚ ਮਾਫੀ ਮੰਗੀ ਤੇ ਦਾਅਵਾ ਕੀਤਾ ਕਿ ਉਸ ਕੋਲ ਅਹਿਮ ਜਾਣਕਾਰੀਆਂ ਹਨ, ਜਿਸ ਦਾ ਖੁਲਾਸਾ ਉਹ ਦਿੱਲੀ ਪੁਲਿਸ ਨੂੰ ਕਰਨਾ ਚਾਹੁੰਦਾ ਹੈ, ਜੋ ਮਾਮਲੇ ਦੀ ਜਾਂਚ ਕਰ ਰਹੀ ਹੈ। ਨਿਊਜ਼ ਪੋਰਟਲ 'ਤੇ ਚੀਨ ਤੋਂ ਫੰਡ ਲੈਣ ਤੇ ਉਸ ਦੇ ਪੱਖ 'ਚ ਖਬਰਾਂ ਚਲਾਉਣ ਦਾ ਦੋਸ਼ ਹੈ। ਇਸ ਮਾਮਲੇ 'ਚ ਯੂ ਏ ਪੀ ਏ ਤਹਿਤ ਨਿਊਜ਼ ਕਲਿਕ ਦੇ ਬਾਨੀ ਤੇ ਐਡੀਟਰ-ਇਨ-ਚੀਫ ਪ੍ਰਬੀਰ ਪੁਰਕਾਯਸਥ ਅਤੇ ਚੱਕਰਵਰਤੀ ਨੂੰ ਗ੍ਰਿਫਤਾਰ ਕੀਤਾ ਗਿਆ ਸੀ।

## ਫਰਾਂਸ 'ਚ ਫਸੇ ਯਾਤਰੀਆਂ ਦੀ ਵਾਪਸੀ ਅੱਜ

**ਪੈਰਿਸ :** ਫਰਾਂਸ ਦੇ ਅਧਿਕਾਰੀਆਂ ਵੱਲੋਂ ਮਨੁੱਖੀ ਤਸਕਰੀ ਦੇ ਸ਼ੱਕ 'ਚ ਪੈਰਿਸ ਨੇੜੇ ਹਵਾਈ ਅੱਡੇ 'ਤੇ ਰੋਕਿਆ ਜਹਾਜ਼ ਮੰਗਲਵਾਰ ਤੜਕੇ ਮੁੰਬਈ ਹਵਾਈ ਅੱਡੇ 'ਤੇ ਉਤਰੇਗਾ। ਜਹਾਜ਼ ਨੂੰ ਜਦੋਂ ਰੋਕਿਆ ਗਿਆ ਤਾਂ ਇਸ ਵਿਚ 303 ਯਾਤਰੀ ਸਵਾਰ ਸਨ, ਜਿਨ੍ਹਾਂ ਵਿਚ ਜ਼ਿਆਦਾਤਰ ਭਾਰਤੀ ਸਨ, ਜਿਨ੍ਹਾਂ ਨੂੰ ਹਿਰਾਸਤ ਵਿਚ ਲੈ ਲਿਆ ਗਿਆ। ਸੰਯੁਕਤ ਅਰਬ ਅਮੀਰਾਤ ਦੇ ਦੁਬਈ ਤੋਂ 303 ਯਾਤਰੀਆਂ ਨੂੰ ਲੈ ਕੇ ਨਿਕਾਰਾਗੁਆ ਜਾਣ ਵਾਲੀ ਫਲਾਈਟ ਨੂੰ ਵੀਰਵਾਰ ਨੂੰ ਪੈਰਿਸ ਤੋਂ 150 ਕਿਲੋਮੀਟਰ ਪੂਰਬ ਵਿਚ ਵੈਟਰੀ ਹਵਾਈ ਅੱਡੇ 'ਤੇ ਰੋਕਿਆ ਗਿਆ ਸੀ। ਐਤਵਾਰ ਨੂੰ ਫਰਾਂਸੀਸੀ ਅਧਿਕਾਰੀਆਂ ਨੇ ਰੋਮਾਨੀਆ ਦੀ ਕੰਪਨੀ ਲੀਜੈਂਡ ਏਅਰਲਾਈਨਜ਼ ਦੁਆਰਾ ਸੰਚਾਲਤ ਏ 340 ਜਹਾਜ਼ ਨੂੰ ਆਪਣੀ ਯਾਤਰਾ ਦੁਬਾਰਾ ਸ਼ੁਰੂ ਕਰਨ ਦੀ ਆਗਿਆ ਦੇ ਦਿੱਤੀ। ਜਹਾਜ਼ 'ਚ 200 ਤੋਂ 250 ਯਾਤਰੀ ਹੋਣਗੇ ਤੇ ਮੁੰਬਈ ਪੁੱਜਣਗੇ। ਸਾਰੇ ਯਾਤਰੀਆਂ, ਜੋ ਪੁਲਸ ਹਿਰਾਸਤ 'ਚ ਨਹੀਂ ਹਨ ਅਤੇ ਪਨਾਹ ਲਈ ਅਰਜ਼ੀ ਨਹੀਂ ਦਿੱਤੀ ਹੈ, ਦੇ ਭਾਰਤ ਲਈ ਰਵਾਨਾ ਹੋਣ ਦੀ ਉਮੀਦ ਹੈ। ਕੁਝ ਰਿਪੋਰਟਾਂ ਅਨੁਸਾਰ ਚਾਰ ਦਰਜਨ ਦੇ ਕਰੀਬ ਯਾਤਰੀਆਂ ਨੇ ਪਨਾਹ ਲਈ ਅਰਜ਼ੀਆਂ ਦਿੱਤੀਆਂ ਹਨ।

## ਸੈਲਾਨੀਆਂ ਦਾ ਹੜ੍ਹ

**ਸ਼ਿਮਲਾ :** ਕ੍ਰਿਸਮਸ ਅਤੇ ਨਵੇਂ ਸਾਲ ਦੇ ਮੌਕੇ 'ਤੇ ਹਜ਼ਾਰਾਂ ਸੈਲਾਨੀ ਹਿਮਾਚਲ ਪਹੁੰਚ ਚੁੱਕੇ ਹਨ। ਰੋਹਤਾਂਗ ਦੀ ਅਟਲ ਸੁਰੰਗ, ਕੁੱਲੂ ਅਤੇ ਲਾਹੌਲ ਤੇ ਸਪਿਤੀ 'ਚ ਸਭ ਤੋਂ ਵੱਧ ਸੈਲਾਨੀ ਪੁੱਜੇ ਹਨ। ਐਤਵਾਰ ਨੂੰ ਅੰਦਾਜ਼ਨ 65,000 ਲੋਕਾਂ ਨੇ 12,000 ਤੋਂ ਵੱਧ ਵਾਹਨਾਂ 'ਚ ਸੁਰੰਗ ਪਾਰ ਕੀਤੀ। 9.2 ਕਿਲੋਮੀਟਰ ਲੰਮੀ ਅਟਲ ਸੁਰੰਗ 10,000 ਫੁੱਟ ਤੋਂ ਵੱਧ ਉੱਚਾਈ 'ਤੇ ਦੁਨੀਆ ਦੀ ਸਭ ਤੋਂ ਉੱਚੀ 'ਸਿੰਗਲ-ਟਿਊਬ' ਸੁਰੰਗ ਹੈ। ਰੋਹਤਾਂਗ 'ਚ ਭਾਰੀ ਬਰਫਬਾਰੀ ਹੋਈ, ਜਿਸ ਕਾਰਨ ਇੱਥੇ ਸੈਲਾਨੀਆਂ ਦੀ ਭੀੜ ਲੱਗ ਗਈ।

# ਹਾਕਮ ਪਾਰਟੀ ਨੇ ਸਾਂਸਦਾਂ ਦੀ ਮੁਅੱਤਲੀ ਨੂੰ ਹਥਿਆਰ ਵਜੋਂ ਵਰਤਿਆ : ਖੜਗੇ

### ਰਾਜ ਸਭਾ ਦੇ ਚੇਅਰਪਰਸਨ ਦੀ ਭੂਮਿਕਾ ਤੇ ਨਿਰਪੱਖਤਾ 'ਤੇ ਉਠਾਏ ਸਵਾਲ

**ਨਵੀਂ ਦਿੱਲੀ :** ਰਾਜ ਸਭਾ ਦੇ ਚੇਅਰਪਰਸਨ ਜਗਦੀਪ ਧਨਖੜ ਨੇ ਸਦਨ ਵਿਚ ਆਪੋਜ਼ੀਸ਼ਨ ਦੇ ਆਗੂ ਮਲਿਕਾਰਜੁਨ ਖੜਗੇ ਨੂੰ ਪੱਤਰ ਲਿਖ ਕੇ ਮਿਲਣ ਦਾ ਸੱਦਾ ਦਿੱਤਾ ਸੀ। ਖੜਗੇ ਨੇ ਇਹ ਕਹਿ ਕੇ ਮਿਲਣ ਤੋਂ ਅਸਮਰੱਥਾ ਪ੍ਰਗਟਾਈ ਕਿ ਉਹ ਦਿੱਲੀ ਤੋਂ ਬਾਹਰ ਹਨ। ਖੜਗੇ ਨੇ ਜਵਾਬੀ ਪੱਤਰ ਵਿਚ ਸੰਸਦ ਤੋਂ ਆਪੋਜ਼ੀਸ਼ਨ ਮੈਂਬਰਾਂ ਦੀ ਸਮੂਹਕ ਮੁਅੱਤਲੀ ਨੂੰ ਲੋਕਾਂ ਦੀ ਆਵਾਜ਼ ਦਬਾਉਣ ਦਾ ਯਤਨ ਦੱਸਦਿਆਂ ਚੇਅਰਪਰਸਨ ਦੀ ਭੂਮਿਕਾ ਤੇ ਨਿਰਪੱਖਤਾ 'ਤੇ ਸਵਾਲ ਖੜ੍ਹੇ ਕੀਤੇ ਹਨ।

ਖੜਗੇ ਨੇ ਆਪਣੇ ਪੱਤਰ 'ਚ ਕਿਹਾ ਹੈ-ਚੇਅਰਪਰਸਨ ਸਦਨ ਦਾ ਸਰਪ੍ਰਸਤ ਹੁੰਦਾ ਹੈ ਤੇ ਉਸ ਨੂੰ ਸਦਨ ਦੀ ਸ਼ਾਨ ਬਣਾਏ ਰੱਖਣ, ਸੰਸਦੀ ਵਿਸ਼ੇਸ਼ਾਧਿਕਾਰਾਂ ਦੀ ਰਾਖੀ ਕਰਨ ਤੇ ਸੰਸਦ ਵਿਚ ਬਹਿਸ ਤੇ ਉੱਤਰ ਦੇ ਮਾਧਿਅਮ ਨਾਲ ਸਰਕਾਰ ਨੂੰ ਜਵਾਬਦੇਹ ਬਣਾਉਣ ਦੇ ਲੋਕਾਂ ਦੇ ਅਧਿਕਾਰ ਦੀ ਰਾਖੀ ਕਰਨ ਵਿਚ ਸਭ ਤੋਂ ਅੱਗੇ ਰਹਿਣਾ ਚਾਹੀਦਾ ਹੈ।

ਖੜਗੇ ਨੇ ਕਿਹਾ ਹੈ-ਹੁਕਮਰਾਨ ਪਾਰਟੀ ਨੇ ਸਾਂਸਦਾਂ ਦੀ ਮੁਅੱਤਲੀ ਨੂੰ ਲੋਕਤੰਤਰ ਨੂੰ ਕਮਜ਼ੋਰ ਕਰਨ, ਸੰਸਦੀ ਪ੍ਰਥਾਵਾਂ ਨੂੰ ਨਸ਼ਟ ਕਰਨ ਤੇ ਸੰਵਿਧਾਨ ਦਾ ਗਲਾ ਘੋਟਣ ਦਾ ਹਥਿਆਰ ਬਣਾਇਆ। ਚੇਅਰਪਰਸਨ ਦਾ ਪੱਤਰ ਬਦਕਿਸਮਤੀ ਨਾਲ ਸੰਸਦ ਪ੍ਰਤੀ ਸਰਕਾਰ ਦੇ ਨਿਰੰਕੁਸ਼ ਤੇ ਹੰਕਾਰੀ ਰਵੱਈਏ ਨੂੰ ਦਰੁਸਤ ਠਹਿਰਾਉਂਦਾ ਹੈ।

ਧਨਖੜ ਦੇ ਪੱਤਰ ਦਾ ਵਿਸਥਾਰ ਵਿਚ ਜਵਾਬ ਦਿੰਦਿਆਂ ਖੜਗੇ ਨੇ ਕਿਹਾ ਹੈ-ਉਨ੍ਹਾ ਨੂੰ ਰਾਜ ਸਭਾ ਦੇ ਚੇਅਰਪਰਸਨ ਦੇ ਰੂਪ 'ਚ ਨਿਰਪੱਖਤਾ ਤੇ ਨਿਰਲੇਪਤਾ ਦੇ ਨਾਲ ਹਾਲਾਤ 'ਤੇ ਚਿੰਤਨ ਦੀ ਲੋੜ ਹੈ। ਆਪੋਜ਼ੀਸ਼ਨ ਦੀ ਆਵਾਜ਼ ਨੂੰ ਦਬਾਉਣ ਲਈ ਮਰਿਆਦਾ ਮਤਿਆਂ ਨੂੰ ਵੀ ਹਥਿਆਰ ਵਜੋਂ ਇਸਤੇਮਾਲ ਕੀਤਾ ਜਾ ਰਿਹਾ ਹੈ। ਸੰਸਦ ਨੂੰ ਜਾਣਬੁੱਝ ਕੇ ਕਮਜ਼ੋਰ ਕੀਤਾ ਗਿਆ ਹੈ। ਧਨਖੜ

• ਬਾਕੀ ਸਫ਼ਾ 2 'ਤੇ

### ਬੈਨਰਜੀ ਨੇ ਧਨਖੜ ਦੀ ਮੁੜ ਨਕਲ ਉਤਾਰੀ



**ਕੋਲਕਾਤਾ :** ਤ੍ਰਿਣਮੂਲ ਕਾਂਗਰਸ ਦੇ ਲੋਕ ਸਭਾ ਮੈਂਬਰ ਕਲਿਆਣ ਬੈਨਰਜੀ ਨੇ ਐਤਵਾਰ ਇਕ ਸਭਾ ਵਿਚ ਉਪ ਰਾਸ਼ਟਰਪਤੀ ਤੇ ਰਾਜ ਸਭਾ ਦੇ ਚੇਅਰਪਰਸਨ ਜਗਦੀਪ ਧਨਖੜ ਦੀ ਮੁੜ ਨਕਲ ਉਤਾਰੀ। ਉਸ ਨੇ ਕਿਹਾ-ਮੈਂ ਮਿਮਿਕਰੀ ਕਰਦਾ ਰਹਾਂਗਾ, ਇਹ ਇਕ ਕਲਾ ਹੈ। ਜੇ ਲੋੜ ਪਈ ਤਾਂ ਮੈਂ ਹਜ਼ਾਰ ਵਾਰ ਕਰਾਂਗਾ। ਮੇਰੇ ਕੋਲ ਆਪਣੇ ਵਿਚਾਰ

• ਬਾਕੀ ਸਫ਼ਾ 2 'ਤੇ

# ਫਾਸ਼ੀਵਾਦੀ ਤਾਕਤਾਂ ਨੂੰ ਹਰਾਉਣਾ ਸਮੇਂ ਦੀ ਅਣਸਰਦੀ ਲੋੜ : ਅਰਸ਼ੀ

**ਮਾਨਸਾ (ਆਤਮਾ ਸਿੰਘ ਪਮਾਰ)**




ਜਮਹੂਰੀਅਤ ਅਤੇ ਸੰਵਿਧਾਨਿਕ ਸੰਸਥਾਵਾਂ ਦੀ ਮਰਿਆਦਾ ਨੂੰ ਭੰਗ ਕਰਕੇ, ਫਿਰਕੂ ਜ਼ਹਿਰ ਫੈਲਾਅ ਕੇ ਤੇ ਭਾਈਚਾਰਕ ਸਾਂਝ ਨੂੰ ਤੋੜ ਕੇ ਫਾਸ਼ੀਵਾਦੀ ਤਾਕਤਾਂ ਵੱਲੋਂ ਸਿਰਫ ਇੱਕੋ ਫਿਰਕੇ ਦਾ ਰਾਜ ਸਥਾਪਤ ਕਰਨ ਦੀਆਂ ਕੋਝੀਆਂ ਚਾਲਾਂ ਚੱਲਣ ਦਾ ਯਤਨ ਕੀਤਾ ਜਾ ਰਿਹਾ ਹੈ, ਜੋ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਢਾਹ ਲਾ ਰਹੀਆਂ ਹਨ। ਇਸ ਦੇ ਖਿਲਾਫ ਮਜ਼ਬੂਤ ਲੋਕ ਚੇਤਨਾ ਦਾ ਹੋਣਾ ਤੇ ਫਿਰਕੂ ਫਾਸ਼ੀਵਾਦੀ ਤਾਕਤਾਂ ਨੂੰ ਹਰਾਉਣਾ ਸਮੇਂ ਦੀ ਅਣਸਰਦੀ ਲੋੜ ਹੈ। ਇਨ੍ਹਾਂ ਸ਼ਬਦਾਂ ਦਾ ਪ੍ਰਗਟਾਵਾ ਸਥਾਨਕ ਤੇਜਾ ਸਿੰਘ ਸੁਤੰਤਰ ਭਵਨ ਵਿਖੇ ਸੀ ਪੀ ਆਈ ਦੇ ਸਥਾਪਨਾ ਦਿਵਸ ਨੂੰ ਸਮਰਪਿਤ ਪ੍ਰਭਾਵਸ਼ਾਲੀ ਸਮਾਗਮ ਨੂੰ ਸੰਬੋਧਨ ਕਰਦਿਆਂ ਸੀ ਪੀ ਆਈ ਦੇ ਕੌਮੀ ਕੌਂਸਲ ਮੈਂਬਰ ਤੇ ਸਾਬਕਾ ਵਿਧਾਇਕ ਹਰਦੇਵ ਸਿੰਘ ਅਰਸ਼ੀ ਨੇ ਕਿਹਾ ਕਿ ਗੈਰ-ਸੰਵਿਧਾਨਕ ਤਰੀਕੇ ਨਾਲ ਦੇਸ਼ ਦੀ ਸੰਸਦ ਨੂੰ ਵਿਰੋਧੀ ਧਿਰ ਮੁਕਤ ਕਰਨ ਲਈ ਵੱਡੀ ਗਿਣਤੀ ਵਿੱਚ ਸਾਂਸਦਾਂ ਨੂੰ ਮੁਅੱਤਲ ਕਰਕੇ ਮੋਦੀ ਹਕੂਮਤ ਨੇ ਤਾਨਾਸ਼ਾਹੀ ਤੇ ਗੈਰ-ਲੋਕਤੰਤਰੀ ਵਤੀਰੇ ਦਾ ਪ੍ਰਗਟਾਵਾ ਕੀਤਾ ਹੈ, ਜੋ ਕਿ ਅਤਿ-ਨਿੰਦਣਯੋਗ ਹੈ। ਇਸ ਮੌਕੇ ਉਹਨਾ ਪਾਰਟੀ ਦਾ ਝੰਡਾ ਲਹਿਰਾਇਆ ਤੇ ਵਰਕਰਾਂ ਨੇ ਇਸ ਸ਼ੁਭ ਦਿਹਾੜੇ ਦੀ ਖੁਸ਼ੀ ਵਿੱਚ ਲੱਡੂ ਵੰਡੇ। ਸੀ ਪੀ ਆਈ ਦੇ ਜ਼ਿਲ੍ਹਾ ਸਕੱਤਰ ਕ੍ਰਿਸ਼ਨ ਚੌਹਾਨ ਤੇ ਏਟਕ ਦੇ ਸੂਬਾਈ ਆਗੂ ਐਡਵੋਕੇਟ ਕੁਲਵਿੰਦਰ ਸਿੰਘ ਉੱਡਤ ਨੇ ਪਾਰਟੀ ਪ੍ਰੋਗਰਾਮ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਦੀ ਅਪੀਲ ਕਰਦਿਆਂ ਕਿਹਾ ਕਿ ਨੌਜਵਾਨ ਵਰਗ ਸਮੇਤ ਸਾਰੇ ਮਿਹਨਤਕਸ਼ ਲੋਕਾਂ ਤੱਕ ਪਹੁੰਚ ਬਣਾਈ ਜਾਵੇ। ਇਸ ਮੌਕੇ ਪਾਰਟੀ ਦੀ ਜ਼ਿਲ੍ਹਾ ਇਕਾਈ ਵੱਲੋਂ ਸ੍ਰੀ ਅਰਸ਼ੀ ਦੀ ਅਗਵਾਈ ਹੇਠ ਨਰੇਸ਼ ਬੁਰਜ ਹਰੀ ਨੂੰ ਸਨਮਾਨਤ ਵੀ ਕੀਤਾ ਗਿਆ।

ਪ੍ਰੋਗਰਾਮ ਨੂੰ ਵੱਖ-ਵੱਖ ਆਗੂਆਂ ਸੀਤਾ ਰਾਮ ਗੋਬਿੰਦਪੁਰਾ, ਦਲਜੀਤ ਮਾਨਸ਼ਾਹੀਆ, ਦੇਵ ਪ੍ਰਕਾਸ਼ ਬੁਢਲਾਡਾ, ਰੂਪ ਸਿੰਘ

• ਬਾਕੀ ਸਫ਼ਾ 2 'ਤੇ

# ਮਨਜੀਤ ਸਿੰਘ ਜੀਕੇ ਦੀ ਘਰ ਵਾਪਸੀ



**ਨਵੀਂ ਦਿੱਲੀ :** ਦਿੱਲੀ ਸਿੱਖ ਗੁਰਦੁਆਰਾ ਮੈਨੇਜਮੈਂਟ ਕਮੇਟੀ ਦੇ ਸਾਬਕਾ ਪ੍ਰਧਾਨ ਅਤੇ ਜਾਗੋ ਪਾਰਟੀ ਦੇ ਸਰਪ੍ਰਸਤ ਮਨਜੀਤ ਸਿੰਘ ਜੀ ਕੇ ਦੀ ਸ਼੍ਰੋਮਣੀ ਅਕਾਲੀ ਦਲ (ਬਾਦਲ) 'ਚ ਵਾਪਸੀ ਹੋ ਗਈ ਹੈ। ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਉਨ੍ਹਾ ਨੂੰ ਪਾਰਟੀ ਵਿਚ ਸ਼ਾਮਲ ਕਰਵਾਇਆ। ਇਸ ਮੌਕੇ ਕਈ ਹੋ ਆਗੂਆਂ ਨੇ ਵੀ ਵਾਪਸੀ ਕੀਤੀ। ਵਾਪਸੀ ਤੋਂ ਪਹਿਲਾਂ ਜੀਕੇ ਨੇ ਕਿਹਾ ਸੀ—ਹਾਲਾਤ ਅਜਿਹੇ ਬਣ ਚੁੱਕੇ ਹਨ ਕਿ ਸਮੇਂ ਦੀਆਂ ਸਰਕਾਰਾਂ ਸਾਡੀ ਗੱਲ ਸੁਣ ਨਹੀਂ ਰਹੀਆਂ, ਜਿਸ ਦੇ ਮੱਦੇਨਜ਼ਰ ਸਾਰੀਆਂ ਪੰਥਕ ਧਿਰਾਂ ਨੂੰ ਇੱਕਜੁਟ ਹੋਣ ਦੀ ਲੋੜ ਹੈ। ਇਸੇ ਕਰਕੇ ਮੈਂ ਘਰ ਵਾਪਸੀ ਦਾ ਫੈਸਲਾ ਲਿਆ ਹੈ। 2019 'ਚ ਜੀਕੇ ਨੂੰ ਭ੍ਰਿਸ਼ਟਾਚਾਰ ਦੇ ਸੰਗੀਨ ਇਲਜ਼ਾਮਾਂ 'ਚ ਘਿਰਨ 'ਤੇ ਅਕਾਲੀ ਦਲ ਨੇ ਕੱਢ ਸੀ, ਜਿਸ ਮਗਰੋਂ ਉਨ੍ਹਾ ਗੁਰਦੁਆਰਾ ਕਮੇਟੀ ਦੀ ਪ੍ਰਧਾਨਗੀ ਤੋਂ ਵੀ ਅਸਤੀਫਾ ਦੇ ਦਿੱਤਾ ਸੀ ਅਤੇ 'ਜਾਗੋ' ਪਾਰਟੀ ਬਣਾ ਲਈ ਸੀ। ਇਸੇ ਦੌਰਾਨ ਸੁਖਬੀਰ ਸਿੰਘ ਬਾਦਲ ਨੇ ਐਲਾਨ ਕੀਤਾ ਕਿ ਸਿੱਖ ਆਬਾਦੀ ਵਾਲੇ ਸਾਰੇ ਰਾਜਾਂ 'ਚ ਪਾਰਟੀ ਇਕਾਈਆਂ ਦਾ ਗਠਨ ਕੀਤਾ ਜਾਵੇਗਾ। ਉਨ੍ਹਾ ਸ੍ਰੀ ਪਟਨਾ ਸਾਹਿਬ ਤੇ ਮੁੰਬਈ ਦੀ ਸਿੱਖ ਸੰਗਤ ਨਾਲ ਪਾਰਟੀ ਦੀ ਦਿੱਲੀ ਇਕਾਈ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਦੀ ਰਿਹਾਇਸ਼ 'ਤੇ ਹੋਈ ਮੀਟਿੰਗ ਮਗਰੋਂ ਕਿਹਾ ਕਿ 30 ਦਸੰਬਰ ਨੂੰ ਇਸ ਉਦੇਸ਼ ਨਾਲ ਅਕਾਲੀ ਦਲ ਦੀ ਟੀਮ ਸ੍ਰੀ ਪਟਨਾ ਸਾਹਿਬ ਜਾਵੇਗੀ ਅਤੇ ਉਥੇ ਸਥਾਨਕ ਸਿੱਖ ਸੰਗਤ ਨਾਲ ਮੀਟਿੰਗਾਂ ਕਰਕੇ ਇਕਾਈ ਸਥਾਪਤ ਕਰਨ ਵਾਸਤੇ ਲੋੜੀਂਦੇ ਸਾਰੇ ਪ੍ਰਬੰਧ ਕਰੇਗੀ।

## ਪੇ ਟੀ ਐੱਮ ਵੱਲੋਂ ਹਜ਼ਾਰ ਤੋਂ ਵੱਧ ਮੁਲਾਜ਼ਮਾਂ ਦੀ ਛਾਂਟੀ

**ਨਵੀਂ ਦਿੱਲੀ :** ਨਵਾਂ ਸਾਲ ਸ਼ੁਰੂ ਹੋਣ ਤੋਂ ਪਹਿਲਾਂ ਪੇ ਟੀ ਐੱਮ ਦੀ ਮੂਲ ਕੰਪਨੀ ਵਨ-97 ਕਮਿਊਨੀਕੇਸ਼ਨਜ਼ ਨੇ 1000 ਤੋਂ ਵੱਧ ਮੁਲਾਜ਼ਮਾਂ ਨੂੰ ਕੱਢ ਦਿੱਤਾ ਹੈ।

ਪੀਟੀਐੱਮ ਵੱਖ-ਵੱਖ ਕਾਰੋਬਾਰਾਂ ਨੂੰ ਮੁੜ ਸੰਗਠਤ ਕਰਨ ਦੀ ਪ੍ਰਕਿਰਿਆ 'ਚ ਹੈ ਅਤੇ ਇਸ ਤਰ੍ਹਾਂ ਕੰਪਨੀ ਨੇ ਲਾਗਤ ਨੂੰ ਘਟਾਉਣ ਲਈ ਵੱਡੀ ਛਾਂਟੀ ਕੀਤੀ ਹੈ। ਇਸ ਛਾਂਟੀ ਕਾਰਨ ਉਸ ਦੇ ਕੁੱਲ ਮੁਲਾਜ਼ਮਾਂ ਦੇ 10 ਫੀਸਦੀ ਪ੍ਰਭਾਵਤ ਹੋਣਗੇ। ਛਾਂਟੀ ਤੋਂ ਇਲਾਵਾ ਕੰਪਨੀ ਨੇ ਸਮਾਲ ਟਿਕਟ ਕੰਜ਼ਿਊਮਰ ਲੈਂਡਿੰਗ ਅਤੇ ਬਾਇ ਨਾਓ ਪੇਅ ਲੇਟਰ ਵਰਗੀਆਂ ਸੇਵਾਵਾਂ ਨੂੰ ਬੰਦ ਕਰਨ ਦਾ ਫੈਸਲਾ ਕੀਤਾ ਹੈ।

## ਬਾਈਕ ਸਵਾਰ ਤਿੰਨ ਨੌਜਵਾਨਾਂ ਦੀ ਟਰੱਕ ਨਾਲ ਟੱਕਰ 'ਚ ਮੌਤ

**ਪਟਿਆਲਾ :** ਇੱਥੋਂ ਕੁਝ ਦੂਰ ਸਮਾਣਾ ਰੋਡ 'ਤੇ ਪਿੰਡ ਢੈਂਠਲ ਕੋਲ ਐਤਵਾਰ ਰਾਤ ਸੜਕ ਹਾਦਸੇ ਕਾਰਨ ਮੋਟਰਸਾਈਕਲ ਸਵਾਰ ਸਰਕਾਰੀ ਮਹਿੰਦਰਾ ਕਾਲਜ ਪਟਿਆਲਾ ਦੇ ਦੋ ਵਿਦਿਆਰਥੀਆਂ ਸਮੇਤ ਤਿੰਨ ਨੌਜਵਾਨਾਂ ਦੀ ਮੌਤ ਹੋ ਗਈ, ਜਦਕਿ ਉਨ੍ਹਾਂ ਦਾ ਇੱਕ ਸਾਥੀ ਜ਼ਖਮੀ ਹੋ ਗਿਆ। ਦੋ ਮੁੰਡੇ ਮਾਪਿਆਂ ਦੇ ਇਕਲੌਤੇ ਪੁੱਤਰ ਸਨ। ਮ੍ਰਿਤਕਾਂ ਦੀ ਪਛਾਣ ਜਸਪ੍ਰੀਤ ਸਿੰਘ (18) ਪੁੱਤਰ ਬਲਵੰਤ ਸਿੰਘ ਤੇ ਸੁਖਚੈਨ ਸਿੰਘ (29) ਪੁੱਤਰ ਅਜੈਬ ਸਿੰਘ ਵਾਸੀਆਨ ਪਿੰਡ ਕਲਹਿਣਾ (ਨਾਭਾ) ਅਤੇ ਦਿਲਪ੍ਰੀਤ ਸਿੰਘ (18) ਪੁੱਤਰ ਚਰਨਜੀਤ ਸਿੰਘ ਵਾਸੀ ਪਿੰਡ ਮੈਹਸ (ਨਾਭਾ) ਵਜੋਂ ਹੋਈ। ਜ਼ਖਮੀ ਨਰਿੰਦਰ ਸਿੰਘ ਪੁੱਤਰ ਕਰਨੈਲ ਸਿੰਘ ਕੁਲਾਰਾਂ ਪਿੰਡ ਦਾ ਰਹਿਣ ਵਾਲਾ ਹੈ, ਜਿਸ ਨੂੰ ਸਰਕਾਰੀ ਰਜਿੰਦਰਾ ਹਸਪਤਾਲ ਪਟਿਆਲਾ ਵਿਖੇ ਦਾਖਲ ਕਰਵਾਇਆ ਗਿਆ ਹੈ। ਨਰਿੰਦਰ ਸਿੰਘ ਦੇ ਬਿਆਨ ਦਰਜ ਕਰਨ ਉਪਰੰਤ ਏ ਐੱਸ ਆਈ ਨਿਰਮਲ ਸਿੰਘ ਨੇ ਦੱਸਿਆ ਕਿ ਉਹ ਪਟਿਆਲਾ ਦੀ ਤਰਫੋਂ ਜਾ ਰਹੇ ਸਨ ਤੇ ਟਰੱਕ ਸਮਾਣਾ ਵੱਲੋਂ ਆ ਰਿਹਾ ਸੀ। ਟਰੱਕ ਡਰਾਈਵਰ ਸਰਦੂਲ ਸਿੰਘ ਵਾਸੀ ਧਨੇਠਾ ਖਿਲਾਫ ਕੇਸ ਦਰਜ ਕਰ ਲਿਆ ਗਿਆ ਹੈ।

## ਬਹਿਰੀਨ ਤੋਂ ਪਰਤਿਆ ਰੇਪ ਦਾ ਮੁਲਜ਼ਮ ਹਿਰਾਸਤ 'ਚੋਂ ਫਰਾਰ

**ਨਵੀਂ ਦਿੱਲੀ :** ਇੰਦਰਾ ਗਾਂਧੀ ਕੌਮਾਂਤਰੀ ਹਵਾਈ ਅੱਡੇ 'ਤੇ ਸੀ ਆਈ ਐੱਸ ਐੱਫ ਦੇ ਜਵਾਨਾਂ ਦੀ ਹਿਰਾਸਤ ਵਿੱਚੋਂ ਬਲਾਤਕਾਰ ਦਾ ਮੁਲਜ਼ਮ ਫਰਾਰ ਹੋ ਗਿਆ।

ਇਹ ਘਟਨਾ 20 ਦਸੰਬਰ ਦੀ ਹੈ। ਖੰਨਾ ਪੁਲਸ ਨੇ 7 ਅਪਰੈਲ 2020 ਨੂੰ ਬਲਾਤਕਾਰ ਦੇ ਮੁਲਜ਼ਮ ਅਮਨਦੀਪ ਸਿੰਘ ਵਾਸੀ ਫਤਿਹਗੜ੍ਹ ਸਾਹਿਬ ਖਿਲਾਫ ਲੁਕਆਊਟ ਸਰਕੂਲਰ ਕਢਾਇਆ ਸੀ। ਦਿੱਲੀ ਪੁਲਸ ਨੇ ਕਿਹਾ ਕਿ ਅਮਨਦੀਪ ਨੂੰ ਬਹਿਰੀਨ ਤੋਂ ਆਉਣ 'ਤੇ ਹਵਾਈ ਅੱਡੇ 'ਤੇ ਸੀ ਆਈ ਐੱਸ ਐੱਫ ਦੇ ਜਵਾਨਾਂ ਨੇ ਹਿਰਾਸਤ 'ਚ ਲਿਆ ਸੀ। ਇਸ ਤੋਂ ਬਾਅਦ ਉਹ ਵਾਸ਼ਰੂਮ ਗਿਆ ਤੇ ਉਥੋਂ ਫਰਾਰ ਹੋਣ 'ਚ ਕਾਮਯਾਬ ਰਿਹਾ।



## ਗੁੰਮ ਹੋਏ ਮੋਬਾਇਲ ਫੋਨ ਟਰੇਸ ਕਰਕੇ ਅਸਲੀ ਮਾਲਕਾਂ ਹਵਾਲੇ ਕੀਤੇ



**ਸਮਾਣਾ (ਇਕਬਾਲ ਸਿੰਘ ਬੱਲ, ਗੁਰਪਿਆਰ ਸਿੰਘ ਬੱਲ)**-ਸ੍ਰੀ ਸੌਰਵ ਜਿੰਦਲ, ਐਸ.ਪੀ ਉਪਰੇਸਨਜ, ਜ਼ਿਲ੍ਹਾ ਪਟਿਆਲਾ ਨੇ ਪ੍ਰੈਸ ਕਾਨਫਰੰਸ ਦੌਰਾਨ ਦੱਸਿਆ ਕਿ ਜਿਸ ਤਰ੍ਹਾਂ ਅੱਜ-ਕੱਲ੍ਹ ਦੀ ਰੁਝੇਵਿਆਂ ਨਾਲ ਭਰੀ ਜ਼ਿੰਦਗੀ ਵਿੱਚ ਹਰ ਵਿਅਕਤੀ ਕਿਸੇ ਨਾ ਕਿਸੇ ਤਰ੍ਹਾ ਦੇ ਤਣਾਅ ਦੇ ਮਾਹੌਲ ਦੇ ਵਿੱਚ ਹੈ, ਇਸ ਤਣਾਅ ਵਿੱਚ ਕਦੇ ਕਿਸੇ ਦਾ ਮੋਬਾਇਲ ਬੱਸ ਵਿੱਚ ਰਹਿ ਜਾਂਦਾ ਹੈ, ਕਦੇ ਰਸਤੇ ਵਿੱਚ ਡਿੱਗ ਜਾਂਦਾ ਹੈ, ਕਦੇ ਵਿਅਕਤੀ ਆਪਣਾ ਮੋਬਾਇਲ ਕਿਧਰੇ ਰੱਖ ਕੇ ਭੁੱਲ ਜਾਂਦਾ ਹੈ। ਇਨ੍ਹਾਂ ਅਣਗਿਹਲੀਆਂ ਦੇ ਚੱਲਦਿਆਂ ਮੋਬਾਇਲ ਫੋਨ ਗੁੰਮ ਹੋ ਜਾਦੇ ਹਨ ਤਾਂ ਪਟਿਆਲਾ ਪੁਲਸ ਆਪ ਸਭ ਦੀ ਸੇਵਾ ਅਤੇ ਸੁਰੱਖਿਆ ਲਈ ਹਮੇਸ਼ਾ ਵਚਨਬੱਧ ਹੈ। ਪਟਿਆਲਾ ਪੁਲਿਸ ਦਾ ਸਾਈਬਰ ਸੈੱਲ ਆਪ ਸਭ ਦੀ ਮਿਹਨਤ ਦੀ ਕਮਾਈ ਦੀ ਕਦਰ ਕਰਦਾ ਹੈ ਤੇ ਉਸ ਕਮਾਈ ਨਾਲ ਖਰੀਦੇ ਮੋਬਾਇਲ ਫੋਨ ਜਦੋਂ ਗੁੰਮ ਹੋ ਜਾਂਦੇ ਹਨ ਤਾਂ ਉਨ੍ਹਾਂ ਮੋਬਾਇਲ ਫੋਨਾਂ ਨੂੰ ਟਰੇਸ ਕਰਨ ਦੀ ਤਨਦੇਹੀ ਨਾਲ ਕੋਸ਼ਿਸ਼ ਕਰਦਾ ਹੈ।

## ਅਕਾਲ ਅਕੈਡਮੀ ਮਨਾਲ ਵਿਖੇ ਗੁਰਮਤਿ ਸਮਾਗਮ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਅਕਾਲ ਅਕੈਡਮੀ ਮਨਾਲ ਵਿਖੇ ਸਾਕਾ ਚਮਕੌਰ ਦੀ ਗੜੀ ਤੇ ਸਾਕਾ ਸਰਹੰਦ ਦੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਤ ਗੁਰਮਤਿ ਸਮਾਗਮ ਕਰਵਾਇਆ ਗਿਆ, ਜਿਸ ਵਿੱਚ ਬੱਚਿਆਂ ਵੱਲੋਂ ਸ਼ਬਦ ਗਾਇਨ, ਕਵਿਤਾ, ਕਵੀਸ਼ਰੀ, ਧਾਰਮਿਕ ਗੀਤ ਤੇ ਭਾਸ਼ਣ ਦਿੱਤੇ ਗਏ। ਇਸ ਪ੍ਰੋਗਰਾਮ ਵਿੱਚ ਵਿਦਿਆਰਥੀਆਂ ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਸਾਰੇ ਪਰਿਵਾਰ ਵੱਡੇ ਸਾਹਿਬਜ਼ਾਦਿਆਂ ਤੇ ਛੋਟੇ ਸਾਹਿਬਜ਼ਾਦਿਆਂ ਅਤੇ ਮਾਤਾ ਗੁਜਰੀ ਜੀ ਦੇ ਜੀਵਨ ਬਲਿਦਾਨ ਬਾਰੇ ਜਾਣੂ ਕਰਵਾਇਆ। ਉਨਾਂ ਦੀ ਲਾਸਾਨੀ ਕੁਰਬਾਨੀ ਦੀ ਮਹੱਤਤਾ ਨੂੰ ਬੱਚਿਆਂ ਨਾਲ ਸਾਂਝਾ ਕੀਤਾ ਗਿਆ। ਪ੍ਰਿੰਸੀਪਲ ਮੈਡਮ ਅਰਸ਼ਪ੍ਰੀਤ ਕੌਰ ਨੇ ਸਾਹਿਬਜ਼ਾਦਿਆਂ ਦੇ ਜੀਵਨ ਨਾਲ ਸਬੰਧਤ ਵਿਚਾਰਾਂ ਸਾਂਝੀਆਂ ਕੀਤੀਆਂ ਤੇ ਅੰਤ ਵਿੱਚ ਬੱਚਿਆਂ ਨੂੰ ਇਨ੍ਹਾਂ ਦਿਨਾਂ ਵਿੱਚ ਵੱਧ ਤੋਂ ਵੱਧ ਪਾਠ, ਸਿਮਰਨ ਕਰਨ ਲਈ ਪ੍ਰੇਰਿਤ ਕੀਤਾ ਗਿਆ।

## ਮਾਤਾ ਗੁਜਰੀ ਭਲਾਈ ਕੇਂਦਰ ਨੇ ਸਕੂਲਾਂ 'ਚ ਬੂਟ-ਕੋਟੀਆਂ ਵੰਡੀਆਂ



**ਬੁਢਲਾਡਾ (ਅਸ਼ੋਕ ਲਾਕੜਾ)**-ਸਥਾਨਕ ਸਮਾਜ ਸੇਵੀ ਸੰਸਥਾ ਮਾਤਾ ਗੁਜਰੀ ਜੀ ਭਲਾਈ ਕੇਂਦਰ ਵੱਲੋਂ ਪਿਛਲਾ ਸਾਰਾ ਹਫਤਾ ਵੱਖੋ ਵੱਖ ਸਕੂਲਾਂ ਵਿੱਚ ਜਾ ਕੇ ਲੋੜਵੰਦ ਬੱਚਿਆਂ ਨੂੰ ਬੂਟ, ਕੋਟੀਆਂ, ਜੁਰਾਬਾਂ, ਵਰਦੀ ਆਦਿ ਵੰਡੀ ਗਈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਸੰਸਥਾ ਆਗੂ ਮਾਸਟਰ ਕੁਲਵੰਤ ਸਿੰਘ ਨੇ ਦੱਸਿਆ ਕਿ ਛੋਟੇ ਬੱਚਿਆਂ ਨੂੰ ਤਾਂ ਸਰਕਾਰ ਇਹ ਦੇ ਦਿੰਦੀ, ਪਰ ਵੱਡੀਆਂ ਕਲਾਸਾਂ ਦੇ ਗਰੀਬ ਬੱਚੇ ਰਹਿ ਜਾਂਦੇ ਹਨ। ਇਸੇ ਲਈ ਸੰਸਥਾ ਵੱਲੋਂ ਪਿਛਲੇ ਸਾਰਾ ਹਫਤਾ ਸਰਕਾਰੀ ਸੈਕੰਡਰੀ ਸਕੂਲ ਲੜਕੇ ਤੇ ਲੜਕੀਆਂ ਬੁਢਲਾਡਾ, ਸਰਕਾਰੀ ਸੈਕੰਡਰੀ ਸਕੂਲ ਦਾਤੇਵਾਸ, ਆਦਰਸ਼ ਮਾਡਲ ਸਕੂਲ ਬੁਢਲਾਡਾ, ਸਰਕਾਰੀ ਆਦਰਸ਼ ਸਕੂਲ ਤੇ ਸਰਕਾਰੀ ਪ੍ਰਾਇਮਰੀ ਸਕੂਲ ਦਾਤੇਵਾਸ ਵਿੱਚ ਰਹਿੰਦੇ ਲਗਭਗ 200 ਲੋੜਵੰਦ ਬੱਚਿਆਂ ਨੂੰ ਬੂਟ, ਕੋਟੀਆਂ, ਜੁਰਾਬਾਂ, ਵਰਦੀ ਆਦਿ ਵੰਡੀ ਗਈ ਤਾਂ ਜੋ ਉਹ ਬੱਚੇ ਔਖੇ ਨਾ ਹੋਣ ਅਤੇ ਸਕੂਲ ਆ ਕੇ ਆਪਣੀ ਪੜ੍ਹਾਈ ਕਰ ਸਕਣ। ਸਾਰੇ ਸਕੂਲਾਂ ਦੇ ਸਟਾਫ ਨੇ ਇਸ ਭਲਾਈ ਕਾਰਜ ਦੀ ਸ਼ਲਾਘਾ ਕੀਤੀ।

## ਲੋਕ ਸੱਭਿਆਚਾਰਕ ਮੰਚ ਨੇ ਸ਼ਹੀਦ ਊਧਮ ਸਿੰਘ ਦਾ ਜਨਮ ਦਿਨ ਮਨਾਇਆ



**ਦਿੜ੍ਹਬਾ (ਜਸਵੀਰ ਲਾਡੀ)**-ਇੱਥੋਂ ਥੋੜ੍ਹੀ ਦੂਰ ਪਿੰਡ ਛਾਜਲੀ ਵਿਖੇ ਲੋਕ ਸੱਭਿਆਚਾਰਕ ਮੰਚ ਛਾਜਲੀ ਵੱਲੋਂ ਸ਼ਹੀਦ ਉਧਮ ਸਿੰਘ ਦਾ ਜਨਮ ਦਿਨ ਮਨਾਇਆ ਗਿਆ, ਜਿਸ ਵਿੱਚ ਪੰਜਾਬ ਦੇ ਇਨਕਲਾਬੀ ਕਵੀ ਤੇ ਗਾਇਕ ਜੁਗਰਾਜ ਧੌਲਾ, ਨਵਦੀਪ ਦੀਪੀ ਧੌਲਾ, ਤਾਰਾ ਸਿੰਘ ਛਾਜਲੀ ਤੇ ਜਸਵੀਰ ਲਾਡੀ ਨੇ ਗੀਤ ਪੇਸ਼ ਕੀਤੇ। ਸੁਰਜੀਤ ਦੌਧਰ ਨੇ ਮੌਜੂਦਾ ਹਾਲਾਤ ਤੇ ਤਰਕਸ਼ੀਲ ਵਿਚਾਰਾਂ ਰਾਹੀਂ ਲੋਕਾਂ ਨੂੰ ਵਹਿਮਾਂ ਭਰਮਾਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਤੇ ਨਾਲ ਸ਼ਹੀਦ ਉਧਮ ਸਿੰਘ ਅਤੇ ਸਿੱਖ ਗੁਰੂਆਂ ਦੇ ਤਰਕਸ਼ੀਲ ਵਿਚਾਰਾ ਬਾਰੇ ਵੀ ਜਾਣਕਾਰੀ ਦਿੱਤੀ। ਇਸ ਤੋਂ ਬਿਨਾਂ ਭੋਲਾ ਸਿੰਘ, ਅਮਰੀਕ ਸਿੰਘ ਕਵੀਸ਼ਰ, ਕਰਮ ਸਿੰਘ ਸੱਤ ਤੇ ਮਹਿੰਦਰ ਸਿੰਘ ਨੇ ਗੀਤ, ਕਵਿਤਾਵਾਂ ਪੇਸ਼ ਕੀਤੀਆਂ। ਇਸ ਮੌਕੇ ਸ਼ੇਰ ਸਿੰਘ ਪ੍ਰਧਾਨ ਲੋਕ ਸੱਭਿਆਚਾਰਕ ਮੰਚ ਛਾਜਲੀ, ਕਰਨੈਲ ਸਿੰਘ, ਮਾਸਟਰ ਜਸਵਿੰਦਰ ਸਿੰਘ, ਮਾਸਟਰ ਪ੍ਰੇਮ ਸਰੂਪ, ਛੱਜੂ ਸਿੰਘ, ਸੁਭਾਸ਼ ਕੁਮਾਰ ਆਦਿ ਹਾਜ਼ਰ ਸਨ।

## ਨਗਰ ਸੁਧਾਰ ਟਰੱਸਟ 'ਚ ਸਫ਼ਾਈ ਸੇਵਕ ਜਥੇਬੰਦੀ ਦੀ ਹੋਈ ਚੋਣ



**ਬਰਨਾਲਾ (ਰਾਜਿੰਦਰ ਬਰਾੜ)**-ਨਗਰ ਸੁਧਾਰ ਟਰੱਸਟ ਦੀਆਂ ਵੱਖ-ਵੱਖ ਕਲੋਨੀਆਂ ਵਿੱਚ ਕੰਮ ਕਰਦੇ ਸਫ਼ਾਈ ਸੇਵਕਾਂ ਦੀ ਜਥੇਬੰਦੀ ਦੀ ਚੋਣ ਨਗਰ ਸੁਧਾਰ ਟਰੱਸਟ ਦੇ ਦਫ਼ਤਰ ਵਿਖੇ ਸੀਨੀਅਰ ਮੀਤ ਪ੍ਰਧਾਨ ਸੰਦੀਪ ਬਾਲੀ ਪੰਜਾਬ ਦੀ ਅਗਵਾਈ ਵਿੱਚ ਕੀਤੀ ਗਈ, ਜਿਨ੍ਹਾਂ ਵੱਲੋਂ ਵੱਖ-ਵੱਖ ਅਹੁਦਿਆਂ ਦੀ ਚੋਣ ਕਰਾ ਕੇ ਲਿਸਟ ਜਾਰੀ ਕੀਤੀ ਗਈ। ਜਥੇਬੰਦੀ ਦੇ ਪ੍ਰੈਸ ਸਕੱਤਰ ਅਜੈ ਕੁਮਾਰ ਨੇ ਦੱਸਿਆ ਕਿ ਗੌਰਵ ਘੋਗਲੀਆ ਨੂੰ ਪ੍ਰਧਾਨ ਰਾਕੇਸ਼ ਚਾਵਰੀਆ, ਸਰਪ੍ਰਸਤ ਅਕਸ਼ੇ ਸਾਰਵਾਣ, ਸੀਨੀਅਰ ਮੀਤ ਪ੍ਰਧਾਨ ਸੰਨੀ ਕਾਂਗੜਾ, ਮੀਤ ਪ੍ਰਧਾਨ ਰਕੇਸ਼ ਟਾਂਕ, ਚੇਅਰਮੈਨ ਗਗਨ ਘੋਰੀ, ਜਨਰਲ ਸਕੱਤਰ ਅਜੈ ਗੋਡੇਆਲ, ਖ਼ਜ਼ਾਨਚੀ ਅਕਾਸ਼ ਭੁਰਟੀਆ, ਮੈਂਬਰ ਰਾਮ, ਕਾਸ਼ੀ, ਬੀਨਾ, ਪਿੰਕੀ, ਸਰੋਜ ਤੇ ਵਿੱਕੀ ਰਾਣੀ ਚੁਣੇ ਗਏ।

## ਬੀਬਾ ਜੈਇੰਦਰ ਕੌਰ ਤੇ ਦੀਦਾਰ ਸਿੰਘ ਭੱਟੀ ਗੁਰੂ ਘਰ ਹੋਏ ਨਤਮਸਤਕ




**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਬੀਬਾ ਜੈਇੰਦਰ ਕੌਰ ਭਾਜਪਾ ਦੇ ਜ਼ਿਲ੍ਹਾ ਪ੍ਰਧਾਨ ਦੀਦਾਰ ਸਿੰਘ ਭੱਟੀ ਨੂੰ ਨਾਲ ਲੈ ਕੇ ਗੁਰਦੁਆਰਾ ਸ੍ਰੀ ਫ਼ਤਿਹਗੜ੍ਹ ਸਾਹਿਬ ਵਿਖੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚੇ। ਇਸ ਮੌਕੇ ਉਨ੍ਹਾਂ ਨਾਲ ਭਾਜਪਾ ਦੇ ਜਨਰਲ ਸਕੱਤਰ ਹਰੀਸ਼ ਅਗਰਵਾਲ, ਸਾਬਕਾ ਮੰਤਰੀ ਡਾ. ਹਰਬੰਸ ਲਾਲ, ਕੁਲਦੀਪ ਸਿੰਘ ਸਿੱਧੂਪੁਰ, ਗੁਰਬਖ਼ਸ਼ ਸਿੰਘ ਬਖ਼ਸ਼ੀ, ਅਜਾਇਬ ਸਿੰਘ ਜਖਵਾਲੀ, ਕੁਲਦੀਪ ਸਹੋਤਾ, ਸੰਦੀਪ ਗਾਬਾ, ਪਰਵਿੰਦਰ ਸਿੰਘ ਦਿਓਲ ਤੇ ਪਾਰਟੀ ਦੇ ਹੋਰ ਕਈ ਅਹੁਦੇਦਾਰ ਅਤੇ ਵਰਕਰ ਵੀ ਮੌਜੂਦ ਸਨ।

## ਸ਼ਹੀਦੀ ਦਿਵਸ ਮੌਕੇ ਦੁੱਧ ਤੇ ਗਰਮ ਕੱਪੜਿਆਂ ਦਾ ਲਾਇਆ ਲੰਗਰ



**ਭੀਖੀ (ਧਰਮਵੀਰ ਸ਼ਰਮਾ)**-ਮਾਡਰਨ ਸੈਕੂਲਰ ਪਬਲਿਕ ਸਕੂਲ ਤੇ ਮਾਡਰਨ ਕਾਲਜ ਆਫ ਐਜੂਕੇਸ਼ਨ ਭੀਖੀ ਦੇ ਸਮੂਹ ਸਟਾਫ ਤੇ ਵਿਦਿਆਰਥੀਆਂ ਵੱਲੋਂ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਵਸ ਨੂੰ ਸਮਰਪਤ ਸਕੂਲ ਅੱਗੇ ਗਰਮ ਕੱਪੜਿਆਂ ਤੇ ਦੁੱਧ ਦਾ ਲੰਗਰ ਲਗਾਇਆ ਗਿਆ, ਜੋ ਕਿ ਸਾਰਿਆਂ ਲਈ ਖੁੱਲ੍ਹਾ ਸੀ। ਸੰਸਥਾ ਦੇ ਡਾਇਰੈਕਟਰ ਤੇ ਪੰਜਾਬ ਦੇ ਸਕੂਲਾਂ ਦੀ ਫੈਡਰੇਸ਼ਨ ਦੇ ਪ੍ਰਧਾਨ ਡਾ. ਜਗਜੀਤ ਸਿੰਘ ਧੂਰੀ ਦਾ ਕਹਿਣਾ ਹੈ ਕਿ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਦਿਨ ਉਨ੍ਹਾਂ ਦੀ ਲਾਸਾਨੀ ਕੁਰਬਾਨੀ ਨੂੰ ਯਾਦ ਕਰਦਿਆਂ ਮਨਾਉਣਾ ਚਾਹੀਦਾ ਹੈ। ਇਹ ਇੱਕ ਅਜਿਹੀ ਘਟਨਾ ਸੀ, ਜਦੋਂ ਬਹੁਤ ਹੀ ਛੋਟੀ ਉਮਰ ਦੇ ਸਾਹਿਬਜ਼ਾਦਿਆਂ 'ਤੇ ਜ਼ੁਲਮ ਕੀਤਾ ਗਿਆ ਸੀ, ਪ੍ਰੰਤੂ ਉਹ ਅਡੋਲ ਰਹੇ। ਸਕੂਲ ਦੇ ਪ੍ਰਿੰਸੀਪਲ ਮੈਡਮ ਸੰਦੀਪ ਕੌਰ ਨੇ ਦੱਸਿਆ ਕਿ ਇਸ ਕੜਕਦੀ ਠੰਢ ਵਿੱਚ ਬਹੁਤ ਬੱਚੇ ਤੇ ਬਜ਼ੁਰਗ ਅਜਿਹੇ ਹਨ, ਜਿਨ੍ਹਾਂ ਨੂੰ ਠੰਢ ਤੋਂ ਬਚਣ ਲਈ ਇਨ੍ਹਾਂ ਕੱਪੜਿਆਂ ਦੀ ਜ਼ਰੂਰਤ ਹੈ, ਜਿਸ ਦਾ ਲੰਗਰ ਲਗਾਇਆ ਗਿਆ ਹੈ, ਜਿਸ ਨੂੰ ਮੁੱਖ ਰੱਖਦੇ ਹੋਏ ਤੇ ਮੋਤੀ ਰਾਮ ਮਹਿਰਾ ਦੀ ਯਾਦ ਵਿੱਚ ਦੁੱਧ ਦਾ ਲੰਗਰ ਲਗਾਇਆ ਗਿਆ। ਇਸ ਮੌਕੇ ਸਕੂਲ ਦੇ ਸਮੂਹ ਅਧਿਆਪਕਾਂ ਤੇ ਵਿਦਿਆਰਥੀਆਂ ਨੇ ਇਸ ਲੰਗਰ ਵਿੱਚ ਸੇਵਾ ਕਰਕੇ ਬਹੁਤ ਸਾਰੇ ਲੋਕਾਂ ਤੋਂ ਅਸੀਸਾਂ ਪ੍ਰਾਪਤ ਕੀਤੀਆਂ।

## 'ਗੁਰਸੇਵਕ ਗੁਲਜ਼ਾਰਾਂ' ਦਾ ਲੋਕ ਅਰਪਣ 31 ਨੂੰ



**ਸਮਰਾਲਾ (ਸੁਰਜੀਤ ਸਿੰਘ)**-ਸ੍ਰੀ ਭੈਣੀ ਸਾਹਿਬ ਦੀ ਮਸ਼ਹੂਰ ਸ਼ਖ਼ਸੀਅਤ, ਲੇਖਕ ਅਤੇ ਪ੍ਰਸਿੱਧ ਕਵੀਸ਼ਰ ਗੁਰਸੇਵਕ ਸਿੰਘ ਢਿੱਲੋਂ ਵੱਲੋਂ ਰਚਿਤ ਪੁਸਤਕ 'ਗੁਰਸੇਵਕ ਗੁਲਜ਼ਾਰਾਂ' (ਕਵੀਸ਼ਰ ਪ੍ਰਸੰਗ) 31 ਨੂੰ ਪਿੰਡ ਭੈਣੀ ਸਾਹਿਬ ਦੇ ਨਿਊ ਹਾਲ ਲਾਟੋਂ ਰੋਡ 'ਤੇ ਉੱਘੇ ਲੇਖਕਾਂ ਅਤੇ ਕਵੀਸ਼ਰਾਂ ਦੀ ਹਾਜ਼ਰੀ ਵਿੱਚ ਲੋਕ ਅਰਪਣ ਕੀਤਾ ਜਾਵੇਗਾ। ਇਸ ਮੌਕੇ ਵਿਸ਼ੇਸ਼ ਮਹਿਮਾਨ ਦਰਸ਼ਨ ਬੁੱਟਰ, ਸਵਰਨ ਸਿੰਘ ਵਿਰਕ, ਸੂਬਾ ਬਲਵਿੰਦਰ ਸਿੰਘ, ਡਾ. ਗੁਲਜ਼ਾਰ ਪੰਧੇਰ, ਬਾਪੂ ਬਲਕੌਰ ਸਿੰਘ, ਕਹਾਣੀਕਾਰ ਸੁਰਿੰਦਰ ਰਾਮਪੁਰੀ, ਕਹਾਣੀਕਾਰ ਗੁਰਦਿਆਲ ਦਲਾਲ, ਲੇਖਿਕਾ ਬਲਜਿੰਦਰ ਕੌਰ ਕਲਸੀ, ਜਸਵਿੰਦਰ ਸਿੰਘ ਜੱਸ ਤੇ ਯੁਵਰਾਜ ਸਿੰਘ ਹੋਣਗੇ ਅਤੇ ਪ੍ਰਧਾਨਗੀ ਡਾ. ਹਰਪਾਲ ਸਿੰਘ ਪੰਨੂ ਦੀ ਹੋਵੇਗੀ। ਇਸ ਸਮਾਰੋਹ ਵਿੱਚ ਪੰਜਾਬੀ ਸਾਹਿਤ ਸਭਾ ਸ੍ਰੀ ਭੈਣੀ ਸਾਹਿਬ ਤੇ ਕੇਂਦਰੀ ਪੰਜਾਬੀ ਲੇਖਕ ਸਭਾ ਦਾ ਵਿਸ਼ੇਸ਼ ਸਹਿਯੋਗ ਰਹੇਗਾ। ਇਸ ਮੌਕੇ ਪਹੁੰਚੇ ਲੇਖਕ ਪੁਸਤਕ ਵਿਚਲੀ ਰਚਨਾਵਾਂ ਤੇ ਆਪੋ ਆਪਣੇ ਵਿਚਾਰ ਪੇਸ਼ ਕਰਨਗੇ। ਹੋਰਨਾਂ ਤੋਂ ਇਲਾਵਾ ਇਸ ਮੌਕੇ ਸਾਹਿਤਕਾਰ ਮੰਡਲ ਵਿਚ ਗੀਤਕਾਰ ਜਸਵੀਰ ਝੱਜ, ਅਨਿਲ ਫ਼ਤਿਹਗੜ੍ਹ ਜੱਟਾਂ, ਕਹਾਣੀਕਾਰ ਤੇਲੂ ਰਾਮ ਕੋਹਾੜਾ, ਗੀਤਕਾਰ ਕਰਨੈਲ ਸਿਵੀਆ, ਜਗਜੀਤ ਗੁਰਮ, ਨੇਤਰ ਸਿੰਘ ਮੁੱਤਿਓਂ, ਸੁਰਿੰਦਰ ਕੌਰ ਬਾੜਾ, ਜਤਿੰਦਰ ਕੌਰ ਸੰਧੂ, ਬਲਬੀਰ ਸਿੰਘ ਬੱਬੀ, ਟੀ. ਲੋਚਨ, ਲਖਵੀਰ ਲੱਭਾ ਤੇ ਸੁਖਵੀਰ ਸਿੰਘ ਮੁਹਾਲੀ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕਰਨਗੇ।

## ਕਾਮਰੇਡ ਸੁਰਿੰਦਰ ਸਿੰਘ ਜਲਾਲਦੀਵਾਲ ਨੂੰ ਸਦਮਾ, ਭੈਣ ਦਾ ਦਿਹਾਂਤ

**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**



ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਦੇ ਟਰੱਸਟੀ ਉੱਘੇ ਕਮਿਊਨਿਸਟ ਆਗੂ ਕਾਮਰੇਡ ਸੁਰਿੰਦਰ ਸਿੰਘ ਜਲਾਲਦੀਵਾਲ ਦੇ ਭੈਣ ਬਲਵਿੰਦਰ ਕੌਰ ਛੀਨੀਵਾਲ ਕਲਾਂ ਦਾ ਦਿਹਾਂਤ ਹੋ ਗਿਆ ਹੈ। ਇਸ ਦੁੱਖ ਦੀ ਘੜੀ ਵਿੱਚ ਵੱਖ-ਵੱਖ ਸਿਆਸੀ, ਧਾਰਮਿਕ ਤੇ ਸਮਾਜਿਕ ਆਗੂਆਂ ਤੋਂ ਇਲਾਵਾ ਪ੍ਰੈੱਸ ਕਲੱਬ ਮਹਿਲ ਕਲਾਂ, ਸਮੂਹ ਪੱਤਰਕਾਰ ਭਾਈਚਾਰੇ ਨੇ ਜਲਾਲਦੀਵਾਲ, ਅਤੇ ਛੀਨੀਵਾਲ ਕਲਾਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ ਹੈ। ਪੁੱਤਰ ਹਿਰਦੇਪਾਲ ਧਾਲੀਵਾਲ ਅਨੁਸਾਰ ਮਾਤਾ ਬਲਵਿੰਦਰ ਕੌਰ ਨਮਿਤ ਪਾਠ ਦਾ ਭੋਗ, ਅੰਤਮ ਅਰਦਾਸ 29 ਦਸੰਬਰ ਨੂੰ ਇਕ ਵਜੇ ਗੁਰਦੁਆਰਾ ਜੰਡਸਰ ਸਾਹਿਬ ਪਿੰਡ ਛੀਨੀਵਾਲ ਕਲਾਂ (ਬਰਨਾਲਾ) ਵਿਖੇ ਹੋਵੇਗੀ ।

## ਯਾਦਗਾਰੀ ਹੋ ਨਿੱਬੜਿਆ ਸਰਕਾਰੀ ਲੜਕੀਆਂ ਦੇ ਸਕੂਲ ਦਾ ਇਨਾਮ ਵੰਡ ਸਮਾਰੋਹ



**ਸਮਰਾਲਾ (ਸੁਰਜੀਤ ਸਿੰਘ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕੰਨਿਆ ਵਿਖੇ ਸੱਤ ਰੋਜ਼ਾ ਐਨ.ਐਸ.ਐਸ ਕੈਂਪ ਦਾ ਇਨਾਮ ਵੰਡ ਸਮਾਗਮ ਤੇ ਕਲੋਜ਼ਿੰਗ ਸੈਰੇਮਨੀ ਦਾ ਸਮਾਗਮ ਸ਼ਾਨਦਾਰ ਹੋ ਨਿੱਬੜਿਆ। ਸਮਾਗਮ ਵਿੱਚ ਮੁੱਖ ਮਹਿਮਾਨ ਵਜੋਂ ਡਿਪਟੀ ਡੀਈਓ ਸ੍ਰੀ ਮਨੋਜ ਕੁਮਾਰ ਤੇ ਐਸ.ਐਮ.ਸੀ ਕਮੇਟੀ ਦੇ ਚੇਅਰਪਰਸਨ ਮੈਡਮ ਅੰਮ੍ਰਿਤ ਪੁਰੀ ਤੇ ਉਨ੍ਹਾਂ ਦੀ ਪੂਰੀ ਟੀਮ ਸ਼ਾਮਲ ਹੋਈ। ਇਸ ਮੌਕੇ ਵਲੰਟੀਅਰਸ ਨੇ ਐਨ ਐਸ ਐਸ ਐਨਥਮ, ਐਨ ਐਸ ਐਸ ਦੇ ਇਤਿਹਾਸ ਅਤੇ ਐਨ ਐਸ ਐਸ ਦੇ ਕੈਂਪ ਦੀ ਰਿਪੋਰਟ ਪੇਸ਼ ਕੀਤੀ। ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਤ ਸਬਦ ਵੀ ਵਲੰਟੀਅਰ ਵੱਲੋਂ ਪੇਸ਼ ਕੀਤੇ ਗਏ। ਇਸ ਮੌਕੇ ਡਿਪਟੀ ਡੀ ਈ ਓ ਸ੍ਰੀ ਮਨੋਜ ਕੁਮਾਰ ਜੀ ਨੇ ਵਲੰਟੀਅਰਸ ਨੂੰ ਸਮਾਜ ਸੇਵਾ ਨਾਲ ਜੁੜਨ ਦਾ ਸੱਦਾ ਦਿੰਦਿਆਂ ਸਕੂਲ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ ਅਤੇ ਮੈਡਮ ਅੰਮ੍ਰਿਤ ਪੁਰੀ ਨੇ ਵਲੰਟੀਅਰਜ ਨੂੰ ਆਪਣੇ ਭਵਿੱਖ ਵਿੱਚ ਸਮਾਜ ਸੇਵਾ ਨਾਲ ਜੁੜੇ ਰਹਿਣ ਲਈ ਪ੍ਰੇਰਿਤ ਕੀਤਾ। ਪ੍ਰਿੰਸੀਪਲ ਰਾਜਿੰਦਰ ਸਿੰਘ ਨੇ ਵਲੰਟੀਅਰ ਨੂੰ ਸੰਬੋਧਤ ਕਰਦਿਆਂ ਕਿਹਾ ਕਿ ਇਹ ਕੈਂਪ ਉਨਾਂ ਨੂੰ ਬੇਹਤਰ ਨਾਗਰਿਕ ਬਣਨ ਵਿੱਚ ਸਹਾਇਕ ਹੁੰਦੇ ਹਨ। ਇਸ ਮੌਕੇ ਸ੍ਰੀਮਤੀ ਰੇਨੂੰਕਾ, ਸ੍ਰੀਮਤੀ ਰਵਿੰਦਰ, ਸ੍ਰੀਮਤੀ ਕੰਵਲਜੀਤ, ਸ੍ਰੀਮਤੀ ਰਸ਼ਪਾਲ ਕੌਰ, ਸ੍ਰੀਮਤੀ ਗੀਤੂ ਮਿੱਤਲ, ਸ੍ਰੀਮਤੀ ਬਲਤੇਜ ਕੌਰ, ਸ੍ਰੀਮਤੀ ਨਿਸ਼ਾ, ਸ੍ਰੀਮਤੀ ਗੁਰਮੀਤ ਕੌਰ, ਸ੍ਰੀਮਤੀ ਸਿਮਰਨ, ਸ਼ਾਮ ਸਿੰਘ ਜੁਬੇਰ ਜੀ, ਸੁਰਿੰਦਰ ਸਿੰਘ ਟਿਵਾਣਾ, ਹੈਪੀ ਸੰਗੂ, ਰੂਪਮ ਗੰਭੀਰ, ਅੰਤਰਜੋਤ ਸਿੰਘ, ਅਮਰੀਕ ਸਿੰਘ, ਪ੍ਰਵੀਨ ਕੁਮਾਰ, ਅਵਤਾਰ ਸਿੰਘ, ਸਤਿੰਦਰ ਸਿੰਘ, ਜਸਪਾਲ ਸਿੰਘ ਪਾਲੀ ਹਾਜ਼ਰ ਸਨ। ਮੰਚ ਸੰਚਾਲਨ ਵਲੰਟੀਅਰ ਹਰਮਨ ਭੱਟੀ ਤੇ ਕਿਰਨ ਨੇ ਬਾਖੂਬੀ ਕੀਤਾ। ਅੰਤ ਪ੍ਰੋਗਰਾਮ ਅਫ਼ਸਰ ਡਾ. ਸੁਖਪਾਲ ਕੌਰ ਨੇ ਸਾਰਿਆਂ ਦਾ ਧੰਨਵਾਦ ਕਰਦਿਆਂ ਇਸ ਪ੍ਰੋਗਰਾਮ ਨੂੰ ਨੇਪਰੇ ਚਾੜ੍ਹਨ ਵਿੱਚ ਸਹਿਯੋਗ ਲਈ ਵੀ ਧੰਨਵਾਦ ਕੀਤਾ।

## ਅੱਜ-ਨਾਮਾ

ਬੋਲਿਆ ਦੱਖਣ ਦਾ ਐਤਕੀਂ ਫੇਰ ਲੀਡਰ,
ਰੱਫੜ ਨਵਾਂ ਇੱਕ ਦਿੱਤਾ ਉਸ ਪਾ ਮੀਆਂ।
ਲੱਗਿਆ ਹਿੰਦੀ ਦਾ ਕਰਨ ਵਿਰੋਧ ਤਕੜਾ,
ਦਿੱਤਾ ਈ ਬਿਹਾਰ ਦਾ ਰਾਜ ਹਿਲਾ ਮੀਆਂ।
ਯੂ ਪੀ ਤੀਕਰ ਵੀ ਲੋਕ ਹਨ ਖਿਝਣ ਲੱਗੇ,
ਪੁੱਜੀ ਲਹਿਰ ਸੀ ਦਿੱਲੀ ਵਿੱਚ ਆ ਮੀਆਂ।
ਇੰਡੀਆ ਧੜੇ ਦੇ ਲੀਡਰ ਸਭ ਪਏ ਸੋਚੀਂ,
ਸਕਣ ਨਾ ਪੱਲਾ ਇਹ ਕਿਵੇਂ ਛੁਡਾ ਮੀਆਂ।
ਜਦ ਤੱਕ ਮਾਮਲਾ ਮੱਠਾ ਜਿਹਾ ਪੈਣ ਲੱਗਾ,
ਕਹਿਣੀ ਕਿਸੇ ਨੇ ਨਵੀਂ ਕੋਈ ਗੱਲ ਮੀਆਂ।
ਸੌਖਾ ਭਾਜਪਾ ਦਾ ਰਾਹ ਇਹ ਕਰਨ ਵਾਲੇ,
ਹਰ ਕੋਈ ਮਾਰੇ ਬੱਸ ਝੱਲ ਵਲੱਲ ਮੀਆਂ।

-ਤੀਸ ਮਾਰ ਖਾਂ

## ਨੀਲ ਨੰਦਾ ਜਵਾਨੀ 'ਚ ਤੁਰ ਗਿਆ

**ਲਾਸ ਏਂਜਲਸ** : ਭਾਰਤੀ ਮੂਲ ਦੇ ਸਟੈਂਡ-ਅੱਪ ਕਾਮੇਡੀਅਨ ਨੀਲ ਨੰਦਾ ਦੀ 32 ਸਾਲ ਦੀ ਉਮਰ 'ਚ ਮੌਤ ਹੋ ਗਈ ਹੈ। ਉਸ ਦੇ ਮੈਨੇਜਰ ਗ੍ਰੇਗ ਵੇਇਸ ਨੇ ਇਸ ਦੀ ਜਾਣਕਾਰੀ ਦਿੱਤੀ। ਮੌਤ ਦਾ ਕਾਰਨ ਜਨਤਕ ਤੌਰ 'ਤੇ ਸਾਂਝਾ ਨਹੀਂ ਕੀਤਾ ਗਿਆ।

## ਡੀ ਸੀ ਐੱਮ ਗਰੁੱਪ ਦੇ ਸਕੂਲਾਂ 'ਚ ਸਾਹਿਬਜ਼ਾਦਿਆਂ ਬਾਰੇ ਲਘੂ ਫਿਲਮ ਦਿਖਾਈ



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**-ਸ਼ਹੀਦੀ ਦਿਵਸ ਮੌਕੇ ਡੀ ਸੀ ਐੱਮ ਗਰੁੱਪ ਆਫ਼ ਸਕੂਲਜ਼ ਨੇ ਆਪਣੇ ਸਾਰੇ ਸਕੂਲਾਂ ਵਿੱਚ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ। ਸਕੂਲ ਵਿੱਚ ਜਿੱਥੇ ਵਿਦਿਆਰਥੀਆਂ ਨੂੰ ਦਸਮ ਪਾਤਸ਼ਾਹੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਚਾਰ ਸਾਹਿਬਜ਼ਾਦਿਆਂ ਦੇ ਜੀਵਨ ਬਾਰੇ ਇੱਕ ਲਘੂ ਫ਼ਿਲਮ ਦਿਖਾਈ ਗਈ, ਉੱਥੇ ਹੀ ਦੇਸ਼ ਤੇ ਧਰਮ ਲਈ ਕੁਰਬਾਨ ਹੋਣ ਦੀ ਬਹਾਦਰੀ ਦੀ ਕਹਾਣੀ ਤੋਂ ਸਾਰਿਆਂ ਨੂੰ ਜਾਣੂ ਕਰਵਾਇਆ ਗਿਆ। ਡੀ ਸੀ ਐੱਮ ਗਰੁੱਪ ਦੇ ਡਿਪਟੀ ਹੈੱਡ ਐਕਟੀਵਿਟੀ ਸਟੂਟੀ ਨੇ ਦੱਸਿਆ ਕਿ ਡੀ ਸੀ ਐੱਮ ਇੰਟਰਨੈਸ਼ਨਲ ਸਕੂਲ ਵਿੱਚ ਕਲਾਸਾਂ ਵਿੱਚ ਵਿਦਿਆਰਥੀਆਂ ਨੂੰ ਚਾਰ ਸਾਹਿਬਜ਼ਾਦਿਆਂ ਦੇ ਜੀਵਨ ਨੂੰ ਉਜਾਗਰ ਕਰਦੀ ਇੱਕ ਲਘੂ ਫਿਲਮ ਵੀ ਦਿਖਾਈ ਗਈ।ਪ੍ਰਿੰਸੀਪਲ ਸੋਮੇਸ਼ ਚੰਦਰ ਮਿਸ਼ਰਾ ਨੇ ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ।ਡੀ ਸੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਵਿਖੇ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ।ਪ੍ਰਿੰਸੀਪਲ ਯਚਨਾ ਚਾਵਲਾ ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਗੁਰੂ ਸਾਹਿਬ ਦੇ ਚਾਰ ਪੁੱਤਰ ਅਜੀਤ ਸਿੰਘ, ਜੁਝਾਰ ਸਿੰਘ, ਜ਼ੋਰਾਵਰ ਸਿੰਘ, ਫਤਹਿ ਸਿੰਘ ਸਨ, ਜਿਨ੍ਹਾਂ ਨੇ ਧਰਮ ਤੇ ਦੇਸ਼ ਦੀ ਖਾਤਰ ਸ਼ਹਾਦਤ ਪ੍ਰਾਪਤ ਕੀਤੀ।ਦਾਸ ਤੇ ਬਰਾਊਨ ਵਰਲਡ ਸਕੂਲ ਦੇ ਪ੍ਰਿੰਸੀਪਲ ਡਾ. ਰਾਜੇਸ਼ ਚੰਦੇਲ ਨੇ ਦੱਸਿਆ ਕਿ ਸਕੂਲ ਵਿੱਚ ਵਿਸ਼ੇਸ਼ ਅਸੈਂਬਲੀ ਦੌਰਾਨ ਸ਼ਬਦ ਕੀਰਤਨ ਕਰਵਾਇਆ ਗਿਆ, ਜਿਸ ਉਪਰੰਤ ਵਿਦਿਆਰਥੀਆਂ ਨੂੰ ਚਾਰ ਸਾਹਿਬਜ਼ਾਦਿਆਂ ਦੇ ਜੀਵਨ ਤੇ ਕੁਰਬਾਨੀਆਂ ਬਾਰੇ ਦੱਸਿਆ ਗਿਆ ਅਤੇ ਅਰਦਾਸ ਉਪਰੰਤ ਕੜਾਹ ਪ੍ਰਸ਼ਾਦ ਵਰਤਾਇਆ ਗਿਆ।ਉਨ੍ਹਾ ਦੱਸਿਆ ਕਿ ਸਾਹਿਬਜ਼ਾਦਿਆਂ ਦੀ ਫਿਲਮ ਵੀ ਹਰ ਜਮਾਤ ਵਿੱਚ ਵਿਦਿਆਰਥੀਆਂ ਨੂੰ ਦਿਖਾਈ ਗਈ।

## ਦੰਦਾਂ ਦੇ ਸਫ਼ਲ ਜਾਂਚ ਕੈਂਪ ਦਾ ਆਯੋਜਨ




**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਦੀ ਰਾਸ਼ਟਰੀ ਸੇਵਾ ਯੋਜਨਾ ਯੂਨਿਟ ਵੱਲੋਂ ਮਾਤਾ ਗੁਜਰੀ, ਬਾਬਾ ਜੋਰਾਵਰ ਸਿੰਘ ਜੀ ਤੇ ਬਾਬਾ ਫ਼ਤਹਿ ਸਿੰਘ ਜੀ ਦੀ ਸ਼ਹਾਦਤ ਨੂੰ ਸਮਰਪਤ ਓਰਲ ਹੈਲਥ ਜਾਗਰੂਕਤਾ ਨੂੰ ਸਮਰਪਤ ਦੰਦਾਂ ਦਾ ਸਫ਼ਲ ਚੈੱਕਅਪ ਕੈਂਪ ਲਾਇਆ ਗਿਆ। ਇਹ ਕੈਂਪ ਸਮਾਜ ਭਲਾਈ ਤੇ ਸਿਹਤ ਨੂੰ ਉਤਸ਼ਾਹਤ ਕਰਨ ਲਈ ਆਪਣੀ ਵਚਨਬੱਧਤਾ ਦੇ ਹਿੱਸੇ ਵਜੋਂ ਯੂਨੀਵਰਸਿਟੀ ਵੱਲੋਂ ਸਰਕਾਰੀ ਮਿਡਲ ਸਕੂਲ ਆਦਮਪੁਰ ਵਿਖੇ ਲਾਇਆ ਗਿਆ। ਡਾ. ਹਰਨੀਤ ਬਿਲਿੰਗ, ਪ੍ਰੋਗਰਾਮ ਕੋਆਰਡੀਨੇਟਰ (ਐਨਐਸਐਸ) ਨੇ ਸਾਂਝਾ ਕੀਤਾ ਕਿ ਯੂਨੀਵਰਸਿਟੀ ਦੀ ਐਨਐਸਐਸ ਯੂਨਿਟ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ ਅਤੇ ਸਮਾਜ ਸੇਵਾ ਦੀ ਭਾਵਨਾ ਪੈਦਾ ਕਰਨ ਲਈ ਸਮਰਪਤ ਹੈ। ਇਹ ਦੰਦਾਂ ਦਾ ਚੈੱਕਅਪ ਕੈਂਪ ਸਮਾਜ 'ਤੇ ਸਕਾਰਾਤਮਕ ਪ੍ਰਭਾਵ ਪਾਉਣ ਦੇ ਉਦੇਸ਼ ਨਾਲ ਕੀਤੀਆਂ ਪਹਿਲਕਦਮੀਆਂ ਦੀ ਲੜੀ ਦਾ ਹਿੱਸਾ ਹੈ। ਉਨ੍ਹਾਂ ਦੱਸਿਆ ਕਿ ਦੰਦਾਂ ਦੇ ਚੈੱਕਅਪ ਕੈਂਪ ਦੀ ਸਫ਼ਲਤਾ ਡਾ. ਤੇਜਵੀਰ ਸਿੰਘ ਤੇ ਡਾ. ਲਵਪ੍ਰੀਤ ਸਿੰਘ ਦੇ ਸਹਿਯੋਗ ਸਦਕਾ ਸੰਭਵ ਹੋਈ ਹੈ। ਡਾ: ਸੁਮਨ ਪ੍ਰੀਤ ਕੌਰ, ਐਨ.ਐਸ.ਐਸ ਪ੍ਰੋਗਰਾਮ ਅਫ਼ਸਰ ਨੇ ਦੱਸਿਆ ਕਿ ਸਕੂਲ ਅਤੇ ਵਿਭਾਗ ਵੱਲੋਂ 100 ਦੇ ਕਰੀਬ ਵਿਦਿਆਰਥੀਆਂ ਨੂੰ ਮੂੰਹ ਦੀ ਸਫਾਈ ਸਬੰਧੀ ਪ੍ਰਦਰਸਨੀ ਦਿੱਤੀ ਗਈ ਅਤੇ ਡਾਕਟਰਾਂ ਵੱਲੋਂ ਉਨ੍ਹਾਂ ਦੀ ਜਾਂਚ ਕੀਤੀ ਗਈ।

ਕੈਂਪ ਵਿੱਚ ਆਏ ਮਹਿਮਾਨਾਂ ਨੇ ਡਾਕਟਰਾਂ ਨਾਲ ਮੂੰਹ ਦੀ ਸਿਹਤ ਸਬੰਧੀ ਆਪਣੀਆਂ ਚਿੰਤਾਵਾਂ ਬਾਰੇ ਵੀ ਚਰਚਾ ਕੀਤੀ। ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ.(ਡਾ.) ਪ੍ਰਿਤਪਾਲ ਸਿੰਘ ਨੇ ਬੱਚਿਆਂ ਵਿੱਚ ਦੰਦਾਂ ਦੀਆਂ ਵਧ ਰਹੀਆਂ ਸਮੱਸਿਆਵਾਂ ਬਾਰੇ ਆਪਣੀਆਂ ਚਿੰਤਾਵਾਂ ਸਾਂਝੀਆਂ ਕੀਤੀਆਂ। ਉਨ੍ਹਾਂ ਵਿਦਿਆਰਥੀਆਂ ਨੂੰ ਆਪਣੇ ਦੰਦਾਂ ਨੂੰ ਸਿਹਤਮੰਦ ਰੱਖਣ ਲਈ ਅਨੁਸ਼ਾਸਿਤ ਮੌਖਿਕ ਪ੍ਰਣਾਲੀ ਦੀ ਪਾਲਣਾ ਕਰਨ ਦੀ ਅਪੀਲ ਕੀਤੀ। ਉਨ੍ਹਾਂ ਨੇ ਯੂਨੀਵਰਸਿਟੀ ਦੀ ਐਨਐਸਐਸ ਯੂਨਿਟ ਨੂੰ ਉਨ੍ਹਾਂ ਦੇ ਯਤਨਾਂ ਲਈ ਵਧਾਈ ਦਿੱਤੀ।

**ਜਨਤਕ ਨੋਟਿਸ**



ਸਨਮੁੱਖ ਸ੍ਰੀ ਰਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਯੂ ਟੀ, ਚੰਡੀਗੜ੍ਹ। ਵਿਸ਼ਾ : ਸਵਰਗੀ ਸ੍ਰੀਮਤੀ ਕਮਲਾ ਦੇਵੀ ਦੀ ਅਣ-ਰਜਿਸਟਰਡ ਵਸੀਅਤ ਦੇ ਅਧਾਰ 'ਤੇ ਵਪਾਰਕ ਬੂਥ ਨੰ. 295, ਸੈਕਟਰ 22-ਸੀ, ਚੰਡੀਗੜ੍ਹ (ਆਰ ਬੀ ਐੱਲ 17) ਦੇ 100 ਫੀਸਦੀ ਤੱਕ ਦੇ ਹਿੱਸੇ ਦੇ ਪਟੇ ਦੇ ਅਧਿਕਾਰ ਤਬਦੀਲ ਕਰਨਾ। ਆਮ ਜਨਤਾ ਦੀ ਅਤੇ ਸਾਰੇ ਸੰਬੰਧਤਾਂ ਦੀ ਜਾਣਕਾਰੀ ਲਈ ਨੋਟੀਫਾਈ ਕੀਤਾ ਜਾਂਦਾ ਹੈ ਕਿ ਇਸ ਦਫਤਰ ਦੇ ਰਿਕਾਰਡ ਮੁਤਾਬਿਕ ਸ੍ਰੀਮਤੀ ਕਮਲਾ ਦੇਵੀ, ਵਪਾਰਕ ਬੂਥ ਨੰ. 295, ਸੈਕਟਰ 22-ਸੀ, ਚੰਡੀਗੜ੍ਹ ਦੇ 100 ਫੀਸਦੀ ਤੱਕ ਦੇ ਹਿੱਸੇ ਦੀ ਮਾਲਕੀ/ਪਟੇਦਾਰ ਹੈ। ਯੋਗੇਸ਼ ਸ਼ਰਮਾ ਨੇ ਸੂਚਨਾ ਦਿੱਤੀ ਹੈ ਕਿ ਸ੍ਰੀਮਤੀ ਕਮਲਾ ਦੇਵੀ ਦੀ ਮੌਤ 31.10.2022 ਨੂੰ ਹੋ ਚੁੱਕੀ ਹੈ ਅਤੇ ਨਾਲ ਹੀ ਇਹ ਵੀ ਦੱਸਿਆ ਹੈ ਕਿ ਮ੍ਰਿਤਕ ਮਾਲਕੀ ਪਟੇਦਾਰ ਦੇ ਹੇਠ ਦਰਸਾਏ ਕਾਨੂੰਨੀ ਵਾਰਸ ਹਨ :- (1) ਮਹੀਰ ਮੱਗੂ (ਨਾਬਾਲਗ) ਰਾਹੀਂ ਉਸ ਦੇ ਪਿਤਾ ਮਨੀਸ਼ ਮੱਗੂ-ਪੋਤਰਾ (2) ਮੋਨਿਕਾ ਅਨੰਦ-ਪੁੱਤਰੀ (3) ਯੋਗਿਤਾ ਮੱਗੂ-ਪੁੱਤਰੀ (ਸਵਰਗੀ) (4) ਮਨੀਸ਼ ਮੱਗੂ-ਜਵਾਈ (5) ਮਨੀਤ ਮੱਗੂ ਨਾਬਾਲਗ ਰਾਹੀਂ ਉਸ ਦੇ ਪਿਤਾ ਮਨੀਸ਼ ਮੱਗੂ-ਪੋਤਰਾ (6) ਯੋਗੇਸ਼ ਖੰਨਾ-ਪੁੱਤਰ (7) ਗੁਰਬਕਸ਼ ਖੰਨਾ-ਪਤੀ। ਹੁਣ, ਯੋਗੇਸ਼ ਖੰਨਾ ਨੇ ਵਪਾਰਕ ਬੂਥ ਨੰ. 295, ਸੈਕਟਰ-22-ਸੀ, ਚੰਡੀਗੜ੍ਹ ਦੇ ਸਵਰਗੀ ਸ੍ਰੀਮਤੀ ਕਮਲਾ ਦੇਵੀ ਦੇ 100 ਫੀਸਦੀ ਤੱਕ ਹਿੱਸੇ ਨੂੰ, 15.11.2021 ਨੂੰ ਕੀਤੀ ਗਈ ਅਣ-ਰਜਿਸਟਰਡ ਵਸੀਅਤ ਦੇ ਅਧਾਰ 'ਤੇ ਆਪਣੇ ਹੱਕ 'ਚ ਪਟੇ ਦੇ ਅਧਿਕਾਰ ਤਬਦੀਲ ਕਰਨ ਲਈ ਅਰਜ਼ੀ ਦਿੱਤੀ ਹੈ। ਜੇਕਰ ਕਿਸੇ ਨੂੰ ਮ੍ਰਿਤਕ ਦੇ ਉਪਰੋਕਤ ਦਰਸਾਏ ਕਿਸੇ ਹੋਰ ਕਾਨੂੰਨੀ ਵਾਰਸ ਬਾਰੇ ਕੋਈ ਜਾਣਕਾਰੀ ਹੈ, ਤਾਂ ਉਸ ਦੀ ਸੂਚਨਾ ਤੁਰੰਤ ਅਸਟੇਟ ਅਫਸਰ, ਯੂ ਟੀ ਚੰਡੀਗੜ੍ਹ ਨੂੰ ਦਿੱਤੀ ਜਾਵੇ। ਜੇਕਰ ਕਿਸੇ ਵਿਅਕਤੀ ਨੂੰ ਉਕਤ ਜਾਇਦਾਦ ਦੇ ਉਕਤ ਹਿੱਸੇ ਨੂੰ ਉਪਰੋਕਤ ਦਰਸਾਏ ਅਰਜ਼ੀ ਕਰਤਾਵਾਂ ਦੇ ਹੱਕ 'ਚ ਕੀਤੇ ਜਾਣ ਸੰਬੰਧੀ ਕੋਈ ਇਤਰਾਜ਼ ਹੈ ਤਾਂ ਉਹ (ਮੈਜਿਸਟਰੇਟ/ਨੋਟਰੀ ਤੋਂ ਬਕਾਇਦਾ ਤਸਦੀਕਸ਼ੁਦਾ ਹਲਫੀਆ ਬਿਆਨ) ਦੇ ਨਾਲ, ਇਸ ਨੋਟਿਸ ਦੀ ਪ੍ਰਕਾਸ਼ਨਾ ਮਿਤੀ ਤੋਂ 30 ਦਿਨਾਂ ਦੇ ਅੰਦਰ ਨਿਮਨਹਸਤਾਖਰੀ ਦੇ ਦਫਤਰ ਨੂੰ ਪੇਸ਼ ਕਰ ਸਕਦਾ ਹੈ, ਅਸਫਲ ਰਹਿਣ 'ਤੇ ਉਕਤ ਜਾਇਦਾਦ ਦਾ ਉਕਤ ਹਿੱਸਾ ਉਪਰੋਕਤ ਦਰਸਾਏ ਲਾਭਪਾਤਰੀਆਂ ਦੇ ਨਾਂਅ 'ਤੇ ਬਕਾਇਦਾ ਤਬਦੀਲ ਕਰ ਦਿੱਤਾ ਜਾਵੇਗਾ ਅਤੇ ਬਾਅਦ 'ਚ ਕਿਸੇ ਵੀ ਸਥਿਤੀ 'ਤੇ ਕਿਸੇ ਵੀ ਦਾਅਵੇ 'ਤੇ ਕੋਈ ਵਿਚਾਰ ਨਹੀਂ ਕੀਤਾ ਜਾਵੇਗਾ।

ਰਜੀਵ ਤਿਵਾੜੀ, ਸਹਾਇਕ ਅਸਟੇਟ ਅਫਸਰ, ਅਸਟੇਟ ਅਫਸਰ ਯੂ ਟੀ, ਚੰਡੀਗੜ੍ਹ ਦੇ ਅਧਿਕਾਰਾਂ ਦੀ ਵਰਤੋਂ ਕਰਦਿਆਂ

## ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਇਆ



**ਹਠੂਰ (ਨਛੱਤਰ ਸੰਧੂ)**-ਸੁਪਰੀਮ ਕਾਨਵੈਂਟ ਸਕੂਲ ਬਿਲਾਸਪੁਰ ਵਿਖੇ ਸਾਹਿਬਜ਼ਾਦਿਆਂ ਦਾ ਸ਼ਹੀਦੀ ਦਿਹਾੜਾ ਮਨਾਇਆ ਗਿਆ। ਇਹ ਸ਼ਹੀਦੀ ਦਿਹਾੜਾ ਸੀ ਬੀ ਐਸ ਈ ਬੋਰਡ ਵੱਲੋਂ ਦਿੱਤੇ ਆਦੇਸ਼ਾਂ ਦੇ ਆਧਾਰ 'ਤੇ ਸਕੂਲ ਦੇ ਬੱਚਿਆਂ ਨੂੰ ਚਾਰ ਸਾਹਿਬਜ਼ਾਦਿਆਂ ਦੀ ਲਾਸਾਨੀ ਸਹਾਦਤ ਨੂੰ ਨਮਨ ਕਰਦੇ ਹੋਏ ਸਿੱਖ ਧਰਮ ਦੀ ਅਨੋਖੀ ਦਾਸਤਾਨ ਤੋਂ ਜਾਣੂ ਕਰਾਇਆ ਗਿਆ। ਸਕੂਲ ਦੇ ਡਾਇਰੈਕਟਰ ਚਰਨ ਸਿੰਘ ਨੇ ਸੰਬੋਧਨ ਕਰਦੇ ਵਿਦਿਆਰਥੀਆਂ ਨੂੰ ਕਿਹਾ ਕਿ ਸਾਨੂੰ ਹਮੇਸ਼ਾ ਕੁਰਬਾਨੀ ਭਰੇ ਇਤਿਹਾਸ ਨੂੰ ਯਾਦ ਰੱਖਣਾ ਚਾਹੀਦਾ ਹੈ। ਸਕੂਲ ਦੇ ਚੇਅਰਮੈਨ ਯੋਗਿੰਦਰ ਪ੍ਰਸਾਦ ਸ਼ਰਮਾ ਨੇ ਬੱਚਿਆਂ ਨੂੰ ਦੱਸਿਆ ਕਿ ਸ਼ਹੀਦ ਕੌਮ ਦਾ ਸਰਮਾਇਆ ਹੁੰਦੇ ਹਨ। ਪ੍ਰਿੰਸੀਪਲ ਸੰਦੀਪ ਕੁਮਾਰ ਨੇ ਵਿਦਿਆਰਥੀਆਂ ਨੂੰ ਪਰਵਾਰ ਵਿਛੋੜੇ ਤੋਂ ਲੈ ਕੇ ਸਾਹਿਬਜ਼ਾਦਿਆਂ ਦੀ ਕੁਰਬਾਨੀ ਦੇ ਇਤਿਹਾਸ ਦੀ ਜਾਣਕਾਰੀ ਦਿੱਤੀ।

## 'ਬੰਦਾ ਬੰਦੇ ਦੀ ਦਾਰੂ' ਲੋਕ ਅਰਪਣ 31 ਨੂੰ




**ਸੰਗਰੂਰ (ਪ੍ਰਵੀਨ ਸਿੰਘ)**-ਮਾਲਵਾ ਲਿਖਾਰੀ ਸਭਾ ਸੰਗਰੂਰ (ਰਜਿ) ਵੱਲੋਂ 31 ਦਸੰਬਰ ਨੂੰ ਸਵੇਰੇ 10:00 ਵਜੇ ਧਰਮਸ਼ਾਲਾ ਬਾਬਾ ਹਿੰਮਤ ਸਿੰਘ, ਸਾਹਮਣੇ ਬੱਸ ਅੱਡਾ ਵਿਖੇ ਮਹੀਨਾਵਾਰ ਸਾਹਿਤਕ ਸਮਾਗਮ ਕਰਾਇਆ ਜਾ ਰਿਹਾ ਹੈ, ਜਿਸ ਵਿੱਚ ਨਾਮਵਰ ਲੇਖਕ ਸੁਰਜੀਤ ਸਿੰਘ ਮੰਜੀ ਦਾ ਕਾਵਿ-ਸੰਗ੍ਰਹਿ 'ਬੰਦਾ ਬੰਦੇ ਦੀ ਦਾਰੂ' ਲੋਕ ਅਰਪਣ ਕੀਤਾ ਜਾਵੇਗਾ। ਸਮਾਗਮ ਦੀ ਪ੍ਰਧਾਨਗੀ ਉੱਘੇ ਸਾਹਿਤਕਾਰ ਡਾ. ਤੇਜਾ ਸਿੰਘ ਤਿਲਕ ਕਰਨਗੇ ਤੇ ਸੂਬਾਈ ਪੈਨਸਨਰ ਆਗੂ ਸ੍ਰੀ ਰਾਜ ਕੁਮਾਰ ਅਰੋੜਾ ਮੁੱਖ ਮਹਿਮਾਨ ਵਜੋਂ ਸਾਮਲ ਹੋਣਗੇ। ਸਭਾ ਦੇ ਪ੍ਰੈਸ ਸਕੱਤਰ ਅਮਨ ਜੱਖਲਾ ਨੇ ਦੱਸਿਆ ਕਿ ਇਸ ਮੌਕੇ ਸਾਹਿਬਜ਼ਾਦਿਆਂ ਨੂੰ ਸਮਰਪਤ ਕਵੀ ਦਰਬਾਰ ਵੀ ਹੋਵੇਗਾ।

**E-AUCTION - HIKE LEATHER PRIVATE LIMITED (IN LIQUIDATION)**

**Sale of Land & Building under the Insolvency and Bankruptcy Code,2016**

**CIN : U19200PB2007PTC031322**

Notice is hereby given to the public in general under the insolvency and Bankruptcy Code, 2016 and Regulations there under, that the Process for Sale of Land & Building of Hike Leather Private Limited (in liquidation) (Corporate Debtor) will be sold by E-auction through the service provider Right2Vote Infotech Private Limited via https://right2vote.in/eauction/.

| Asset/ Location | Reserve Price (INR) | Earnest Money Deposit (INR) | Bid Incremental Value (INR) |
|---|---|---|---|
| Sale of the Company as a Going Concern along with Entire Land & Building and Structures thereof owned and falling in the Liquidation Estate of Hike Leather Private Limited lying at Mahal & Mauja Nangalkalan, Tahliwal, Tehsil Haroli, District UNA, Himachal Pradesh. | Rs. 207.00 Lacs (Rupees Two Crore Seven Lacs only) | Rs. 20.70 Lacs (Rupees Twenty Lacs Seventy Thousand only) | Rs.1.00 Lac (Rupees One Lac only) in multiple of each bid |

| | |
|---|---|
| Date and Time of Auction | 15th January, 2024 from 12:00 pm to 02:00 pm |
| Last date for Submission of EOI & EMD | 26th December, 2023 to 12th January, 2024 before 5:00 p.m. |
| Inspection Date & Time | On or before 8th January, 2024 from 11 a.m. to 05.00 p.m. |

Interested applicants may refer to the Complete E-Auction Process document containing details terms and conditions of the E-Auction available on https://right2vote.in/eauction/, The liquidator has the right to cancel or extend or modify etc. any of the terms of the E-auction at any time. The Liquidator has the right to reject any bid without assigning any reasons. For any query regarding E-Auction, Contact Sh. Jatin Mehra at +91-8146013366 or E-mail: jatinmehraassociates@gmail.com

Date: 26/12/2023
Place: Amritsar

Jatin Mehra
Liquidator-Hike Leather Private Limited
Reg No. IBBI/IPA-001/IP-P-02010/2020-21/13103
**Communication Address:**
536 to 538, E-Block, Opposite Mehak Park, Ranjit Avenue, Amritsar-143001
Email ID:jatinmehraassociates@gmail.com
**Contact No: 81460-13366**

## ਬੀ ਕੇ ਯੂ ਏਕਤਾ ਉਗਰਾਹਾਂ ਦੀ ਮੀਟਿੰਗ

**ਚੀਮਾ ਮੰਡੀ (ਰਵਿੰਦਰ ਚੀਮਾ)**-ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਸੁਨਾਮ ਦੀ ਮੀਟਿੰਗ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਦੀ ਅਗਵਾਈ ਹੇਠ ਡੇਰਾ ਟੀਕਮ ਦਾਸ ਉਗਰਾਹਾਂ ਵਿਖੇ ਹੋਈ। ਮੀਟਿੰਗ ਵਿੱਚ ਆਉਣ ਵਾਲੇ ਸੰਘਰਸ਼ਾਂ ਦੀ ਰੂਪ ਰੇਖਾ ਉਲੀਕੀ ਗਈ। ਆਗੂਆਂ ਨੇ ਕਿਹਾ ਕਿ ਕੇਂਦਰ ਅਤੇ ਪੰਜਾਬ ਸਰਕਾਰ ਨਾਲ ਸਬੰਧਤ ਮੰਗਾਂ ਨੂੰ ਲੈ ਕੇ ਆਉਣ ਵਾਲੇ ਸੰਘਰਸ਼ਾਂ ਦੀ ਵੱਡੀ ਤਿਆਰੀ ਪੰਜਾਬ ਵਿੱਚ ਕੀਤੀ ਜਾਵੇਗੀ। ਕੇਂਦਰ ਨਾਲ ਸਬੰਧਤ ਮੁੱਖ ਮੰਗਾਂ ਗਾਰੰਟੀ ਕਨੂੰਨ, ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀ ਕੇਂਦਰੀ ਰਾਜ ਮੰਤਰੀ ਅਜੇ ਮਿਸਰਾ ਟੈਨੀ ਨੂੰ ਆਹੁਦੇ ਤੋਂ ਬਾਰਖਾਸਤ ਕਰਕੇ ਜੇਲ੍ਹ ਭੇਜਿਆ ਜਾਵੇ, ਦਿੱਲੀ ਘੋਲ ਦੇ ਸ਼ਹੀਦਾਂ ਨੂੰ ਨੌਕਰੀ ਤੇ ਮੁਆਵਜ਼ਾ ਦਿੱਤਾ ਜਾਵੇ, ਦਿੱਲੀ ਘੋਲ ਦੌਰਾਨ ਪਾਏ ਕੇਸ ਰੱਦ ਕੀਤੇ ਜਾਣ। ਇਸੇ ਤਰ੍ਹਾਂ ਪੰਜਾਬ ਨਾਲ ਸਬੰਧਤ ਮੰਗਾਂ ਫ਼ਸਲਾਂ ਦਾ ਬੀਮਾ, ਪੂਰਾ ਕਰਜ਼ਾ ਮੁਆਫ਼ੀ, 60 ਸਾਲ ਤੋਂ ਉਪਰ ਹਰ ਕਿਸਾਨ ਮਜ਼ਦੂਰ ਨੂੰ 10000 ਰੁਪਏ ਪੈਨਸ਼ਨ ਦਿੱਤੀ ਜਾਵੇ, ਕਿਸਾਨਾਂ ਦੀਆਂ ਕੁਰਕੀਆਂ ਕਰਨੀਆਂ ਬੰਦ ਕੀਤੀਆਂ ਜਾਣ, ਕਰਜ਼ੇ ਬਦਲੇ ਕਿਸਾਨਾਂ ਮਜ਼ਦੂਰਾਂ ਨੂੰ ਜ਼ਲੀਲ ਕਰਨਾ ਬੰਦ ਕੀਤਾ ਜਾਵੇ, ਉਪਰੋਕਤ ਮੰਗਾਂ ਨੂੰ ਲੈ ਕੇ ਆਉਣ ਵਾਲੇ ਦਿਨਾਂ ਵਿੱਚ ਸਖ਼ਤ ਸੰਘਰਸ਼ਾਂ ਦੀ ਤਿਆਰੀ ਕੀਤੀ ਜਾਵੇਗੀ। ਆਗੂਆਂ ਨੇ ਕਿਹਾ 3 ਜਨਵਰੀ ਨੂੰ ਪਿੰਡ ਜਹਾਂਗੀਰ ਅਤੇ ਜੌਲੀਆਂ ਦੀ ਜ਼ਮੀਨ ਨੂੰ ਲੈ ਕੇ ਡੀ.ਸੀ ਸੰਗਰੂਰ ਵਿਖੇ ਧਰਨਾ ਦਿੱਤਾ ਜਾਵੇਗਾ, ਕਿਉਂਕਿ ਇਹ ਦੋ ਪਿੰਡਾਂ ਦੀ ਜ਼ਮੀਨ ਦਾ ਜੋ ਰੌਲਾ ਹੈ, ਭੂ-ਮਾਫੀਆ ਨਾਲ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਸ਼ਰੇਆਮ ਭੂ-ਮਾਫੀਆ ਦੀ ਮੱਦਦ ਕਰ ਰਹੇ ਹਨ, ਪ੍ਰਸ਼ਾਸਨ ਸ਼ਰੇਆਮ ਵਾਅਦਾਖਿਲਾਫ਼ੀ ਕਰ ਰਿਹਾ ਹੈ। ਇਸ ਲਈ ਡੀ.ਸੀ ਦਫ਼ਤਰ 'ਤੇ ਇਹ ਧਰਨਾ ਦਿੱਤਾ ਜਾਵੇਗਾ।

## ...ਸਫ਼ਾ 1 ਦੇ ਬਾਕੀ

### ਫਾਸ਼ੀਵਾਦੀ ਤਾਕਤਾਂ ਨੂੰ ...

ਢਿੱਲੋਂ, ਰਤਨ ਭੋਲਾ, ਕਰਨੈਲ ਭੀਖੀ ਤੇ ਮਨਜੀਤ ਕੌਰ ਗਾਮੀਵਾਲਾ ਨੇ ਇਨਕਲਾਬੀ ਮੁਬਾਰਕਾਂ ਪੇਸ਼ ਕਰਦਿਆ ਖੱਬੀ ਲਹਿਰ ਨੂੰ ਮਜ਼ਬੂਤ ਕਰਨ ਦਾ ਸੱਦਾ ਦਿੱਤਾ। ਹੋਰਨਾਂ ਤੋਂ ਇਲਾਵਾ ਅਰਵਿੰਦਰ ਕੌਰ, ਕਿਰਨਾ ਰਾਣੀ ਸਾਬਕਾ ਐੱਮ ਸੀ, ਹਰਮੀਤ ਸਿੰਘ ਬੌੜਾਵਾਲ, ਹਰਦਿਆਲ ਸਿੰਘ ਦਾਤੇਵਾਸ, ਸਰਪੰਚ ਮੰਡੇਰ, ਗੋਰਾ ਸਿੰਘ ਟਾਹਲੀਆ, ਸੁਖਦੇਵ ਸਿੰਘ ਮਾਨਸਾ, ਰਾਜਿੰਦਰ ਸਿੰਘ ਹੀਰੇਵਾਲਾ, ਭੋਲਾ ਸਿੰਘ ਜੋਗਾ, ਮੇਘਾ ਸਿੰਘ ਜੋਗਾ, ਕਪੂਰ ਸਿੰਘ ਕੋਟ ਧਰਮੂ, ਹਰਨੇਕ ਸਿੰਘ ਬੱਪੀਆਣਾ, ਹਾਕਮ ਕਣਕਵਾਲ, ਬਲਵਿੰਦਰ ਸਿੰਘ ਕੋਟ ਧਰਮੂ, ਕਰਨੈਲ ਰਿਉਂਦ, ਮਨਪ੍ਰੀਤ ਸਿੰਘ ਫਰੀਦਕੇ, ਚਿਮਨ ਲਾਲ ਕਾਕਾ, ਬੰਬੂ ਸਿੰਘ ਤੇ ਸੁਖਦੇਵ ਸਿੰਘ ਬੌੜਾਵਾਲ ਆਦਿ ਆਗੂਆਂ ਨੇ ਸੰਬੋਧਨ ਵੀ ਕੀਤਾ।

### ਬੈਨਰਜੀ ਨੇ ਧਨਖੜ...

ਪ੍ਰਗਟਾਉਣ ਦੇ ਸਾਰੇ ਬੁਨਿਆਦੀ ਅਧਿਕਾਰ ਹਨ। ਤੁਸੀਂ ਮੈਨੂੰ ਮਾਰ ਸਕਦੇ ਹੋ ਪਰ ਮੈਂ ਪਿੱਛੇ ਨਹੀਂ ਹਟਾਂਗਾ, ਮੈਂ ਲੜਨਾ ਜਾਰੀ ਰੱਖਾਂਗਾ।

ਮੇਰਾ ਕਿਸੇ ਨੂੰ ਠੇਸ ਪਹੁੰਚਾਉਣ ਦਾ ਇਰਾਦਾ ਨਹੀਂ ਹੈ। ਮੇਰਾ ਇੱਕ ਸਵਾਲ ਹੈ। ਕੀ ਉਹ (ਧਨਖੜ) ਸੱਚ ਵਿਚ ਰਾਜ ਸਭਾ ਵਿਚ ਅਜਿਹਾ ਵਿਹਾਰ ਕਰਦੇ ਹਨ? ਮਿਮਿਕਰੀ ਇਕ ਕਲਾ ਹੈ ਅਤੇ ਇਹ 2014 ਤੇ 2019 ਦੀਆਂ ਲੋਕ ਸਭਾ ਚੋਣਾਂ ਵਿਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੀ ਕੀਤੀ ਸੀ। 19 ਦਸੰਬਰ ਨੂੰ ਸੰਸਦ ਵਿੱਚੋਂ ਮੁਅੱਤਲ ਕੀਤੇ ਜਾਣ ਤੋਂ ਬਾਅਦ ਕੁਝ ਸਾਂਸਦ ਸੰਸਦ ਦੇ ਬਾਹਰ ਪ੍ਰਦਰਸ਼ਨ ਕਰ ਰਹੇ ਸਨ। ਉਦੋਂ ਬੈਨਰਜੀ ਨੇ ਧਨਖੜ ਦੀ ਨਕਲ ਉਤਾਰੀ ਸੀ। ਇਸ ਤੋਂ ਬਾਅਦ ਧਨਖੜ ਨੇ ਕਿਹਾ ਸੀ ਕਿ ਉਹ ਜੱਟ ਹਨ ਤੇ ਬੈਨਰਜੀ ਨੇ ਜੱਟ ਦੀ ਨਕਲ ਉਤਾਰੀ।

ਆਪੋਜ਼ੀਸ਼ਨ ਆਗੂਆਂ ਨੇ ਇਸ 'ਤੇ ਇਤਰਾਜ਼ ਕਰਦਿਆਂ ਕਿਹਾ ਸੀ ਕਿ ਧਨਖੜ ਨੇ ਇਹ ਕਹਿ ਕੇ ਸੰਸਦ ਵਿਚ ਜਾਤੀਵਾਦ ਲੈ ਆਂਦਾ।

### ਹਾਕਮ ਪਾਰਟੀ ਨੇ ...

ਨੇ ਆਪਣੇ ਪੱਤਰ ਵਿਚ ਕਿਹਾ ਸੀ ਕਿ ਸਦਨ ਵਿਚ ਅਵਿਵਸਥਾ ਜਾਣਬੁੱਝ ਕੇ ਫੈਲਾਈ ਗਈ ਤੇ ਇਹ ਰਣਨੀਤਕ ਦੇ ਨਾਲ-ਨਾਲ ਗਿਣੀ-ਮਿਥੀ ਵੀ ਸੀ। ਇਸ 'ਤੇ ਖੜਗੇ ਨੇ ਕਿਹਾ ਹੈ-ਜੇ ਰਣਨੀਤਕ ਤਰੀਕੇ ਨਾਲ ਇੰਜ ਹੋਇਆ ਹੈ ਤਾਂ ਉਹ ਹੈ ਦੋਹਾਂ ਸਦਨਾਂ ਤੋਂ ਆਪੋਜ਼ੀਸ਼ਨ ਮੈਂਬਰਾਂ ਦੀ ਸਮੂਹਕ ਮੁਅੱਤਲੀ। ਇਹ ਸਰਕਾਰ ਵੱਲੋਂ ਗਿਣਿਆ-ਮਿਥਿਆ ਲੱਗਦਾ ਹੈ। ਬਹੁਤ ਦੁੱਖ ਹੋ ਰਿਹਾ ਹੈ ਕਿ ਬਿਨਾਂ ਲੋੜੀਂਦੇ ਵਿਚਾਰ ਦੇ ਮੁਅੱਤਲੀਆਂ ਕੀਤੀਆਂ ਗਈਆਂ। ਆਪੋਜ਼ੀਸ਼ਨ ਪਾਰਟੀਆਂ ਦੇ ਗੱਠਜੋੜ 'ਇੰਡੀਆ' ਦੇ ਇਕ ਮੈਂਬਰ ਦੀ ਮੁਅੱਤਲੀ ਸੰਸਦ ਵਿਚ ਮੌਜੂਦ ਨਾ ਹੋਣ ਦੇ ਬਾਵਜੂਦ ਹੋਈ, ਇਸ ਤੋਂ ਸਰਕਾਰ ਦੀ ਨੀਤੀ ਸਾਫ ਹੁੰਦੀ ਹੈ।

ਖੜਗੇ ਨੇ ਰਾਜ ਸਭਾ ਵਿਚ ਬਿੱਲਾਂ ਨੂੰ ਲੋੜੀਂਦੀ ਬਹਿਸ ਤੋਂ ਬਿਨਾਂ ਪਾਸ ਕਰਨ 'ਤੇ ਲਿਖਿਆ ਹੈ-ਇਹ ਬੇਹੱਦ ਦੁਖਦ ਹੈ। ਇਤਿਹਾਸ ਬਿਨਾਂ ਬਹਿਸ ਦੇ ਪਾਸ ਕੀਤੇ ਗਏ ਬਿੱਲਾਂ ਤੇ ਸਰਕਾਰ ਤੋਂ ਜਵਾਬਦੇਹੀ ਦੀ ਮੰਗ ਨਾ ਕਰਨ ਲਈ ਪ੍ਰੀਜ਼ਾਈਡਿੰਗ ਅਧਿਕਾਰੀਆਂ ਦਾ ਕਠੋਰਤਾ ਨਾਲ ਮੁਲੰਕਣ ਕਰੇਗਾ। ਖੜਗੇ ਨੇ ਆਪਣੇ ਪੱਤਰ ਵਿਚ ਸੰਸਦ ਦੀ ਸੁਰੱਖਿਆ 'ਚ ਚੂਕ ਦੇ ਮਾਮਲੇ 'ਚ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਬਿਆਨ ਦਾ ਜ਼ਿਕਰ ਕਰਦਿਆਂ ਕਿਹਾ ਹੈ-ਗ੍ਰਹਿ ਮੰਤਰੀ ਸੰਸਦ ਦੇ ਚੱਲ ਰਹੇ ਅਜਲਾਸ ਦੇ ਬਾਵਜੂਦ ਬਾਹਰ ਇਕ ਟੀਵੀ 'ਤੇ ਅਜਿਹੇ ਸੰਵੇਦਨਸ਼ੀਲ ਮੁੱਦੇ 'ਤੇ ਬਿਆਨ ਦਿੰਦੇ ਹਨ, ਪਰ ਸਦਨ ਵਿਚ ਆ ਕੇ ਬਿਆਨ ਨਹੀਂ ਦਿੰਦੇ। ਇਹ ਬਦਕਿਸਮਤ ਹੋਣ ਦੇ ਨਾਲ-ਨਾਲ ਲੋਕਤੰਤਰ ਦੇ ਮੰਦਰ ਨੂੰ ਅਪਵਿੱਤਰ ਕਰਨ ਵਰਗਾ ਕਾਰਾ ਹੈ। ਪੂਰੀ ਸਰਕਾਰ ਨੇ ਸੰਸਦ ਦੀ ਬੇਹੁਰਮਤੀ ਕੀਤੀ ਹੈ।

ਖੜਗੇ ਨੇ ਪੱਤਰ ਦੇ ਅਖੀਰ ਵਿਚ ਲਿਖਿਆ ਹੈ ਕਿ ਉਹ ਦਿੱਲੀ ਪਰਤ ਕੇ ਚੇਅਰਪਰਸਨ ਨੂੰ ਮਿਲਣਗੇ ਤੇ ਉਨ੍ਹਾ ਨਾਲ ਮਿਲਣਾ ਖੁਸ਼ਕਿਸਮਤੀ ਹੋਵੇਗਾ। ਚੇਅਰਪਰਸਨ ਦੇ ਸੱਦਣ 'ਤੇ ਉਨ੍ਹਾ ਨੂੰ ਮਿਲਣਾ ਉਨ੍ਹਾ ਦਾ ਫਰਜ਼ ਹੈ। ਉਨ੍ਹਾ ਚੇਅਰਪਰਸਨ ਨੂੰ ਨਵੇਂ ਸਾਲ ਦੀਆਂ ਪੇਸ਼ਗੀ ਸ਼ੁੱਭਕਾਮਨਾਵਾਂ ਵੀ ਦਿੱਤੀਆਂ ਹਨ। ਧਨਖੜ ਨੇ 23 ਦਸੰਬਰ ਨੂੰ ਖੜਗੇ ਨੂੰ ਲਿਖੇ ਪੱਤਰ ਵਿਚ ਕਿਹਾ ਸੀ ਕਿ ਸੰਸਦ ਵਿਚ ਸਾਰਥਕ ਚਰਚਾ ਤੇ ਸੰਵਾਦ ਨੂੰ ਲੈ ਕੇ ਉਨ੍ਹਾ ਦੀ ਚਿੰਤਾ ਤੋਂ ਉਹ ਵੀ ਪੂਰਾ ਇਤਫਾਕ ਰੱਖਦੇ ਹਨ। ਸੰਸਦ ਚਲਾਉਣ ਲਈ ਉਨ੍ਹਾ ਹਰ ਸੰਭਵ ਯਤਨ ਕੀਤਾ। ਡੈੱਡਲਾਕ ਤੋੜਨ ਦੀ ਕੋਸ਼ਿਸ਼ ਕੀਤੀ, ਪਰ ਸਫਲ ਨਹੀਂ ਹੋਏ। ਧਨਖੜ ਨੇ ਇਹ ਵੀ ਕਿਹਾ ਕਿ ਸਦਨ ਦੀ ਕਾਰਵਾਈ ਵਿਚ ਰੁਕਾਵਟ ਪਾਉਣ ਲਈ ਹੰਗਾਮੇ ਨੂੰ ਹਥਿਆਰ ਦੀ ਤਰ੍ਹਾਂ ਵਰਤਿਆ ਗਿਆ। ਉੱਚ ਸਦਨ (ਰਾਜ ਸਭਾ) ਵਿਚ ਅਜਿਹਾ ਆਚਰਣ ਕਰਨ ਦੀ ਲੋੜ ਹੈ, ਜਿਸ ਦੀ ਬਾਕੀ ਲੋਕ ਵੀ ਰੀਸ ਕਰਨ।

ੴ ਵਾਹਿਗੁਰੂ ਜੀ ਕੀ ਫ਼ਤਹ॥

ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਅਤੇ ਸਤਿਕਾਰਯੋਗ ਮਾਤਾ ਗੁਜਰੀ ਜੀ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ

**ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ**

**ਸਾਲਾਨਾ ਸ਼ਹੀਦੀ ਸਭਾ**

ਮਿਤੀ ੧੧ ਤੋਂ ੧੪ ਪੋਹ, ਨਾਨਕਸ਼ਾਹੀ ਸੰਮਤ ੫੫੫ (26 ਤੋਂ 29 ਦਸੰਬਰ 2023)

**ਪ੍ਰੋਗਰਾਮ**

- **ਸ੍ਰੀ ਅਖੰਡ ਪਾਠ ਸਾਹਿਬ:-** 26 ਦਸੰਬਰ 2023 ਨੂੰ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ, ਜਿਸ ਦੇ ਭੋਗ 28 ਦਸੰਬਰ 2023 ਨੂੰ ਪੈਣਗੇ।
- **ਧਾਰਮਿਕ ਦੀਵਾਨ:-** 26 ਦਸੰਬਰ ਤੋਂ 29 ਦਸੰਬਰ 2023 ਤੀਕ ਲਗਾਤਾਰ ਦਿਨ-ਰਾਤ ਧਾਰਮਿਕ ਦੀਵਾਨ ਸਜਣਗੇ, ਜਿਸ ਵਿਚ ਪੰਥਕ ਸ਼ਖਸੀਅਤਾਂ, ਪ੍ਰਸਿੱਧ ਵਿਦਵਾਨ, ਰਾਗੀ ਜਥੇ, ਢਾਡੀ ਜਥੇ, ਕਵੀਸ਼ਰੀ ਜਥੇ ਅਤੇ ਪ੍ਰਚਾਰਕ ਸੰਗਤਾਂ ਨੂੰ ਗੁਰਬਾਣੀ ਕੀਰਤਨ ਤੇ ਗੁਰ-ਇਤਿਹਾਸ ਸਰਵਣ ਕਰਵਾਉਣਗੇ। 27 ਦਸੰਬਰ ਦੀ ਰਾਤ ਨੂੰ 9:00 ਵਜੇ ਤੋਂ ਵਿਸ਼ੇਸ਼ ਕਵੀ ਸਮਾਗਮ ਵੀ ਹੋਵੇਗਾ।
- **ਨਗਰ ਕੀਰਤਨ:-** 28 ਦਸੰਬਰ 2023 ਨੂੰ ਸਵੇਰੇ 9:00 ਵਜੇ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਤੋਂ ਨਗਰ ਕੀਰਤਨ ਆਰੰਭ ਹੋਵੇਗਾ, ਜਿਸ ਦੀ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਿਖੇ ਪੁੱਜਣ 'ਤੇ ਸੋਹਿਲਾ ਸਾਹਿਬ ਦੇ ਪਾਠ ਉਪਰੰਤ ਸਮਾਪਤੀ ਹੋਵੇਗੀ।
- **ਅੰਮ੍ਰਿਤ ਸੰਚਾਰ:-** 28 ਦਸੰਬਰ 2023 ਨੂੰ ਦੁਪਹਿਰ 12:00 ਵਜੇ ਅੰਮ੍ਰਿਤ ਸੰਚਾਰ ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਵਿਖੇ ਸ੍ਰੀ ਦਰਬਾਰ ਸਾਹਿਬ ਜੀ ਦੀ ਉੱਪਰਲੀ ਮੰਜ਼ਿਲ 'ਤੇ ਹੋਵੇਗਾ।
- **ਵਿਸ਼ੇਸ਼ ਕਥਾ:-** ਸਾਹਿਬਜ਼ਾਦਿਆਂ ਦੇ ਲਾਸਾਨੀ ਜੀਵਨ ਤੇ ਸ਼ਹਾਦਤ ਦੇ ਅਦੁੱਤੀ ਸਫਰ ਦੀ ਕਥਾ 29 ਦਸੰਬਰ 2023 ਤੀਕ ਰੋਜ਼ਾਨਾ ਅੰਮ੍ਰਿਤ ਵੇਲੇ ਮੁੱਖ ਦਰਬਾਰ ਸਾਹਿਬ ਵਿਚ ਹੋਵੇਗੀ।

**ਅਪੀਲ** ਸਮੂਹ ਸੰਗਤਾਂ 28 ਦਸੰਬਰ 2023 ਨੂੰ ਸਵੇਰੇ 10:00 ਵਜੇ 10 ਮਿੰਟ ਲਈ ਮੂਲ-ਮੰਤਰ ਦਾ ਜਾਪ ਕਰਕੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸ਼ਰਧਾ ਤੇ ਸਤਿਕਾਰ ਭੇਟ ਕਰਨ।

-ਗੁਰੂ ਪੰਥ ਦੇ ਦਾਸ-

ਸਮੂਹ ਅਹੁਦੇਦਾਰ ਤੇ ਮੈਂਬਰ ਸਾਹਿਬਾਨ

ਐਡਵੋਕੇਟ ਹਰਜਿੰਦਰ ਸਿੰਘ ਧਾਮੀ
ਪ੍ਰਧਾਨ,
ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਸ੍ਰੀ ਅੰਮ੍ਰਿਤਸਰ।

ਜਾਰੀ ਕਰਤਾ:- ਮੈਨੇਜਰ, ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ, ਜ਼ਿਲ੍ਹਾ ਸ੍ਰੀ ਫ਼ਤਹਿਗੜ੍ਹ ਸਾਹਿਬ।

ਨਵਾਂ ਜ਼ਮਾਨਾ
ਪੋਸਟ ਬਾਕਸ ਨੰ. 134

Printed and Published by Gurmit Singh Shugli for Arjan Singh Gargaj Foundation, Jalandhar printed at Nawan Zamana Printers, Nehru Garden Road, Jalandhar and published at Nawan Zamana office, Nehru Garden Road, Jalandhar. Editor: Chand Fatehpuri

ਸੰਪਾਦਕ : ਚੰਦ ਫਤਿਹਪੁਰੀ * ਪੀ ਆਰ ਬੀ ਐਕਟ ਤਹਿਤ ਖ਼ਬਰਾਂ ਦੀ ਚੋਣ ਲਈ ਜ਼ਿੰਮੇਵਾਰ। ਪ੍ਰਕਾਸ਼ਕ ਤੇ ਛਾਪਕ ਗੁਰਮੀਤ ਸਿੰਘ ਸ਼ੁਗਲੀ ਨੇ ਨਵਾਂ ਜ਼ਮਾਨਾ ਪ੍ਰਿੰਟਰਜ਼, ਨਹਿਰੂ ਗਾਰਡਨ ਰੋਡ, ਜਲੰਧਰ ਤੋਂ ਛਪਵਾ ਕੇ ਅਰਜਨ ਸਿੰਘ ਗੜਗੱਜ ਫਾਊਂਡੇਸ਼ਨ, ਨਹਿਰੂ ਗਾਰਡਨ ਰੋਡ, ਜਲੰਧਰ ਲਈ ਪ੍ਰਕਾਸ਼ਤ ਕੀਤਾ।

ਫੋਨ ਨੰਬਰ ਪ੍ਰਬੰਧਕੀ ਵਿਭਾਗ : 0181-5097300, ਸਮਾਚਾਰ ਵਿਭਾਗ : 0181-5097310, ਈ-ਮੇਲ : nawanzamana@gmail.com * Web : www.nawanzamana.in

26-DEC-PAGE-3.qxd 12/25/2023 10:49 PM Page 1



# ਫਾਸ਼ੀ ਤਾਕਤਾਂ ਵਿਰੁੱਧ ਤੇ ਫਲਿਸਤੀਨੀਆਂ ਦੇ ਹੱਕ 'ਚ ਮਾਰਚ ਕੱਢਣ ਦਾ ਐਲਾਨ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਪੰਜਾਬ ਦੀਆਂ 7 ਖੱਬੀਆਂ ਤੇ ਇਨਕਲਾਬੀ ਪਾਰਟੀਆਂ ਵੱਲੋਂ ਜਿਹੜਾ ਸੂਬੇ ਭਰ ਵਿੱਚ ਇੱਕ ਜਨਵਰੀ ਨੂੰ ਫਾਸ਼ੀ ਤਾਕਤਾਂ ਵਿਰੁੱਧ ਆਵਾਮ ਨੂੰ ਖਬਰਦਾਰ ਅਤੇ ਫਾਸ਼ੀਵਾਦ ਵਿਰੁੱਧ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ ਹੈ, ਇਸ ਪ੍ਰੋਗਰਾਮ ਨੂੰ ਕਾਮਯਾਬ ਕਰਨ ਲਈ ਅੰਮ੍ਰਿਤਸਰ ਫਾਸ਼ੀ ਹਮਲਿਆਂ ਵਿਰੋਧੀ ਫਰੰਟ 'ਚ ਸ਼ਾਮਲ ਜ਼ਿਲੇ ਦੀਆਂ ਖੱਬੀਆਂ ਤੇ ਜਮਹੂਰੀ ਪਾਰਟੀਆਂ ਸੀਪੀਆਈ, ਆਰਐੱਮਪੀਆਈ (ਸੀਪੀਆਈ ਐੱਮਐੱਲ) ਨਿਊ ਡੈਮੋਕਰੇਸੀ, ਸੀਪੀਆਈ ਐੱਮਐੱਲ-ਲਿਬਰੇਸ਼ਨ ਤੇ ਅਦਾਰਾ ਲਲਕਾਰ ਵੱਲੋਂ ਕਾਮਰੇਡ ਜਗਤਾਰ ਸਿੰਘ ਕਰਮਪੁਰਾ ਦੀ ਪ੍ਰਧਾਨਗੀ ਹੇਠ ਮੀਟਿੰਗ ਕਾਮਰੇਡ ਫੌਜਾ ਸਿੰਘ ਭੁੱਲਰ ਮੈਮੋਰੀਅਲ ਟਰੱਸਟ (ਰਜਿ) 28 ਅਲਬਰਟ ਰੋਡ ਅੰਮ੍ਰਿਤਸਰ ਵਿਖੇ ਕੀਤੀ ਗਈ ਜਿਸ ਵਿੱਚ ਤਹਿ ਕੀਤਾ ਗਿਆ ਕਿ ਵੱਡੀ ਗਿਣਤੀ 'ਚ ਇਨ੍ਹਾਂ ਪਾਰਟੀਆਂ ਦੇ ਆਗੂ, ਕਾਰਕੁੰਨ, ਹਮਦਰਦ ਤੇ ਇਨਸਾਫ ਪਸੰਦ ਲੋਕ ਉੱਚੇ ਪੁਲ (ਭੰਡਾਰੀ ਪੁਲ) ਅੰਮ੍ਰਿਤਸਰ ਵਿਖੇ ਇਕੱਠੇ ਹੋ ਕੇ ਹੱਥਾਂ ਵਿੱਚ ਫਾਸ਼ੀਵਾਦ ਵਿਰੋਧੀ ਤੇ ਫਲਸਤੀਨੀਆਂ ਦੇ ਹੱਕ ਵਿੱਚ ਮੰਗਾਂ ਦੀਆਂ ਬੈਨਰ ਤੇ ਤਖਤੀਆਂ ਲੈ ਕੇ ਕੋਤਵਾਲੀ ਤੱਕ ਹਾਲ ਬਾਜ਼ਾਰ ਰਾਹੀਂ ਲੰਮਾ ਮਾਰਚ ਕੀਤਾ ਜਾਵੇਗਾ। ਇਸ ਮੀਟਿੰਗ ਨੂੰ ਹੋਰਨਾਂ ਤੋਂ ਇਲਾਵਾ ਇਨਕਲਾਬੀ ਪਾਰਟੀਆਂ ਦੇ ਆਗੂਆਂ ਡਾ: ਸਤਨਾਮ ਸਿੰਘ ਅਜਨਾਲਾ, ਸਾਥੀ ਲਖਬੀਰ ਸਿੰਘ ਨਿਜ਼ਾਮਪੁਰਾ, ਸਾਥੀ ਜਤਿੰਦਰ ਸਿੰਘ ਛੀਨਾ, ਸਾਥੀ ਬਲਬੀਰ ਸਿੰਘ ਝਾਮਕਾ, ਗੁਰਪ੍ਰੀਤ ਤੇ ਰਵਿੰਦਰ ਕੌਰ ਨੇ ਸੰਬੋਧਨ ਕਰਦਿਆਂ ਕਿਹਾ ਕਿ ਫਲਸਤੀਨ ਦੇ ਗਾਜ਼ਾ 'ਚ 75 ਫੀਸਦੀ ਲੋਕਾਂ ਦੀ ਤਬਾਹੀ, ਘਰਾਂ ਦੀ ਬਰਬਾਦੀ, ਰਾਸ਼ਨ ਦੀ ਕਮੀ ਕਿਲਤ ਅਤੇ ਇਲਾਜ ਪੱਖੋਂ ਮਰ ਰਹੇ ਲੋਕਾਂ ਦੀ ਗਿਣਤੀ 20000 ਤੋਂ ਉੱਪਰ ਪਹੁੰਚ ਗਈ ਹੈ। ਅਜਿਹਾ ਕਤਲੇਆਮ ਸੰਸਾਰ 'ਚ ਅੱਜ ਦੇ ਸਮੇਂ ਦਾ ਸਭ ਤੋਂ ਵੱਡਾ ਦਿਲ ਕੰਬਾਊ ਦੁਖਾਂਤ ਹੈ। ਸਮੂਹ ਆਗੂਆਂ ਨੇ ਮੋਦੀ ਦੀ ਫਾਸ਼ੀ ਹਕੂਮ ਵੱਲੋਂ ਅਮਰੀਕਾ ਨਾਲ ਇਲਹਾਕ ਦੇ ਚੱਲਦਿਆਂ ਕਾਤਲ ਇਜ਼ਰਾਈਲ ਦੇ ਹੱਕ 'ਚ ਖੜ੍ਹਨ ਦੀ ਨਿੰਦਾ ਕੀਤੀ ਅਤੇ ਮੀਟਿੰਗ 'ਚ ਲੋਕਾਂ ਕੋਲੋਂ ਭਰਵੇਂ ਫਾਸ਼ੀ ਤਾਕਤਾਂ ਖਿਲਾਫ ਸਹਿਯੋਗ ਦੀ ਮੰਗ ਕੀਤੀ।

# ਕੰਬੋਅ ਤੋਂ 'ਆਪ' ਦੇ ਦਰਜਨਾਂ ਵਰਕਰਾਂ ਵੱਲੋਂ ਭਾਜਪਾ 'ਚ ਸ਼ਮੂਲੀਅਤ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਵਿਧਾਨ ਸਭਾ ਹਲਕਾ ਖਡੂਰ ਸਾਹਿਬ ਦੇ ਪਿੰਡ ਕੰਬੋਅ ਵਿਖੇ ਉਸ ਸਮੇਂ ਭਾਰਤੀ ਜਨਤਾ ਪਾਰਟੀ ਨੂੰ ਬੱਲ ਮਿਲਿਆ ਜਦੋਂ ਆਮ ਆਦਮੀ ਪਾਰਟੀ ਦੇ ਨੌਜਵਾਨ ਦਰਜਨਾਂ ਵਰਕਰਾਂ ਨੇ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਦੀ ਅਗਵਾਈ ਹੇਠ ਭਾਰਤੀ ਜਨਤਾ ਪਾਰਟੀ ਵਿੱਚ ਸ਼ਮੂਲੀਅਤ ਕਰ ਲਈ। ਹਰੀਕੇ ਮੰਡਲ ਦੇ ਜਰਨਲ ਸਕੱਤਰ ਜਸਬੀਰ ਸਿੰਘ ਗੋਲਡੀ ਦੀ ਪ੍ਰੇਰਨਾ ਸਦਕਾ ਨੌਜਵਾਨ ਆਗੂ ਜਸਬੀਰ ਸਿੰਘ ਜੱਸਾ ਦੇ ਉੱਦਮਾਂ ਸਦਕਾ ਦਰਜਨਾਂ ਨੌਜਵਾਨਾਂ ਰਮਨਦੀਪ ਸਿੰਘ, ਰਣਜੀਤ ਸਿੰਘ, ਸਾਜਨ ਸਿੰਘ, ਸਰਵਣ ਸਿੰਘ, ਅਵਤਾਰ ਸਿੰਘ, ਸੁਰਜੀਤ ਸਿੰਘ, ਸੋਨਾ ਸਿੰਘ, ਜਗਰੂਪ ਸਿੰਘ, ਗੁਰਪ੍ਰੀਤ ਸਿੰਘ, ਸੰਦੀਪ ਸਿੰਘ, ਗੁਰਜੀਤ ਸਿੰਘ, ਨਿਸ਼ਾਨ ਸਿੰਘ, ਰਛਪਾਲ ਸਿੰਘ, ਅਰਸ਼ਦੀਪ ਸਿੰਘ, ਕੈਪਟਨ ਸਿੰਘ, ਯੋਧਬੀਰ ਸਿੰਘ, ਮਨਜਿੰਦਰ ਸਿੰਘ, ਜਗਰੂਪ ਸਿੰਘ, ਹਰਪ੍ਰੀਤ ਸਿੰਘ, ਕਰਨ ਸਿੰਘ, ਪਲਵਿੰਦਰ ਸਿੰਘ, ਸੁਖਬੀਰ ਸਿੰਘ, ਅਜਮੇਰ ਸਿੰਘ ਨੇ ਜੈਕਾਰਿਆਂ ਦੀ ਗੂੰਜ ਵਿੱਚ ਭਾਰਤੀ ਜਨਤਾ ਪਾਰਟੀ ਦੀ ਅਗਵਾਈ ਕਬੂਲ ਲਈ ਅਤੇ ਇਕਸੁਰ ਹੋ ਕੇ ਵਿਸ਼ਵਾਸ ਵੀ ਦੁਆਇਆ ਕਿ ਉਹ ਹੁਣ ਭਵਿੱਖ ਵਿੱਚ ਆਪਣੇ ਅਧਿਕਾਰ ਮਤਦਾਨ ਹਮੇਸ਼ਾਂ ਭਾਰਤੀ ਜਨਤਾ ਪਾਰਟੀ ਦੇ ਹੱਕ ਵਿੱਚ ਹੀ ਕਰਨਗੇ। ਸ਼ਾਮਲ ਹੋਣ ਵਾਲੇ ਸਾਰੇ ਹੀ ਨਵੇਂ ਵਰਕਰਾਂ ਨੂੰ ਜ਼ਿਲਾ ਪ੍ਰਧਾਨ ਹਰਜੀਤ ਸਿੰਘ ਸੰਧੂ ਅਤੇ ਉਨਾਂ ਦੀ ਟੀਮ ਵੱਲੋਂ ਪਾਰਟੀ ਚਿੰਨ੍ਹ ਦੇ ਕੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਅਤੇ ਪਾਰਟੀ ਦੀ ਰੀਤੀ ਨੀਤੀ ਬਾਰੇ ਵੀ ਖੁੱਲ੍ਹ ਕੇ ਚਾਨਣਾ ਪਾਇਆ ਕਿ ਪਾਰਟੀ ਲਈ ਵਫਾਦਾਰੀ ਅਤੇ ਮਿਹਨਤ ਨਾਲ ਵਰਕਰੀ ਕਰਨ ਵਾਲੇ ਆਗੂ ਨੂੰ ਕਾਮਯਾਬੀ ਜ਼ਰੂਰ ਮਿਲਦੀ ਹੈ। ਇਸ ਮੌਕੇ ਜ਼ਿਲਾ ਜਰਨਲ ਸਕੱਤਰ ਸੁਰਜੀਤ ਸਿੰਘ ਸਾਗਰ, ਮੀਤ ਪ੍ਰਧਾਨ ਸ਼ਿਵ ਕੁਮਾਰ ਸੋਨੀ, ਐਜੂਕੇਸ਼ਨ ਸੈੱਲ ਦੇ ਸੂਬਾ ਜਰਨਲ ਸਕੱਤਰ ਰਾਣਾ ਗੁਲਬੀਰ ਸਿੰਘ, ਸੀਨੀਅਰ ਭਾਜਪਾ ਆਗੂ ਹਰਪ੍ਰੀਤ ਸਿੰਘ ਸਿੰਦਬਾਦ, ਮੰਡਲ ਸਰਹਾਲੀ ਦੇ ਪ੍ਰਧਾਨ ਗੌਰਵ ਦੇਵਗਨ, ਐੱਸਸੀ ਮੋਰਚੇ ਦੇ ਜਰਨਲ ਸਕੱਤਰ ਅਵਤਾਰ ਸਿੰਘ ਬੰਟੀ ਅਤੇ ਹੋਰ ਪਾਰਟੀ ਆਗੂ ਸਾਹਿਬਾਨ ਵੀ ਮੌਜੂਦ ਸਨ।

# ਰੋਟਰੀ ਕਲੱਬ 3070 ਵੱਲੋਂ ਆਯੋਜਿਤ ਸਨਮਾਨ ਸਮਾਗਮ ਧੂਮਧਾਮ ਨਾਲ ਸੰਪੰਨ



**ਅੰਮ੍ਰਿਤਸਰ (ਅਰੋੜਾ)**- ਰੋਟਰੀ ਕਲੱਬ ਅੰਮ੍ਰਿਤਸਰ ਸੈਂਟਰ ਵੱਲੋਂ ਰੋਟਰੀ ਡਿਸਟ੍ਰਿਕਟ 3070 ਦੀਆਂ ਕਲੱਬਾਂ ਦੇ ਸਹਿਯੋਗ ਦੇ ਨਾਲ ਆਉਣ ਵਾਲੇ ਸਾਲ 2024-25 ਦੇ ਗਵਰਨਰ ਡਾ. ਪੀ. ਐੱਸ. ਗਰੋਵਰ ਅਤੇ ਰੋਟਰੀ ਦੇ ਸਾਬਕਾ ਗਵਰਨਰ ਗੁਰਜੀਤ ਸਿੰਘ ਸੇਖੋਂ ਦੇ ਸਨਮਾਨ ਲਈ ਖਾਸ ਸਮਾਗਮ ਦਾ ਆਯੋਜਨ ਰੋਟਰੀ ਸੈਂਟਰ ਦੇ ਪ੍ਰਧਾਨ ਰਵੀ ਹਾਂਡਾ, ਚੇਅਰਮੈਨ ਰਕੇਸ਼ ਕਪੂਰ, ਸਕੱਤਰ ਪਰਵੀਨ ਮੇਹਰਾ, ਐਗਜ਼ੈਕਟਿਵ ਸਕੱਤਰ ਰਵੀ ਪਠਾਨੀਆ, ਸਾਬਕਾ ਪ੍ਰਧਾਨ ਪਵਨ ਕਪੂਰ ਦੀ ਦੇਖ-ਰੇਖ ਵਿੱਚ ਧੂਮਧਾਮ ਨਾਲ ਸੰਪੰਨ ਹੋਇਆ। ਸਮਾਗਮ ਵਿੱਚ ਰੋਟਰੀ 3070 ਦੇ ਆਉਣ ਵਾਲੇ ਗਵਰਨਰ ਡਾ. ਪੀ. ਐੱਸ. ਗਰੋਵਰ ਅਤੇ ਸਾਬਕਾ ਗਵਰਨਰ ਗੁਰਜੀਤ ਸਿੰਘ ਸੇਖੋਂ ਨੂੰ ਅੰਮ੍ਰਿਤਸਰ, ਬਟਾਲਾ, ਜਲੰਧਰ ਤੋਂ ਆਏ ਸਾਬਕਾ ਗਵਰਨਰਾਂ ਅਤੇ ਕਲੱਬਾਂ ਦੇ ਅਹੁਦੇਦਾਰਾਂ ਵੱਲੋਂ ਖਾਸ ਰੂਪ ਵਿੱਚ ਸਨਮਾਨਿਤ ਵੀ ਕੀਤਾ ਗਿਆ। ਰੋਟਰੀ ਸੈਂਟਰ ਦੇ ਅਹੁਦੇਦਾਰਾਂ ਨੇ ਦੱਸਿਆ ਕਿ ਇਹ ਗੁਰੂ ਕੀ ਨਗਰੀ ਅੰਮ੍ਰਿਤਸਰ ਦੇ ਲਈ ਬਹੁਤ ਮਾਣ ਦੀ ਗੱਲ ਹੈ ਕਿ ਅੰਮ੍ਰਿਤਸਰ ਦੇ ਸਾਬਕਾ ਗਵਰਨਰ ਗੁਰਜੀਤ ਸਿੰਘ ਸੇਖੋਂ ਨੂੰ ਰੋਟਰੀ ਇੰਟਰਨੈਸ਼ਨਲ ਵੱਲੋਂ ਅਮੈਰਿਕਾ ਵਿਖੇ ਦੁਨੀਆ ਭਰ ਦੇ ਬਣਨ ਵਾਲੇ ਗਵਰਨਰਾਂ ਨੂੰ ਸਿੱਖਿਅਤ ਕਰਨ ਦੀ ਜ਼ਿੰਮੇਵਾਰੀ ਸੌਂਪੀ ਗਈ ਹੈ। ਸਮਾਗਮ ਵਿੱਚ ਰੋਟਰੀ ਕਲੱਬ ਅੰਮ੍ਰਿਤਸਰ ਆਸਥਾ ਦੇ ਪ੍ਰਧਾਨ ਅਮਨ ਸ਼ਰਮਾ, ਸਾਬਕਾ ਪ੍ਰਧਾਨ ਅਸ਼ਵਨੀ ਅਵਸਥੀ, ਅਸ਼ੋਕ ਸ਼ਰਮਾ, ਪਰਮਜੀਤ ਸਿੰਘ, ਐੱਚ. ਐੱਸ. ਜੋਗੀ, ਅੰਦੇਸ਼ ਭੱਲਾ, ਰੋਟਰੀ ਕਲੱਬ ਨੌਰਥ ਦੇ ਸਾਬਕਾ ਪ੍ਰਧਾਨ ਵਿਜੇ ਭਸੀਨ, ਸੰਜੇ ਮਲਿਕ, ਸੀ. ਏ. ਸ਼ਿਵ ਗੁਪਤਾ, ਯਸ਼ਪਾਲ ਅਰੋੜਾ, ਰੋਟਰੀ ਕਲੱਬ ਮੇਨ ਦੇ ਸਾਬਕਾ ਪ੍ਰਧਾਨ ਸਚਿਨ ਅਰੋੜਾ, ਮੌਜੂਦਾ ਸਕੱਤਰ ਸਾਵਨ ਅਰੋੜਾ, ਰੋਟਰੀ ਵੈਸਟ ਦੇ ਮੁੱਖ ਸੰਚਾਲਕ ਡਾ. ਜਸਪ੍ਰੀਤ ਗਰੋਵਰ, ਡਾ. ਰਜੇਸ਼ ਕਪਿਲਾ, ਡਾ. ਸਾਰਿਕਾ, ਡਾ. ਸੰਦੀਪ ਅਗਰਵਾਲ, ਡਾ. ਰਵਨੀਤ ਅਤੇ ਡਾ. ਰੁਚਿਕਾ ਗਰੋਵਰ ਖਾਸ ਰੂਪ ਨਾਲ ਸ਼ਾਮਿਲ ਹੋਏ। ਸਮਾਗਮ ਨੂੰ ਸਾਰੇ ਸਾਬਕਾ ਗਵਰਨਰਾਂ ਦੇ ਇਲਾਵਾ ਸਾਰੀਆਂ ਰੋਟਰੀ ਕਲੱਬਾਂ ਦੇ ਪ੍ਰਧਾਨ ਜਲੰਧਰ, ਬਟਾਲਾ ਤੋਂ ਆਉਣ ਵਾਲੇ ਅਹੁਦੇਦਾਰਾਂ ਨੇ ਸੰਬੋਧਨ ਕੀਤਾ। ਸਾਰੇ ਅਹੁਦੇਦਾਰਾਂ ਨੇ ਸਮਾਗਮ ਦੇ ਮੁੱਖ ਪ੍ਰਬੰਧਕ ਰਕੇਸ਼ ਕਪੂਰ ਦੀ ਸ਼ਲਾਘਾ ਕਰਦੇ ਹੋਏ ਕਿਹਾ ਕਿ ਉਨ੍ਹਾਂ ਨੇ ਸਿਹਤ ਠੀਕ ਨਾ ਰਹਿਦ ਦੇ ਬਾਵਜੂਦ ਵੀ ਇੰਨੇ ਵੱਡੇ ਸਮਾਗਮ ਦਾ ਆਯੋਜਨ ਕਰਕੇ ਇੱਕ ਚੰਗੇ ਅਤੇ ਜ਼ਿੰਮੇਵਾਰ ਰੋਟੇਰੀਅਨ ਹੋਣ ਦਾ ਸਬੂਤ ਦਿੱਤਾ ਹੈ। ਸਾਰੇ ਦੂਰ ਦੁਰੇਡੇ ਤੋਂ ਆਏ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਡਾ. ਗਰੋਵਰ ਅਤੇ ਅਮਰੀਕਾ ਦੇ ਲਈ ਰਵਾਨਾ ਹੋਣ ਵਾਲੇ ਗੁਰਜੀਤ ਸਿੰਘ ਸੇਖੋਂ ਨੂੰ ਫੁੱਲ ਮਾਲਾਵਾਂ ਪਹਿਨਾ ਕੇ ਉਨ੍ਹਾਂ ਨੂੰ ਸਨਮਾਨਿਤ ਕੀਤਾ। ਸਮਾਗਮ ਨੂੰ ਸਾਬਕਾ ਗਵਰਨਰ ਅਵਿਨਾਸ਼ ਮਹੇਂਦਰੂ, ਸਾਬਕਾ ਗਵਰਨਰ ਅਰੁਣ ਕਪੂਰ, ਸੀਨੀਅਰ ਰੋਟੇਰੀਅਨ ਇੰਜੀ. ਪੁਸ਼ਪਿੰਦਰ ਸਿੰਘ ਆਦਿ ਨੇ ਵੀ ਸੰਬੋਧਨ ਕੀਤਾ।

# ਸੰਤ ਬਾਬਾ ਤਾਰਾ ਸਿੰਘ ਤੇ ਸੰਤ ਬਾਬਾ ਚਰਨ ਸਿੰਘ ਦੇ ਬਰਸੀ ਸਮਾਗਮ ਦੀਆਂ ਤਿਆਰੀਆ ਸ਼ੁਰੂ : ਬਾਬਾ ਹਾਕਮ ਸਿੰਘ



**ਸਰਹਾਲੀ ਕਲਾਂ (ਹਰਪ੍ਰੀਤ ਸਿੰਘ ਚੰਬਾ)**-ਸੱਚਖੰਡ ਵਾਸੀ ਸੰਤ ਬਾਬਾ ਤਾਰਾ ਸਿੰਘ ਜੀ ਅਤੇ ਸੱਚਖੰਡ ਵਾਸੀ ਸੰਤ ਬਾਬਾ ਚਰਨ ਸਿੰਘ ਜੀ ਬਾਨੀ ਸੰਪਰਦਾਇ ਕਾਰ ਸੇਵਾ ਸਰਹਾਲੀ ਸਾਹਿਬ ਵਾਲਿਆ ਦਾ ਸਲਾਨਾ ਬਰਸੀ ਸਮਾਗਮ ਹਰ ਸਾਲ ਦੀ ਤਰ੍ਹਾਂ ਐਤਕੀ ਵੀ 18 ਪੋਹ 1 ਜਨਵਰੀ 2024 ਨੂੰ ਗੁਰਦੁਆਰਾ ਗੁਰਪੁਰੀ ਸਾਹਿਬ ਵਿਖੇ ਦੇਸ਼ ਵਿਦੇਸ਼ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਮੌਜੂਦਾ ਗੱਦੀਨਸ਼ੀਨ ਸੰਤ ਬਾਬਾ ਸੁੱਖਾ ਸਿੰਘ ਜੀ ਕਾਰ ਸੇਵਾ ਸਰਹਾਲੀ ਸਾਹਿਬ ਵਾਲਿਆਂ ਦੀ ਰਹਿਨੁਮਾਈ ਹੇਠ ਬੜੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਜਾ ਰਿਹਾ ਹੈ। ਸੰਤ ਬਾਬਾ ਹਾਕਮ ਸਿੰਘ ਜੀ ਨੇ ਦੱਸਿਆ ਕਿ ਇਸ ਦਿਨ ਪਹਿਲਾਂ ਤੋਂ ਰੱਖੇ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ ਪਾਏ ਜਾਣਗੇ। ਭੋਗ ਉਪਰੰਤ ਧਾਰਮਿਕ ਦੀਵਾਨ ਵਿੱਚ ਉੱਚ ਕੋਟੀ ਦੇ ਕੀਰਤਨੀ ਜੱਥੇ ਆਈਆਂ ਸੰਗਤਾਂ ਨੂੰ ਇਲਾਹੀ ਬਾਣੀ ਦਾ ਕੀਰਤਨ ਸੁਣਾ ਕੇ ਨਿਹਾਲ ਕਰਨਗੇ। ਇਸ ਮੌਕੇ ਭਾਰਤ ਦੇ ਕੋਨੇ ਕੋਨੇ ਅਤੇ ਵਿਦੇਸ਼ਾਂ ਵਿੱਚੋਂ ਲੱਖਾਂ ਦੀ ਤਦਾਦ 'ਚ ਸੰਗਤਾਂ ਪੁੱਜ ਕੇ ਨਤਮਸਤਕ ਹੋਣਗੀਆਂ। ਬੇਅੰਤ ਧਾਰਮਿਕ ਤੇ ਪੂਜਣਯੋਗ ਸਖਸੀਅਤਾਂ ਵੀ ਸੰਗਤਾਂ ਨੂੰ ਦਰਸ਼ਨ ਦੀਦਾਰੇ ਦੇਣਗੀਆਂ। ਵੱਖ ਵੱਖ ਸਿਆਸੀ ਅਤੇ ਗੈਰ-ਸਿਆਸੀ ਪਹਿਲੀ ਦੂਸਰੀ ਕਤਾਰ ਦੇ ਆਗੂ ਅਤੇ ਵਰਕਰ ਸਾਹਿਬਾਨ ਵੀ ਮਹਾਂਪੁਰਖਾਂ ਨੂੰ ਸੱਚੇ ਦਿਲੋਂ ਸ਼ਰਧਾ ਦੇ ਫੁੱਲ ਭੇਟ ਕਰਨਗੇ। ਇਸੇ ਤਰ੍ਹਾਂ 2 ਜਨਵਰੀ ਦਿਨ ਮੰਗਲਵਾਰ ਨੂੰ ਗਰੀਬ ਤੇ ਲੋੜਵੰਦ ਪਰਿਵਾਰਾ ਦੀਆਂ ਧੀਆਂ ਦੇ ਸਮੂਹਿਕ ਅਨੰਦ ਕਾਰਜ ਪੂਰਨ ਗੁਰ ਮਰਿਆਦਾ ਅਨੁਸਾਰ ਕਰਵਾਏ ਜਾਣਗੇ। ਸਾਰਾ ਦਿਨ ਮਨੁੱਖਤਾ ਦੀ ਭਲਾਈ ਲਈ ਖੂਨਦਾਨ ਕੈਂਪ ਚੱਲਦਾ ਰਹੇਗਾ ਜਿਸ ਵਿੱਚ ਆਈਆਂ ਸੰਗਤਾਂ ਖੂਨਦਾਨ ਕਰਨਗੀਆਂ। ਦੇਸ਼ ਵਿਦੇਸ਼ ਵਿੱਚੋਂ ਪੁੱਜ ਰਹੀਆਂ ਲੱਖਾਂ ਸੰਗਤਾਂ ਦੀ ਸਿਹਤ ਦੀ ਤੰਦਰੁਸਤੀ ਲਈ ਮੁਫਤ ਮੈਡੀਕਲ ਕੈਂਪ ਲਗਾਏ ਜਾਣਗੇ। ਬਾਬਾ ਜੀ ਨੇ ਦੱਸਿਆ ਕਿ ਬਰਸੀ ਸਮਾਗਮ ਤੇ ਪੁੱਜ ਰਹੀਆਂ ਸੰਗਤਾਂ ਦੀ ਸੁਚੱਜੇ ਪ੍ਰਬੰਧਾਂ ਲਈ ਹੁਣ ਤੋਂ ਹਜ਼ਾਰਾਂ ਦੀ ਤਾਦਾਦ ਵਿੱਚ ਸੇਵਾਦਾਰਾਂ ਨੇ ਦਿਨ-ਰਾਤ ਇੱਕ ਕਰਕੇ ਤਿਆਰੀਆਂ ਆਰੰਭ ਕਰ ਦਿੱਤੀਆਂ ਹਨ। ਗੁਰਦੁਆਰਾ ਗੁਰਪੁਰੀ ਸਾਹਿਬ ਤੇ ਹੈੱਡ ਕੁਆਟਰ ਡੇਰਾ ਤਪੋਬਨ ਸਾਹਿਬ (ਨਵਾਂ ਪੜਾਅ) ਵਿਖੇ ਹੁਣ ਤੋਂ ਹੀ ਭਾਰਤ ਦੇ ਕੋਨੇ ਕੋਨੇ ਤੇ ਵਿਦੇਸ਼ਾਂ ਵਿੱਚੋਂ ਸੰਗਤ ਪੁੱਜਣੀ ਸ਼ੁਰੂ ਹੋ ਗਈ ਹੈ। ਸੰਗਤ ਦੀ ਭਾਰੀ ਆਮਦ ਨੂੰ ਵੇਖਦਿਆਂ ਗੁਰਪੁਰੀ ਸਾਹਿਬ ਤੇ ਡੇਰਾ ਨਵਾਂ ਪੜਾਅ ਦੇ ਚਾਰ ਚੁਫੇਰੇ ਕਈ ਕਈ ਕਿਲੋਮੀਟਰ ਤੱਕ ਦੇ ਸਾਰੇ ਰਸਤਿਆਂ ਤੇ ਸਾਫ ਸਫਾਈ ਕਰਕੇ ਪੱਧਰ ਕਰ ਦਿੱਤੇ ਤਾਂ ਜੋ ਸੰਗਤ ਭਾਰੀ ਰਸ ਕਾਰਨ ਟ੍ਰੈਫਿਕ ਜਾਮ ਨਾ ਹੋਵੇ ਤੇ ਸੰਗਤ ਨੂੰ ਆਉਣ ਜਾਣ 'ਚ ਕੋਈ ਮੁਸ਼ਕਿਲ ਨਾ ਆਵੇ।

# ਡਾ. ਤੇਜਿੰਦਰ ਸਿੰਘ ਢਿੱਲੋਂ ਵੱਲੋਂ ਗੁਰੂ ਕਿਰਪਾ ਕਲੀਨਿਕ ਦਾ ਉਦਘਾਟਨ



**ਝਬਾਲ (ਹਰਜਿੰਦਰ ਸਿੰਘ ਸੋਨੀ)**-ਨਿਊ ਐੱਮ. ਪੀ. ਏ. ਪੀ. ਦੀ ਬਲਾਕ ਝਬਾਲ (ਜ਼ਿਲਾ ਤਰਨਤਾਰਨ) ਦੇ ਡਾਕਟਰ ਬਲਜਿੰਦਰ ਸਿੰਘ ਚੀਚਾ ਵੱਲੋਂ ਪਿੰਡ ਵਿੱਚ ਨਵੇਂ ਗੁਰੂ ਕਿਰਪਾ ਕਲੀਨਿਕ ਦਾ ਉਦਘਾਟਨ ਕੀਤਾ ਗਿਆ। ਵਿਸ਼ੇਸ਼ ਤੌਰ 'ਤੇ ਪਹੁੰਚੇ ਯੂਨੀਅਨ ਦੇ ਸੂਬਾ ਪ੍ਰਧਾਨ ਡਾ. ਤੇਜਿੰਦਰ ਸਿੰਘ ਢਿੱਲੋਂ ਨੇ ਕਲੀਨਿਕ ਦਾ ਉਦਘਾਟਨ ਕੀਤਾ ਗਿਆ। ਡਾ. ਢਿੱਲੋਂ ਨੇ ਡਾ. ਬਲਜਿੰਦਰ ਸਿੰਘ ਚੀਚਾ ਨੂੰ ਵਧਾਈ ਦਿੱਤੀ ਅਤੇ ਸ਼ੁੱਭ ਕਾਮਨਾਵਾਂ ਭੇਟ ਕੀਤੀਆਂ। ਡਾ ਤੇਜਿੰਦਰ ਸਿੰਘ ਢਿੱਲੋਂ ਨੇ ਪਹੁੰਚੇ ਹੋਏ ਸਾਰੇ ਸਾਥੀਆਂ ਅਤੇ ਬਲਾਕ ਦੇ ਬਾਕੀ ਡਾਕਟਰਾਂ ਨੂੰ ਮੁਖਾਤਿਬ ਹੁੰਦੇ ਹੋਏ ਗਾਈਡ ਲਾਈਨਜ਼ ਜਾਰੀ ਕੀਤੀਆਂ ਕਿ ਆਪਣੇ ਕਲੀਨਿਕਾਂ ਦੀ ਸਾਫ ਸਫਾਈ ਰੱਖਣ, ਨਸ਼ਾਖੋਰੀ ਅਤੇ ਨਸ਼ੀਲੀਆਂ ਦਵਾਈਆਂ ਵੇਚਣ ਤੋਂ ਕੋਹਾਂ ਦੂਰ ਰਹਿਣ, ਹਰੇਕ ਮਹੀਨੇ ਬਲਾਕ ਦੀ 11 ਤਰੀਕ ਦੀ ਮੀਟਿੰਗ ਵਿੱਚ ਹਾਜ਼ਰ ਹੋਣ ਅਤੇ ਮੌਸਮੀ ਬਿਮਾਰੀਆਂ ਦੇ ਕਾਰਨ, ਲੱਛਣ ਅਤੇ ਇਲਾਜ ਪ੍ਰਤੀ ਮਰੀਜ਼ਾਂ ਨੂੰ ਜਾਗਰੂਕ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ। ਸੂਬਾ ਪ੍ਰਧਾਨ ਡਾ. ਢਿੱਲੋਂ ਨੇ ਯੂਨੀਅਨ ਦੇ ਅਸੂਲਾਂ ਤੇ ਨਿਯਮਾਂ ਵਿਚੋਂ ਮੁੱਖ ਨਿਯਮ ਤੋ ਜਾਣੂ ਕਰਵਾਉਂਦੇ ਹੋਏ ਇਹ ਗੱਲ ਮੁੜ ਦੁਹਰਾਈ ਕਿ ਯੂਨੀਅਨ ਵਿੱਚ ਭ੍ਰਿਸ਼ਟਾਚਾਰ ਲਈ ਕੋਈ ਥਾਂ ਨਹੀਂ ਹੈ ਅਤੇ ਨਾ ਹੀ ਭ੍ਰਿਸ਼ਟਾਚਾਰ ਨੂੰ ਬਰਦਾਸ਼ਤ ਕੀਤਾ ਜਾਵੇਗਾ। ਉਲੰਘਣਾ ਕਰਨ ਵਾਲੇ ਸ਼ਖਸ ਨੂੰ ਤੁਰੰਤ ਪ੍ਰਭਾਵ ਨਾਲ ਯੂਨੀਅਨ ਵਿਚੋਂ ਬਾਹਰ ਦਾ ਰਸਤਾ ਦਿਖਾ ਦਿੱਤਾ ਜਾਵੇਗਾ। ਭਾਵੇਂ ਉਹ ਕਿੰਨੇ ਵੀ ਵੱਡੇ ਅਹੁਦੇ 'ਤੇ ਕਿਉ ਨਾ ਹੋਵੇ। ਸੂਬਾ ਪ੍ਰਧਾਨ ਡਾ. ਤੇਜਿੰਦਰ ਸਿੰਘ ਢਿੱਲੋਂ ਨੇ ਸੂਬਾ ਸਰਕਾਰ ਨੂੰ ਯਾਦ ਕਰਵਾਉਂਦਿਆਂ ਕਿਹਾ ਕਿ ਪੰਜਾਬ ਵਿੱਚ 1963 ਤੋਂ ਬੰਦ ਪਈ ਰਜਿਸਟ੍ਰੇਸ਼ਨ ਨੂੰ ਮੁੜ ਲਾਗੂ ਕੀਤਾ ਜਾਵੇ, ਆਰ. ਐੱਮ. ਪੀ. ਸਾਥੀਆਂ ਦੀਆਂ ਹੱਕੀ ਮੰਗਾਂ ਤੇ ਗੌਰ ਕੀਤਾ ਜਾਵੇ, ਬਾਹਰਲੇ ਸੂਬੇ ਤੋਂ ਮਾਨਤਾ ਪ੍ਰਾਪਤ ਡਾਕਟਰਾਂ ਨੂੰ ਪੰਜਾਬ ਵਿੱਚ ਪ੍ਰੈਕਟਿਸ ਕਰਨ ਦਾ ਹੱਕ ਦੇਣ ਅਤੇ ਯੋਗ ਤਜਰਬੇ ਦੇ ਆਧਾਰ ਤੇ ਸਭ ਨੂੰ ਰਜਿਸਟਰਡ ਕੀਤਾ ਜਾਵੇ। ਡਾ. ਢਿੱਲੋਂ ਨੇ ਮੀਡੀਆ ਰਾਹੀਂ ਆਪਣੀ ਆਵਾਜ਼ ਬੁਲੰਦ ਕਰਦੇ ਹੋਏ ਮਾਣਯੋਗ ਮੁੱਖ ਮੰਤਰੀ ਭਗਵੰਤ ਮਾਨ ਅਤੇ ਸਿਹਤ ਮੰਤਰੀ ਬਲਬੀਰ ਸਿੰਘ ਦੇ ਧਿਆਨ ਵਿੱਚ ਬੋਲਦੇ ਹੋਏ ਕਿਹਾ ਕਿ ਮਾਨ ਨੇ ਚੋਣਾਂ ਤੋਂ ਪਹਿਲਾਂ ਆਪਣੇ ਕੀਤੇ ਵਾਅਦੇ ਕਿ ਪੰਜਾਬ ਵਿੱਚ ਆਮ ਆਦਮੀ ਪਾਰਟੀ ਦੀ ਸਰਕਾਰ ਆਉਣ ਤੇ ਆਰ. ਐੱਮ. ਪੀ. ਡਾਕਟਰਾਂ ਨੂੰ ਪਹਿਲ ਦੇ ਆਧਾਰ 'ਤੇ ਰਜਿਸਟਰਡ ਕੀਤਾ ਜਾਵੇਗਾ। ਦੂਜੀਆਂ ਸਰਕਾਰਾਂ ਦੀਆਂ ਟਾਲ-ਮਟੋਲ ਅਤੇ ਖੱਜਲ-ਖੁਆਰੀ ਵਾਲੀਆਂ ਨੀਤੀਆਂ ਦੇ ਉਲਟ ਪੰਜਾਬ ਵਿੱਚ ਬਦਲਾਅ ਦੀ ਲਹਿਰ ਚੱਲੀ ਹੈ। ਇਸ ਮੌਕੇ ਸੂਬਾ ਪ੍ਰਧਾਨ ਡਾ. ਤੇਜਿੰਦਰ ਸਿੰਘ ਢਿੱਲੋਂ, ਡਾ. ਪਲਵਿੰਦਰ ਸਿੰਘ ਢਿੱਲੋਂ, ਡਾ. ਹਰਪ੍ਰੀਤ ਸਿੰਘ ਚੀਮਾ, ਡਾ. ਗੁਰਜੀਤ, ਡਾ. ਅਮਰੀਕ ਸਿੰਘ ਭੁਸੇ, ਡਾ. ਮਲਕੀਅਤ ਸਿੰਘ ਚਾਹਲ, ਬਲਾਕ ਪ੍ਰਧਾਨ ਡਾ. ਮੱਸਾ ਸਿੰਘ ਰੰਧਾਵਾ, ਸਕੱਤਰ ਡਾ. ਕਸਮੀਰ ਸਿੰਘ ਸੱਪਲ, ਡਾ. ਨਿਰਮਲ ਸਿੰਘ ਸਲਹੋਤਰਾ, ਡਾ. ਲਖਬੀਰ ਸਿੰਘ ਇੱਬਨ, ਡਾ. ਡਾਇਮੰਡ ਹੀਰਾ, ਡਾ. ਸੁਖਦੇਵ ਸਿੰਘ ਬੁਰਜ, ਡਾ. ਗੁਰਦੇਵ ਸਿੰਘ ਮੁਹਾਵਾ, ਡਾ. ਗੁਰਦੇਵ ਸਿੰਘ ਸੋਹਲ, ਡਾ. ਗੁਰਸਰਨ ਸਿੰਘ ਭੁਸੇ, ਡਾ. ਕੇਵਲ ਕ੍ਰਿਸ਼ਨ, ਡਾ. ਸੁਰਜੀਤ ਸਿੰਘ ਗਾਂਧੀ ਅਤੇ ਹੋਰ ਸਾਥੀ ਹਾਜ਼ਰ ਸਨ।

# ਝਬਾਲ ਵਾਸੀਆਂ ਨੂੰ ਜਲਦੀ ਮਿਲੇਗੀ ਨਗਰ ਪੰਚਾਇਤ ਦੀ ਸੌਗਾਤ : ਡਾ. ਸੋਹਲ



**ਸਰਾਏ ਅਮਾਨਤ ਖਾਂ (ਮੱਖਣ ਮਨੋਜ)**-ਤਰਨ ਤਾਰਨ ਦੇ ਵਿਧਾਇਕ ਡਾਕਟਰ ਕਸ਼ਮੀਰ ਸਿੰਘ ਸੋਹਲ ਨੇ ਝਬਾਲ ਵਿਖੇ ਜਲਦੀ ਹੀ ਨਗਰ ਪੰਚਾਇਤ ਬਣਾ ਕੇ ਇਸ ਧਾਰਮਿਕ ਕਸਬੇ ਦਾ ਸਰਬਪੱਖੀ ਵਿਕਾਸ ਕੀਤਾ ਜਾਵੇਗਾ। ਡਾਕਟਰ ਸੋਹਲ ਬੀਤੇ ਦਿਨ ਆਮ ਆਦਮੀ ਪਾਰਟੀ ਦੇ ਸੋਸ਼ਲ ਮੀਡੀਆ ਕੋਆਰਡੀਨੇਟਰ ਮਾਣਕ ਸਿੰਘ ਹੈਪੀ ਦੇ ਗ੍ਰਹਿ ਵਿਖੇ ਪਾਰਟੀ ਵਲੰਟੀਅਰਾਂ ਦੇ ਇਕੱਠ ਨੂੰ ਸੰਬੋਧਨ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਸਮੇਂ ਕਸਬਾ ਝਬਾਲ ਅੰਦਰ ਸੱਤ ਪੰਚਾਇਤਾਂ ਹਨ ਜਿਨ੍ਹਾਂ ਵਿੱਚ ਝਬਾਲ ਖਾਸ, ਝਬਾਲ ਪੁਖਤਾ, ਅੱਡਾ ਝਬਾਲ, ਝਬਾਲ ਖੁਰਦ, ਸਵਰਗਾਪੁਰੀ, ਬਘੇਲ ਸਿੰਘ ਵਾਲਾ ਅਤੇ ਬਾਬਾ ਲੰਗਾਹ ਦੀਆਂ ਪੰਚਾਇਤਾਂ ਝਬਾਲ ਦੇ ਵਿਕਾਸ ਲਈ ਕੰਮ ਤਾਂ ਕਰ ਰਹੀਆਂ ਹਨ। ਪਰ ਕੁਝ ਵਿਕਾਸ ਪ੍ਰੋਜੈਕਟ ਅਜਿਹੇ ਹੁੰਦੇ ਹਨ ਜੋ ਇੱਕ ਤੋਂ ਵੱਧ ਪੰਚਾਇਤਾਂ ਦੇ ਖੇਤਰ ਵਿੱਚ ਪੈਂਦੇ ਹੋਣ ਕਰਕੇ ਕੰਮ ਜਲਦੀ ਪੂਰੇ ਨਹੀਂ ਹੁੰਦੇ। ਉਨ੍ਹਾਂ ਦੱਸਿਆ ਕਿ ਨਗਰ ਪੰਚਾਇਤ ਬਣ ਜਾਣ ਨਾਲ ਝਬਾਲ ਦਾ ਸਰਬਪੱਖੀ ਵਿਕਾਸ ਸੰਭਵ ਹੋ ਸਕੇਗਾ। ਉਨ੍ਹਾਂ ਕਿਹਾ ਕਿ ਧਾਰਮਿਕ ਕਸਬੇ ਝਬਾਲ ਦਾ ਪੂਰਨ ਵਿਕਾਸ ਕਰਨਾ ਉਨ੍ਹਾਂ ਦੀ ਪਹਿਲੀ ਤਰਜੀਹ ਹੈ ਅਤੇ ਇਸ ਲਈ ਉਹ ਹਰ ਸੰਭਵ ਯਤਨ ਕਰਨਗੇ। ਇਸ ਮੌਕੇ ਪਿੰਡ ਵਾਸੀਆਂ ਨੇ ਪਾਣੀ ਦੇ ਨਿਕਾਸ, ਗਲੀਆਂ ਪੱਕੀਆਂ ਕਰਨ ਅਤੇ ਟਰੈਫਿਕ ਦੀ ਸਮੱਸਿਆ ਸਬੰਧੀ ਮੰਗਾਂ ਵਿਧਾਇਕ ਡਾਕਟਰ ਸੋਹਲ ਦੇ ਧਿਆਨ ਵਿੱਚ ਲਿਆਂਦੀਆਂ ਜਿਨਾਂ ਨੂੰ ਉਨ੍ਹਾਂ ਨੇ ਜਲਦੀ ਹੱਲ ਕਰਨ ਦਾ ਭਰੋਸਾ ਦਿੱਤਾ। ਇਸ ਮੌਕੇ ਮਾਣਕ ਸਿੰਘ ਹੈਪੀ ਜ਼ਿਲਾ ਸੋਸ਼ਲ ਮੀਡੀਆ ਕੋਆਰਡੀਨੇਟਰ, ਇੰਸਪੈਕਟਰ ਅਜੀਤ ਸਿੰਘ, ਤਰਲੋਕ ਸਿੰਘ, ਸੁਰਮਖ ਸਿੰਘ, ਡਾਕਟਰ ਗੁਰਦੇਵ ਸਿੰਘ, ਡਾਕਟਰ ਗੁਰਪ੍ਰੀਤ ਸਿੰਘ, ਮਾਸਟਰ ਜਸਪਾਲ ਸਿੰਘ, ਰੋਬਨਬੀਰ ਸਿੰਘ, ਹਰਪਾਲ ਸਿੰਘ, ਗੁਰਬੇਜ ਸਿੰਘ, ਕੁਲਵਿੰਦਰ ਸਿੰਘ ਬਾਵਾ, ਚਰਨਜੀਤ ਸਿੰਘ ਸੋਢੀ, ਭਾਈ ਰਣਧੀਰ ਸਿੰਘ, ਭਾਈ ਪਰਮਜੀਤ ਸਿੰਘ, ਦਵਿੰਦਰ ਕੌਰ, ਹਰਪ੍ਰੀਤ ਕੌਰ, ਬਲਵਿੰਦਰ ਸਿੰਘ ਫੌਜੀ, ਜਤਿੰਦਰ ਸਿੰਘ ਸਾਬਕਾ ਸਰਪੰਚ ਆਦਿ ਹਾਜ਼ਰ ਸਨ।

# ਸਾਹਿਬਜ਼ਾਦਿਆਂ ਦੀ ਅਦੁੱਤੀ ਸ਼ਹਾਦਤ ਦੀ ਉਦਾਹਰਣ ਦੁਨੀਆ 'ਚ ਕਿਤੇ ਨਹੀਂ : ਸਾਧਵੀ ਲਖਵਿੰਦਰ ਭਾਰਤੀ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਦਿਵਿਯ ਜਯੋਤੀ ਜਾਗ੍ਰਿਤੀ ਸੰਸਥਾਨ ਵੱਲੋਂ ਮੁਰਾਦਪੁਰਾ ਰੋਡ ਤਰਨ ਤਾਰਨ ਆਸ਼ਰਮ ਵਿਖੇ ਚਾਰ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਤੇ ਵਿਸ਼ੇਸ਼ ਸਤਿਸੰਗ ਪ੍ਰੋਗਰਾਮ ਆਯੋਜਿਤ ਕੀਤਾ ਗਿਆ। ਸਤਿਸੰਗ ਦੇ ਅੰਦਰ ਬਹੁਤ ਗਿਣਤੀ ਵਿੱਚ ਸ਼ਰਧਾਲੂ ਪਹੁੰਚੇ। ਸਤਿਸੰਗ ਦੌਰਾਨ ਪ੍ਰਵਚਨ ਕਰਦਿਆਂ ਸਾਧਵੀ ਲਖਵਿੰਦਰ ਭਾਰਤੀ ਨੇ ਕਿਹਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਨੇ ਜੋ ਅਮਰ ਅਤੇ ਲਾਸਾਨੀ ਸ਼ਹੀਦੀਆਂ ਦਿੱਤੀਆਂ ਉਨ੍ਹਾਂ ਦੀ ਉਦਾਹਰਨ ਵਿਸ਼ਵ ਭਰ ਦੇ ਸਮੁੱਚੇ ਇਤਿਹਾਸ ਵਿੱਚ ਕਿਧਰੇ ਵੀ ਦੇਖਣ ਨੂੰ ਨਹੀਂ ਮਿਲਦੀ। ਸਾਕਾ ਚਮਕੌਰ ਸਾਹਿਬ ਦੀ ਵਿਲੱਖਣ ਜੰਗ ਵਿੱਚ ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਨੇ ਅਮਰ ਅਤੇ ਲਾਸਾਨੀ ਸ਼ਹੀਦੀਆਂ ਪ੍ਰਾਪਤ ਕੀਤੀਆਂ। ਸਾਹਿਬਜ਼ਾਦਾ ਅਜੀਤ ਸਿੰਘ ਅਤੇ ਜੁਝਾਰ ਸਿੰਘ ਸਮੇਤ ਚਾਲੀ ਸਿੰਘਾਂ ਨੇ ਦੁਸ਼ਮਣਾਂ ਦੀਆਂ ਲੱਖਾਂ ਗਿਣਤੀ ਦੀਆਂ ਫੌਜਾਂ ਨਾਲ ਘਮਾਸਾਨ ਯੁੱਧ ਕਰਕੇ ਉਨ੍ਹਾਂ ਨੂੰ ਲੋਹੇ ਦੇ ਚਨੇ ਚਬਾ ਦਿੱਤੇ। ਇਸੇ ਤਰ੍ਹਾਂ ਸਰਹੰਦ ਦੀ ਕੰਧ ਵਿੱਚ ਦੋ ਨਿੱਕੀਆਂ ਜਿਹੀਆਂ ਮਾਸੂਮ ਜਿੰਦੜੀਆਂ ਨੇ ਬੇਮਿਸਾਲ ਵੱਡਾ ਸਾਕਾ ਕਰਕੇ ਇਤਿਹਾਸ ਵਿੱਚ ਇੱਕ ਅਨੋਖਾ ਮੀਲ ਮੀਲ ਪੱਥਰ ਸਥਾਪਿਤ ਕਰ ਦਿੱਤਾ।

# ਦਿੱਲੀ ਸਿੱਖ ਗੁ. ਪ੍ਰਬੰਧਕ ਕਮੇਟੀ ਨੇ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਦਾ ਸ਼ਹੀਦੀ ਦਿਹਾੜਾ ਮਨਾਇਆ




**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਬਾਬਾ ਅਜੀਤ ਸਿੰਘ ਜੀ ਤੇ ਬਾਬਾ ਜੁਝਾਰ ਸਿੰਘ ਜੀ ਦਾ ਸ਼ਹੀਦੀ ਦਿਹਾੜਾ ਬਹੁਤ ਹੀ ਸ਼ਰਧਾ ਤੇ ਸਤਿਕਾਰ ਨਾਲ ਮਨਾਇਆ ਗਿਆ। ਇਸ ਮੌਕੇ ਗੁਰਦੁਆਰਾ ਦਮਦਮਾ ਸਾਹਿਬ ਵਿਚ ਵਿਸ਼ੇਸ਼ ਗੁਰਮਤਿ ਸਮਾਗਮ ਆਯੋਜਿਤ ਕੀਤਾ ਗਿਆ ਜਿਸ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨਤਮਸਤਕ ਹੋਈਆਂ। ਇਸ ਸਮਾਗਮ ਨੂੰ ਸੰਬੋਧਨ ਕਰਦਿਆਂ ਦਿੱਲੀ ਗੁਰਦੁਆਰਾ ਕਮੇਟੀ ਦੇ ਜਨਰਲ ਸਕੱਤਰ ਸਰਦਾਰ ਜਗਦੀਪ ਸਿੰਘ ਕਾਹਲੋਂ ਨੇ ਕਿਹਾ ਕਿ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਨੇ ਆਪਣਾ ਸਰਬੰਸ ਕੌਮ, ਪੰਥ ਤੇ ਦਸਤਾਰ ਦੀ ਖ਼ਾਤਰ, ਇਸ਼ ਦੇਸ਼ ਦੀ ਸੰਸਕ੍ਰਿਤੀ ਨੂੰ ਬਚਾਉਣ ਖ਼ਾਤਰ ਵਾਰ ਦਿੱਤਾ।

ਉਨ੍ਹਾਂ ਕਿਹਾ ਕਿ ਸਾਹਿਬਜ਼ਾਦਿਆਂ ਦੀਆਂ ਭਾਵੇਂ ਉਮਰਾਂ ਛੋਟੀਆਂ ਸਨ ਪਰ ਜਜ਼ਬੇ ਬਹੁਤ ਉੱਚੇ ਤੇ ਹੌਂਸਲੇ ਬਹੁਤ ਬੁਲੰਦ ਸਨ। ਉਹਨਾਂ ਕਿਹਾ ਕਿ ਬਾਬਾ ਅਜੀਤ ਸਿੰਘ ਤੇ ਬਾਬਾ ਜੁਝਾਰ ਸਿੰਘ ਨੇ ਚਮਕੌਰ ਦੀ ਗੜ੍ਹੀ ਵਿਚ ਲੱਖਾਂ ਦੀ ਗਿਣਤੀ ਵਿਚ ਆਏ ਮੁਗਲਾਂ ਨਾਲ ਜੰਗ ਲੜੀ ਤੇ ਸ਼ਹੀਦੀ ਪਾਈ। ਉਨ੍ਹਾਂ ਕਿਹਾ ਕਿ ਉਹ ਦੇਸ਼ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਧੰਨਵਾਦੀ ਹਨ ਜਿਨ੍ਹਾਂ ਨੇ ਸਾਹਿਬਜ਼ਾਦਿਆਂ ਦਾ ਇਤਿਹਾਸ ਭਾਰਤ ਵਿਚ ਜਿੰਨੀਆਂ ਵੀ ਭਾਸ਼ਾਵਾਂ ਹਨ, 'ਚ ਪ੍ਰਕਾਸ਼ਤ ਕਰਵਾ ਕੇ ਦੇਸ਼ ਭਰ ਤੇ ਦੁਨੀਆ ਵਿਚ ਵੰਡਿਆ ਹੈ ਤੇ 26 ਦਸੰਬਰ ਨੂੰ ਵੀਰ ਬਾਲ ਦਿਵਸ ਮਨਾਉਣ ਦੀ ਸ਼ੁਰੂਆਤ ਕੀਤੀ। ਸ. ਕਾਹਲੋਂ ਨੇ ਦਿੱਲੀ ਗੁਰਦੁਆਰਾ ਕਮੇਟੀ ਵੱਲੋਂ ਦਿੱਤੀਆਂ ਜਾ ਰਹੀਆਂ ਮੈਡੀਕਲ ਸਹੂਲਤਾਂ ਬਾਰੇ ਵੀ ਵਿਸਥਾਰ ਵਿਚ ਜ਼ਿਕਰ ਕੀਤਾ। ਉਨ੍ਹਾਂ ਦੱਸਿਆ ਕਿ ਬਾਲਾ ਸਾਹਿਬ ਹਸਪਤਾਲ ਦਾ ਦੂਜਾ ਫੇਜ਼ ਬਣ ਕੇ ਤਿਆਰ ਹੈ ਤੇ ਜਲਦੀ ਹੀ ਉਸਦਾ ਵੀ ਉਦਘਾਟਨ ਕੀਤਾ ਜਾਵੇਗਾ।

# ਕੌਂਸਲਰ ਨਵਦੀਪ ਸਿੰਘ ਸੋਨਾ ਦੀ ਮਾਤਾ ਦਾ ਦਿਹਾਂਤ



**ਮਜੀਠਾ (ਸੋਇਮ ਆਨੰਦ)**-ਮਾਸਟਰ ਬਲਬੀਰ ਸਿੰਘ ਮਜੀਠਾ ਦੀ ਧਰਮ ਪਤਨੀ ਤੇ ਨਗਰ ਕੌਂਸਲ ਮਜੀਠਾ ਦੇ ਸਾਬਕਾ ਪ੍ਰਧਾਨ, ਮੌਜੂਦਾ ਕੌਂਸਲਰ ਤੇ ਕਾਂਗਰਸ ਮਜੀਠਾ ਦੇ ਸ਼ਹਿਰੀ ਪ੍ਰਧਾਨ ਨਵਦੀਪ ਸਿੰਘ ਸੋਨਾ ਤੇ ਨਵਜੋਤ ਸਿੰਘ ਮੰਗ ਨੂੰ ਉਸ ਵਕਤ ਭਾਰੀ ਸਦਮਾ ਪੁੱਜਾ ਜਦੋ ਕਿ ਉਨ੍ਹਾਂ ਦੀ ਮਾਤਾ ਸੇਵਾ ਮੁਕਤ ਅਧਿਆਪਕਾ ਸਵਰਨਜੀਤ ਕੌਰ ਦਾ ਸੰਖੇਪ ਜਿਹੀ ਬੀਮਾਰੀ ਕਾਰਨ ਬੀਤੀ ਰਾਤ ਦਿਹਾਂਤ ਹੋ ਗਿਆ। ਉਨ੍ਹਾਂ ਦਾ ਅੰਤਿਮ ਸੰਸਕਾਰ ਕਸਬਾ ਮਜੀਠਾ ਦੇ ਸ਼ਮਸ਼ਾਨਘਾਟ 'ਚ ਕਰ ਦਿੱਤਾ ਗਿਆ। ਉਨ੍ਹਾਂ ਦੀ ਚਿਖਾ ਨੂੰ ਅਗਨੀ ਉਨ੍ਹਾਂ ਦੇ ਵੱਡੇ ਸਪੁੱਤਰ ਨਵਦੀਪ ਸਿੰਘ ਸੋਨਾ ਤੇ ਪਤੀ ਮਾਸਟਰ ਬਲਬੀਰ ਸਿੰਘ ਵੱਲੋਂ ਦਿਖਾਈ ਗਈ। ਇਸ ਮੌਕੇ ਹਲਕੇ ਦੀਆਂ ਵੱਖ-ਵੱਖ ਸ਼ਖਸ਼ੀਅਤਾਂ ਜਿਨ੍ਹਾਂ ਵਿੱਚ ਆਪ ਦੇ ਸੀਨੀਅਰ ਆਗੂ ਜਗਵਿੰਰਪਾਲ ਸਿੰਘ ਜੱਗਾ ਮਜੀਠਾ, ਕਾਂਗਰਸੀ ਸੀਨੀਅਰ ਆਗੂ ਭਗਵੰਤਪਾਲ ਸਿੰਘ ਸੱਚਰ, ਨਗਰ ਕੌਂਸਲ ਮਜੀਠਾ ਦੇ ਪ੍ਰਧਾਨ ਸਲਵੰਤ ਸਿੰਘ ਸੇਠ, ਸਤਿੰਦਰ ਸਿੰਘ ਸ਼ਾਹ ਮਜੀਠਾ, ਤਰਸੇਮ ਸਿੰਘ ਸਿਆਲਕਾ, ਬਚਿਤਰ ਸਿੰਘ ਲਾਲੀ ਢਿੰਗਨੰਗਲ, ਦਿਲਬਾਗ ਸਿੰਘ ਗਿੱਲ, ਤਰੁਨ ਅਬਰੋਲ ਸਾਬਕਾ ਪ੍ਰਧਾਨ ਨਗਰ ਕੌਂਸਲ ਮਜੀਠਾ, ਸਾਬਕਾ ਵਾਇਸ ਪ੍ਰਧਾਨ ਨਗਰ ਕੌਂਸਲ ਮਜੀਠਾ ਸੁਰਿੰਦਰਪਾਲ ਸਿੰਘ ਗੋਕਲ, ਜਥੇਦਾਰ ਹਰਪਾਲ ਸਿੰਘ ਮਜੀਠਾ, ਓਂਕਾਰ ਸਿੰਘ ਮਜੀਠਾ, ਬਾਬਾ ਕੁਲਦੀਪ ਸਿੰਘ ਕਾਰਸੇਵਾ ਵਾਲੇ, ਅਮਨ ਵਿਰਕ, ਸਰਪੰਚ ਸਤਨਾਮ ਸਿੰਘ ਨਾਗ ਨਵੇਂ, ਕਾਬਲ ਸਿੰਘ ਮਜੀਠਾ, ਜੈਪਾਲ ਮਹਾਜਨ, ਮਨੋਹਰ ਲਾਲ ਚੱਕੀ ਵਾਲਾ, ਅਮਰਜੀਤ ਸਿੰਘ ਤੇ ਮੁਖਤਾਰ ਸਿੰਘ ਦੋਵੇ ਸਾਬਕਾ ਵਾਇਸ ਪ੍ਰਧਾਨ ਨਗਰ ਕੌਂਸਲ ਮਜੀਠਾ, ਸਾਬ੍ਹੀ ਗਾਲੋਵਾਲੀ, ਸਾਬ੍ਹੀ ਨਾਗ, ਹਰਪਾਲ ਸਿੰਘ, ਅਜੈਬ ਸਿੰਘ ਮਜੀਠਾ, ਪ੍ਰਦੀਪ ਸਿੰਘ ਗੋਲਣ, ਮਨਜੀਤ ਸਿੰਘ ਕ੍ਰਾਂਤੀ ਆਦਿ ਆਗੂਆਂ ਹਾਜ਼ਰੀ ਭਰਦਿਆਂ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ।

# ਅਮਰ ਸ਼ਹੀਦ ਬਾਬਾ ਜੀਵਨ ਸਿੰਘ ਵਿਖੇ ਮਨਾਇਆ ਸ਼ਹੀਦੀ ਹਫਤਾ



**ਮਜੀਠਾ (ਸੋਇਮ ਆਨੰਦ)**-ਪਿੰਡ ਤਲਵੰਡੀ ਖੁਮਣ ਵਿਖੇ ਗੁ. ਅਮਰ ਸ਼ਹੀਦ ਬਾਬਾ ਜੀਵਨ ਸਿੰਘ ਜੀ ਵਿਖੇ ਸ਼ਹੀਦੀ ਹਫਤਾ ਮਨਾਇਆ ਗਿਆ ਜਿਸ ਵਿੱਚ ਸਰਬੰਸਦਾਨੀ ਦਸਮੇਸ਼ ਪਿਤਾ ਦੇ ਪਰਿਵਾਰ ਸ੍ਰੀ ਗੁਰੂ ਤੇਗ ਬਹਾਦਰ, ਮਾਤਾ ਗੁਜਰ ਕੌਰ,ਚਾਰ ਸਾਹਿਬਜ਼ਾਦੇ ਤੇ ਆਪਾ ਵਾਰਨ ਵਾਲੇ ਸ੍ਰੀ ਗੁਰੂ ਗੋਬਿੰਦ ਸਿੰਘ, ਭਾਈ ਜੈਤਾ ਸਿੰਘ ਸਮੇਤ ਸਮੂਹ ਸਿੰਘਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਗਈ ਜਿਸ ਵਿੱਚ ਬਾਬਾ ਸਰਦੂਲ ਸਿੰਘ ਸਮੁੰਦਰ, ਭਾਈ ਸੁਖਚੈਨ ਸਿੰਘ, ਗਿਆਨੀ ਕਿਰਪਾਲ ਸਿੰਘ, ਗਿਆਨੀ ਗੁਰਦੀਪ ਸਿੰਘ ਸ਼ਾਮਨਾਗਰ, ਭਾਈ ਸੁਖਚੈਨ ਸਿੰਘ ਰਾਜਾ ਰਾਮ ਵਾਲੇ, ਗਿਆਨੀ ਕੁਨਣ ਸਿੰਘ, ਝਿਰਮਲ ਸਿੰਘ ਤਰਗੜ੍ਹ, ਜਗਤਾਰ ਸਿੰਘ ਚੇਤਨਪੁਰਾ, ਗੁਰਮੇਜ ਸਿੰਘ ਮੁਘੋ ਸੋਹੀ ਵੱਲੋਂ ਸ਼ਹੀਦ ਸਿੰਘਾਂ ਦਾ ਇਤਿਹਾਸ ਸੁਣਾ ਕੇ ਸੰਗਤਾਂ ਨੂੰ ਸਿੰਘ ਸੱਜਣ ਦਾ ਸੁਨੇਹਾ ਦਿੱਤਾ ਗਿਆ। ਇਸ ਮੌਕੇ ਰਣਜੀਤ ਸਿੰਘ ਫੌਜੀ, ਬਲਕਾਰ ਸਿੰਘ ਮਾਹਣਾ, ਗੁਰਦੀਪ ਸਿੰਘ ਫੌਜੀ, ਗੁਰਪਾਲ ਸਿੰਘ, ਮਨੋਹਰ ਸਿੰਘ, ਤੇਜਾ ਸਿੰਘ, ਸਰਵਣ ਸਿੰਘ, ਕਾਮਰੇਡ ਗੁਰਨਾਮ ਸਿੰਘ, ਗੁਰਦੀਪ ਸਿੰਘ ਪੱਪੂ, ਕੁਲਦੀਪ ਸਿੰਘ ਕਾਹਲੋਂ, ਤਰਲੋਕ ਸਿੰਘ, ਗਿਆਨੀ ਨਰਿੰਦਰ ਸਿੰਘ ਆਦਿ ਹਾਜ਼ਰ ਸਨ।

# ਡੀ ਟੀ ਐੱਫ ਨੇ ਮੁੱਖ ਮੰਤਰੀ ਦੇ ਨਾਂਅ ਭੇਜਿਆ ਮੰਗ ਪੱਤਰ



**ਤਰਨ ਤਾਰਨ (ਪ੍ਰਿਤਪਾਲ ਸਿੰਘ)**-ਪੰਚਾਇਤਾਂ, ਮਿਊਂਸਿਪਲ ਕੌਂਸਲਾਂ, ਬਲਾਕ ਸੰਮਤੀਆਂ, ਨਗਰ ਨਿਗਮ ਤੇ ਕਾਰਪੋਰੇਸ਼ਨਾਂ ਦੀਆਂ ਚੋਣਾਂ ਲਈ ਚੋਣ ਬੂਥ 'ਤੇ ਹੀ ਗਿਣਤੀ ਕਰਵਾਉਣ ਦੀ ਰਵਾਇਤ ਬੰਦ ਕਰਕੇ ਵਿਧਾਨ ਸਭਾ ਤੇ ਲੋਕ ਸਭਾ ਦੀਆਂ ਚੋਣਾਂ ਵਾਂਗ ਵਧੇਰੇ ਸੁਰੱਖਿਆ ਪ੍ਰਬੰਧਾਂ ਅਧੀਨ ਵੱਖਰੇ ਗਿਣਤੀ ਕੇਂਦਰ ਅਤੇ ਵੱਖਰਾ ਗਿਣਤੀ ਅਮਲਾ ਲਗਾਉਣ ਅਤੇ ਵਿਦਿਆਰੀਆਂ ਤੇ ਬੋਰਡ ਦੀਆਂ ਪ੍ਰੀਖਿਆ, ਰਜਿਸਟ੍ਰੇਸਨ, ਕੰਟੀਨਿਊਸ਼ਨ, ਜੁਰਮਾਨਿਆਂ ਤੇ ਲੇਟ ਫੀਸਾਂ ਵਿੱਚ ਹੋਏ ਗੈਰ-ਵਾਜਬ ਵਾਧੇ ਨੂੰ ਰੋਕਣ ਤੇ ਸਿੱਖਿਆ ਅਧਿਕਾਰੀਆਂ ਦੇ ਹੈਂਕੜ ਭਰੇ ਰਵੱਈਏ ਨੂੰ ਨੱਥ ਪਾਉਣ ਸਬੰਧੀ ਡੈਮੋਕ੍ਰੇਟਿਕ ਟੀਚਰਜ਼ ਫਰੰਟ ਦੇ ਵਫਦ ਨੇ ਵਿਧਾਇਕ ਕਸ਼ਮੀਰ ਸਿੰਘ ਸੋਹਲ ਦੇ ਪੀ. ਏ. ਤਸਵੀਰ ਸਿੰਘ ਅਤੇ ਸ਼ਿੰਗਾਰਾ ਸਿੰਘ ਰਾਹੀਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੂੰ ਮੰਗ ਪੱਤਰ ਭੇਜਿਆ ਗਿਆ। ਇਸ ਮੌਕੇ ਡੀਟੀਐੱਫ ਦੇ ਜ਼ਿਲ੍ਹਾ ਪ੍ਰਧਾਨ ਪ੍ਰਤਾਪ ਸਿੰਘ ਠੱਠਗੜ੍ਹ ਅਤੇ ਸੀਨੀਅਰ ਮੀਤ ਪ੍ਰਧਾਨ ਕੰਵਰਦੀਪ ਸਿੰਘ ਢਿੱਲੋਂ, ਅਮਰਦੀਪ ਸ਼ਰਮਾ, ਸਰਬਜੀਤ ਸਿੰਘ, ਪ੍ਰਿੰਸਦੀਪ ਸਿੰਘ, ਜਸਕੀਰਤ ਸਿੰਘ ਪਹੂਵਿੰਡ, ਵਰਿੰਦਰ ਸਿੰਘ, ਮਨਿੰਦਰਜੀਤ ਸਿੰਘ, ਇਮਰਾਨ ਸ਼ਾਹ, ਅਨੀਸ ਸੂਦ ਆਦ ਨੇ ਦੱਸਿਆ ਕਿ ਪੰਚਾਇਤੀ ਅਤੇ ਹੋਰ ਲੋਕਲ ਬਾਡੀ ਚੋਣਾਂ ਵਿੱਚ ਵੱਡੇ ਪੱਧਰ 'ਤੇ ਡਿਊਟੀ ਨਿਭਾਉਣ ਵਾਲੇ ਹਜ਼ਾਰਾਂ ਅਧਿਆਪਕਾਂ ਵਿਚ ਪਿਛਲੇ ਸਮਿਆਂ ਦੌਰਾਨ ਇਨ੍ਹਾਂ ਚੋਣਾਂ ਦੌਰਾਨ ਵੋਟਾਂ ਪਵਾਉਣ ਅਤੇ ਵੋਟਾਂ ਦੀ ਗਿਣਤੀ ਦਾ ਕੰਮ ਇੱਕ ਹੀ ਥਾਂ 'ਤੇ ਹੋਣ ਕਾਰਨ ਡਿਊਟੀ ਮੁਲਾਜ਼ਮਾਂ ਨਾਲ ਵਾਪਰੀਆਂ ਅਣਸੁਖਾਵੀਆਂ ਘਟਨਾਵਾਂ ਦਾ ਮੁੜ ਤੋਂ ਡਰ ਸਤਾਉਣ ਲੱਗਾ ਹੈ। ਇਨ੍ਹਾਂ ਚੋਣਾਂ ਦੌਰਾਨ ਡਿਊਟੀ ਦਾ ਮਿਹਨਤਾਨਾ ਮਿਲਣਾ ਤਾਂ ਛੱਡੋ, ਚੋਣ ਡਿਊਟੀ ਨਿਭਾਅ ਰਹੇ ਚੋਣ ਅਮਲੇ ਦਾ ਸਮੇਂ ਸਿਰ ਚੋਣ ਬੂਥ 'ਤੇ ਪਹੁੰਚਣਾ, ਅਧੂਰੀ ਚੋਣ ਸਮੱਗਰੀ, ਰੋਟੀ ਪਾਣੀ ਅਤੇ ਰਿਹਾਇਸ਼ ਆਦਿ ਦੇ ਪ੍ਰਬੰਧ ਵਿਚ ਵੀ ਭਾਰੀ ਖੱਜਲ-ਖੁਆਰੀ ਹੁੰਦੀ ਹੈ। ਆਗੂਆਂ ਨੇ ਆਖਿਆ ਇਸ ਮਸਲੇ ਸੰਬੰਧੀ 18 ਅਕਤੂਬਰ ਨੂੰ ਬੋਰਡ ਦੇ ਚੇਅਰਪਰਸਨ ਨੂੰ ਮਿਲਿਆ ਗਿਆ ਪ੍ਰੰਤੂ ਹਾਲੇ ਤੱਕ ਇਨ੍ਹਾਂ ਮੰਗਾਂ ਦਾ ਕੋਈ ਸਾਰਥਕ ਹੱਲ ਨਹੀਂ ਕੱਢਿਆ ਗਿਆ, ਸਗੋਂ ਪੰਜਾਬੀ ਭਾਸ਼ਾ ਤੋਂ ਅਣਭਿੱਜ ਬੋਰਡ ਚੇਅਰਪਰਸਨ ਦਾ ਰਵੱਈਆ ਹੈਂਕੜ ਵਾਲਾ ਤੇ ਪੂਰੀ ਤਰ੍ਹਾਂ ਵਿਦਿਆਰਥੀ-ਸਿੱਖਿਆ ਵਿਰੋਧੀ ਨਜ਼ਰ ਆਇਆ। ਉਪਰੋਕਤ ਮੰਗਾਂ ਨੂੰ ਪੂਰੀਆਂ ਕਰਨ ਦੀ ਮੰਗ ਕੀਤੀ।

# ਜਗਦੀਸ਼ ਰਾਜ ਬੈਂਸ ਨੇ ਸੈਂਟਰ ਸਕੂਲ ਖੂੰਡਾ 'ਚ ਸੀਐੱਚਟੀ ਦਾ ਅਹੁਦਾ ਸੰਭਾਲਿਆ



**ਧਾਰੀਵਾਲ, (ਮਨਦੀਪ ਸਿੰਘ ਵਿੱਕੀ)**-ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਗੁਰਦਾਸਪੁਰ ਵੱਲੋਂ ਸਰਕਾਰੀ ਪ੍ਰਾਇਮਰੀ ਸਕੂਲ ਜੱਫਰਵਾਲ ਦੇ ਮੁੱਖ ਅਧਿਆਪਕ ਜਗਦੀਸ਼ ਰਾਜ ਬੈਂਸ ਨੂੰ ਤਰੱਕੀ ਦੇ ਕੇ ਸੈਂਟਰ ਹੈੱਡ ਟੀਚਰ (ਸੀਐੱਚਟੀ) ਬਣਾਇਆ ਗਿਆ ਹੈ। ਨਵ-ਨਿਯੁਕਤ ਸੀਐੱਚਟੀ ਜਗਦੀਸ਼ ਰਾਜ ਬੈਂਸ ਨੇ ਬਲਾਕ ਪ੍ਰਾਇਮਰੀ ਸਕੂਲ ਸਿੱਖਿਆ ਅਫਸਰ ਧਾਰੀਵਾਲ-1 ਅਧੀਨ ਪੈਂਦੇ ਸੈਂਟਰ ਸਕੂਲ ਖੂੰਡਾ ਵਿਖੇ ਆਪਣਾ ਅਹੁਦਾ ਸੰਭਾਲ ਲਿਆ ਹੈ। ਇਸ ਮੌਕੇ ਬੈਂਸ ਨੇ ਦੱਸਿਆ ਕਿ ਜ਼ਿਲ੍ਹਾ ਸਿੱਖਿਆ ਅਫਸਰ ਐਲੀਮੈਂਟਰੀ ਗੁਰਦਾਸਪੁਰ ਵੱਲੋਂ ਉਨ੍ਹਾਂ ਸਮੇਤ ਜ਼ਿਲ੍ਹੇ ਦੇ ਕੁੱਲ 37 ਮੁੱਖ ਅਧਿਆਪਕਾਂ ਨੂੰ ਤਰੱਕੀ ਦੇ ਕੇ ਸੈਂਟਰ ਮੁੱਖ ਅਧਿਆਪਕ ਨਿਯੁਕਤ ਕੀਤਾ ਗਿਆ।

ਉਹ ਸੈਂਟਰ ਮੁਖੀ ਦੀ ਜ਼ਿੰਮੇਵਾਰੀ ਨੂੰ ਪੂਰੀ ਇਮਾਨਦਾਰੀ ਨਾਲ ਨਿਭਾਉਣਗੇ ਅਤੇ ਪੰਜਾਬ ਸਰਕਾਰ ਅਤੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਸੈਂਟਰ ਅਧੀਨ ਪੈਂਦੇ ਸਕੂਲਾਂ ਵਿੱਚ ਪੜ੍ਹਦੇ ਬੱਚਿਆਂ ਨੂੰ ਮਿਆਰੀ ਸਿੱਖਿਆ ਪ੍ਰਦਾਨ ਕਰਵਾਉਣ ਲਈ ਯਤਨਸ਼ੀਲ ਰਹਿਣਗੇ। ਵਿਸ਼ੇਸ਼ ਤੌਰ 'ਤੇ ਪਹੁੰਚੇ ਮਾਰਕੀਟ ਕਮੇਟੀ ਧਾਰੀਵਾਲ ਦੇ ਚੇਅਰਮੈਨ ਭੁਪਿੰਦਰ ਸਿੰਘ ਰਿੰਕਾ ਖੂੰਡਾ, ਸੀਨੀਅਰ ਸੈਕੰਡਰੀ ਸਕੂਲ ਡਾਵਰ ਦੇ ਬਲਬੀਰ ਸਿੰਘ ਲੇਹਲ, ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਧਾਰੀਵਾਲ ਨੀਰਜ ਕੁਮਾਰ ਖੂੰਡਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਖੂੰਡਾ ਦੇ ਪ੍ਰਿੰ. ਜਤਿੰਦਰ ਡੋਗਰਾ, ਰਤਨ ਲਾਲ ਸੇਵਾ ਮੁਕਤ ਸੀਨੀਅਰ ਲੈਕਚਰਾਰ ਡਾਇਟ ਗੁਰਦਾਸਪੁਰ, ਸਿੱਖਿਆ ਪ੍ਰੋਵਾਈਡਰ ਅਧਿਆਪਕ ਯੂਨੀਅਨ ਪੰਜਾਬ ਦੇ ਸਾਬਕਾ ਸੂਬਾ ਪ੍ਰਧਾਨ ਸੰਦੀਪ ਸਿੰਘ ਬਾਜੇਚੱਕ, ਗੌਰਮਿੰਟ ਅਧਿਆਪਕ ਯੂਨੀਅਨ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਕੁਲਦੀਪ ਪੂਰੋਵਾਲ, ਐੱਸਸੀਬੀਸੀ ਅਧਿਆਪਕ ਯੂਨੀਅਨ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਰਛਪਾਲ ਭੁੰਬਲੀ, ਜੀਟੀਯੂ ਬਲਾਕ ਧਾਰੀਵਾਲ ਦੇ ਪ੍ਰਧਾਨ ਸੁਖਵਿੰਦਰ ਰੰਧਾਵਾ, ਪੰਜਾਬ ਸੁਬਾਰਡੀਨੇਟ ਸਰਵਿਸਿਜ਼ ਯੂਨੀਅਨ ਗੁਰਦਾਸਪੁਰ ਦੇ ਜ਼ਿਲ੍ਹਾ ਪ੍ਰਧਾਨ ਅਨਿਲ ਕੁਮਾਰ, ਸੀਐੱਚਟੀ ਏਕਓਂਕਾਰ ਸਿੰਘ, ਸੀਐੱਚਟੀ ਵਿਕਾਸ ਮਹਾਜਨ, ਸੀਐੱਚਟੀ ਲਾਡਵਿੰਦਰ ਕੌਰ ਚਾਹਲ ਸਟੇਟ ਅਵਾਰਡੀ, ਸੀਐੱਚਟੀ ਵਨੀਤ ਕੌਰ, ਸਤਨਾਮ ਸਿੰਘ ਸੀਐੱਚਟੀ ਘੁੰਮਣ ਕਲਾਂ, ਮਾਸਟਰ ਕੁਲਜੀਤ ਸਿੰਘ, ਰਵੀ ਕਾਂਤ ਸੀਐੱਚਟੀ ਪਠਾਨਕੋਟ, ਰਘਬੀਰ ਲਾਲ, ਨਰੇਸ਼ ਪਾਲ, ਰਾਜਿੰਦਰ ਕੁਮਾਰ, ਨਿਸ਼ਚਿੰਤ ਕੁਮਾਰ ਸ਼ਰਮਾ, ਗੁਰਦੀਪ ਸਿੰਘ, ਸੰਜੀਵ ਕੁਮਾਰ, ਗੁਰਪਾਲ ਸਿੰਘ, ਨਰਿੰਦਰ ਸਿੰਘ, ਸਰਬਜੀਤ ਸਿੰਘ, ਜਗਜੀਤ ਸਿੰਘ, ਪਰਮਿੰਦਰ ਸਿੰਘ, ਸੁਖਬੀਰ ਸਿੰਘ, ਗੁਰਪ੍ਰੀਤ ਸਿੰਘ, ਰਣਬੀਰ ਸਿੰਘ, ਅਰਜੁਨ ਸਿੰਘ, ਰਮੇਸ਼ ਕੁਮਾਰ, ਰੇਨੂੰ ਬਾਲਾ, ਹਰਜਿੰਦਰਜੀਤ ਕੌਰ, ਮਨਦੀਪ ਕੌਰ, ਬਲਜਿੰਦਰ ਕੌਰ, ਸਿੰਮੀ ਤੂਲੀ, ਨੇਨੂ ਬਾਲਾ ਆਦਿ ਨੇ ਨਵ-ਨਿਯੁਕਤ ਸੈਂਟਰ ਮੁਖ ਅਧਿਆਪਕ ਜਗਦੀਸ਼ ਰਾਜ ਬੈਂਸ ਨੂੰ ਸ਼ੁਭਕਾਮਨਾਵਾਂ ਭੇਟ ਕਰਦੇ ਹੋਏ ਵਧਾਈ ਦਿੱਤੀ।

# 281 ਗ੍ਰਾਮ ਹੈਰੋਇਨ ਤੇ ਲਗਜ਼ਰੀ ਕਾਰ ਸਣੇ ਦੋਸ਼ੀ ਕਾਬੂ



**ਜੰਡਿਆਲਾ ਗੁਰੂ (ਹਰਿੰਦਰ ਪਾਲ ਸਿੰਘ)**-ਹਲਕਾ ਜੰਡਿਆਲਾ ਦੀ ਪੁਲਸ ਨੂੰ ਨਸ਼ੇ ਨੂੰ ਲੈ ਕੇ ਵੱਡੀ ਕਾਮਯਾਬੀ ਹਾਸਿਲ ਹੋਈ ਹੈ। ਇੱਕ ਵਿਅਕਤੀ ਕੋਲੋਂ 281 ਗ੍ਰਾਮ ਹੈਰੋਇਨ ਤੇ ਇੱਕ ਲਗਜ਼ਰੀ ਕਾਰ ਬਰਾਮਦ ਕੀਤੀ ਹੈ। ਪੁਲਿਸ ਅਧਿਕਾਰੀਆਂ ਦੇ ਸਕਦੇ ਕਿ ਇਸ ਦੀ ਜਾਇਦਾਦ ਦਾ ਵੀ ਜਾਂਚ ਕੀਤੀ ਜਾਵੇਗੀ। ਇਸ ਵਿਅਕਤੀ ਨੂੰ ਅਮਰਕੋਟ ਪਿੰਡ ਤੋਂ ਗ੍ਰਿਫਤਾਰ ਕੀਤਾ ਗਿਆ ਹੈ। ਉੱਥੇ ਹੀ ਇੱਕ ਸ਼ੇਖੂਪੁਰ ਮੁਹੱਲੇ ਦਾ ਇੱਕ ਜੁਗਰਾਜ ਸਿੰਘ ਸਾਜਨ ਨੂੰ ਕਾਬੂ ਕੀਤਾ ਹੈ ਜੋ ਨਸ਼ਾ ਪੀਂਦਾ ਸੀ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਅਸੀਂ ਜਾਂਚ ਕਰ ਰਹੇ ਹਾਂ ਕਿ ਇਹ ਕਿੱਥੋਂ ਨਸ਼ਾ ਲੈ ਕੇ ਆਉਂਦੇ ਸਨ। ਉਸ ਨੈੱਟਵਰਕ ਨੂੰ ਤੋੜਨ ਦੀ ਕੋਸ਼ਿਸ਼ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਨ੍ਹਾਂ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ ਤੇ ਇਨ੍ਹਾਂ ਨੂੰ ਅਦਾਲਤ ਵਿੱਚ ਪੇਸ਼ ਕਰ ਕੇ ਰਿਮਾਂਡ ਹਾਸਿਲ ਕੀਤਾ ਜਾਵੇਗਾ ਜਿਸਦੇ ਚਲਦੇ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਮਨਜੀਤ ਸਿੰਘ ਪਹਿਲਾਂ ਵੀ ਨਸ਼ਾ ਲੈਂਦਾ ਸੀ ਤੇ ਅੱਗੇ ਸਪਲਾਈ ਕਰਦਾ ਸੀ ਤੇ ਅਸੀਂ ਇਸਦੀ ਜਾਂਚ ਕਰ ਰਹੇ ਹਾਂ। ਜਲਦੀ ਹੀ ਹੋਰ ਦੋਸ਼ੀ ਵੀ ਕਾਬੂ ਕੀਤੇ ਜਾਣਗੇ। ਪੁਲਸ ਅਧਿਕਾਰੀ ਨੇ ਦੱਸਿਆ ਕਿ ਇਹ ਜਲਦੀ ਅਮੀਰ ਹੋਣ ਦੀ ਇੱਛਾ ਨਾਲ ਨਸ਼ੇ ਦੇ ਕਾਰੋਬਾਰ ਨਾਲ ਜੁੜੇ ਹਨ।

# 'ਮਾਨਸਿਕ ਸਿਹਤ' ਵਿਸ਼ੇ 'ਤੇ ਵਿਦਵਾਨਾਂ ਵੱਲੋਂ ਵਿਚਾਰ-ਚਰਚਾ

**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਖ਼ਾਲਸਾ ਕਾਲਜ ਦੇ ਮਨੋਵਿਗਿਆਨ ਅਤੇ ਸਮਾਜ ਸ਼ਾਸਤਰ ਵਿਭਾਗ ਵੱਲੋਂ ਆਦਿਤਿਆ ਬਿਰਲਾ ਐਜੂਕੇਸ਼ਨ ਟਰੱਸਟ ਦੇ ਸਹਿਯੋਗ ਨਾਲ ਮਾਨਸਿਕ ਸਿਹਤ ਵਿਸ਼ੇ 'ਤੇ ਸੈਸ਼ਨ ਕਰਵਾਇਆ ਗਿਆ। ਕਾਲਜ ਪ੍ਰਿੰਸੀਪਲ ਡਾ. ਮਹਿਲ ਸਿੰਘ ਦੀ ਅਗਵਾਈ ਹੇਠ ਕਰਵਾਏ ਇਸ ਸੈਸ਼ਨ 'ਚ ਆਰਟਸ ਅਤੇ ਸੋਸ਼ਲ ਸਾਇੰਸਿਜ਼ ਦੇ ਡੀਨ ਪ੍ਰੋ. ਜਸਪ੍ਰੀਤ ਕੌਰ ਅਤੇ ਐਮਪਾਵਰ, ਆਦਿਤਿਆ ਬਿਰਲਾ ਐਜੂਕੇਸ਼ਨ ਟਰੱਸਟ ਦੀ ਸਟੇਟ ਕੋਆਰਡੀਨੇਟਰ ਰਮਨਦੀਪ ਕੌਰ ਨੇ ਨੌਜਵਾਨਾਂ 'ਚ ਮਾਨਸਿਕ ਸਿਹਤ ਜਾਗਰੂਕਤਾ ਦੀ ਮਹੱਤਤਾ 'ਤੇ ਧਿਆਨ ਕੇਂਦਰਿਤ ਕਰਦਿਆਂ ਆਪਣੇ ਵਿਚਾਰ ਸਾਂਝੇ ਕੀਤੇ। ਇਸ ਸੈਮੀਨਾਰ ਦੀ ਸ਼ੁਰੂਆਤ ਵਿਦਿਆਰਥੀਆਂ ਨਾਲ ਇਕ ਇੰਟਰਐਕਟਿਵ ਸੈਸ਼ਨ ਨਾਲ ਹੋਈ ਜਿੱਥੇ ਮਨਵੀਰ ਕੌਰ, ਮਨੋਵਿਗਿਆਨੀ (ਪੰਜਾਬ), ਐਮਪਾਵਰ ਨੇ ਵਿਦਿਆਰਥੀਆਂ ਨੂੰ ਮਾਨਸਿਕ ਸਿਹਤ ਬਾਰੇ ਉਨ੍ਹਾਂ ਦੀਆਂ ਧਾਰਨਾਵਾਂ ਸਬੰਧੀ ਸਵਾਲ ਪੁੱਛੇ। ਇਸ ਮੌਕੇ ਵਿਦਿਆਰਥੀਆਂ ਨੂੰ ਮਾਨਸਿਕ ਸਿਹਤ ਦੇ ਸੰਕਲਪ, ਵੱਖ-ਵੱਖ ਮਾਨਸਿਕ ਸਮੱਸਿਆਵਾਂ, ਲੱਛਣ, ਕਾਰਨ ਅਤੇ ਉਨ੍ਹਾਂ ਨਾਲ ਨਜਿੱਠਣ ਦੇ ਤਰੀਕਿਆਂ ਬਾਰੇ ਸਮਝਾਇਆ ਗਿਆ। ਸੈਮੀਨਾਰ ਦੌਰਾਨ ਇੰਟਰਐਕਟਿਵ ਸੈਸ਼ਨ 'ਚ ਮੁੱਖ ਬੁਲਾਰੇ ਨੇ ਵਿਦਿਆਰਥੀਆਂ ਦੇ ਨਿੱਜੀ ਸਵਾਲਾਂ ਦੇ ਜਵਾਬ ਵੀ ਦਿੱਤੇ। ਇਸ ਮੌਕੇ ਡਾ. ਜਸ਼ਨਦੀਪ ਕੌਰ, ਡਾ. ਸੁਖਬੀਰ ਸਿੰਘ, ਡਾ. ਜਸਦੀਪ ਕੌਰ, ਡਾ. ਭਾਰਤੀ ਜਸਰੋਟੀਆ, ਪ੍ਰੋ. ਇੰਦਰਜੀਤ ਕੌਰ ਅਤੇ ਸਮਾਜਿਕ ਵਿਗਿਆਨ ਅਨੁਸ਼ਾਸਨ ਦੇ ਵਿਦਿਆਰਥੀਆਂ ਨੇ ਭਾਗ ਲਿਆ।

ਨਵਾਂ ਜ਼ਮਾਨਾ
ਮੰਗਲਵਾਰ, 26 ਦਸੰਬਰ 2023

# ਲੋਕਤੰਤਰ ਦੀ ਜੜ੍ਹ 'ਤੇ ਵਾਰ

ਲੋਕਤੰਤਰ ਦੀ ਬੁਨਿਆਦ ਨਿਰਪੱਖ ਚੋਣਾਂ ਹੁੰਦੀਆਂ ਹਨ। ਚੋਣਾਂ ਨਿਰਪੱਖ ਹੋਣ, ਉਸ ਲਈ ਨਿਰਪੱਖ ਚੋਣ ਕਮਿਸ਼ਨ ਦਾ ਹੋਣਾ ਮੁਢਲੀ ਸ਼ਰਤ ਹੈ। ਇਸ ਸਮੇਂ ਭਾਰਤ ਉਸ ਮੋੜ 'ਤੇ ਪਹੁੰਚ ਚੁੱਕਾ ਹੈ, ਜਿੱਥੇ ਪਹੁੰਚ ਕੇ ਨਿਰਪੱਖ ਚੋਣਾਂ ਦੀ ਉਮੀਦ ਖ਼ਤਮ ਹੁੰਦੀ ਮਹਿਸੂਸ ਹੋ ਰਹੀ ਹੈ।

ਸੰਸਦ ਵਿੱਚੋਂ ਸਮੁੱਚੀ ਵਿਰੋਧੀ ਧਿਰ ਨੂੰ ਬਾਹਰ ਕਰਕੇ ਸੱਤਾਧਾਰੀ ਧਿਰ ਨੇ ਨਵਾਂ ਚੋਣ ਕਮਿਸ਼ਨ ਕਾਇਮ ਕਰਨ ਲਈ ਅਜਿਹਾ ਬਿੱਲ ਪਾਸ ਕਰਵਾ ਲਿਆ ਹੈ, ਜਿਸ ਨਾਲ ਚੋਣ ਕਮਿਸ਼ਨ ਸੱਤਾਧਾਰੀਆਂ ਦਾ ਹੱਥਠੋਕਾ ਬਣ ਕੇ ਰਹਿ ਜਾਵੇਗਾ। ਇਸ ਬਿੱਲ ਵਿੱਚ ਇਹ ਮੱਦ ਸ਼ਾਮਲ ਕੀਤੀ ਗਈ ਹੈ ਕਿ ਮੁੱਖ ਚੋਣ ਕਮਿਸ਼ਨਰ ਤੇ ਦੂਜੇ ਚੋਣ ਕਮਿਸ਼ਨਰਾਂ ਨੂੰ ਇੱਕ ਕਮੇਟੀ ਨਾਮਜ਼ਦ ਕਰੇਗੀ, ਜਿਸ ਦੇ ਮੈਂਬਰ ਪ੍ਰਧਾਨ ਮੰਤਰੀ, ਪ੍ਰਧਾਨ ਮੰਤਰੀ ਵੱਲੋਂ ਤੈਅ ਕੀਤਾ ਗਿਆ ਕੇਂਦਰੀ ਮੰਤਰੀ ਤੇ ਵਿਰੋਧੀ ਧਿਰ ਦਾ ਆਗੂ ਹੋਣਗੇ। ਸਪੱਸ਼ਟ ਹੈ ਕਿ ਇਸ ਕਮੇਟੀ ਵਿੱਚ ਕੇਂਦਰ ਸਰਕਾਰ ਦਾ ਬਹੁਮਤ ਹੋਵੇਗਾ ਤੇ ਉਹ ਆਪਣੀ ਮਰਜ਼ੀ ਦਾ ਚੋਣ ਕਮਿਸ਼ਨ ਬਣਾ ਸਕੇਗੀ। ਇਸ ਤੋਂ ਬਾਅਦ ਚੋਣ ਕਮਿਸ਼ਨ ਤੋਂ ਨਿਰਪੱਖ ਚੋਣਾਂ ਦੀ ਆਸ ਰੱਖਣਾ ਖਾਮਖਿਆਲੀ ਹੋਵੇਗੀ। ਇਸ ਲਈ ਅਜਿਹੇ ਚੋਣ ਕਮਿਸ਼ਨ ਦੀ ਨਿਗਰਾਨੀ ਹੇਠ ਕਰਾਈਆਂ ਗਈਆਂ ਚੋਣਾਂ ਲੋਕਤੰਤਰਿਕ ਵਿਵਸਥਾ ਨੂੰ ਬੇਭਰੋਸਗੀ ਤੇ ਹਨੇਰੇ ਦੌਰ ਵਿੱਚ ਧੱਕ ਦੇਣਗੀਆਂ।

ਇਸੇ ਗੱਲ ਨੂੰ ਧਿਆਨ ਵਿੱਚ ਰੱਖ ਕੇ ਮਾਰਚ 2023 ਵਿੱਚ ਸੁਪਰੀਮ ਕੋਰਟ ਨੇ ਮੁੱਖ ਚੋਣ ਕਮਿਸ਼ਨਰ ਚੁਣਨ ਲਈ ਬਣਾਈ ਗਈ ਕਮੇਟੀ ਵਿੱਚ ਪ੍ਰਧਾਨ ਮੰਤਰੀ, ਚੀਫ਼ ਜਸਟਿਸ ਤੇ ਵਿਰੋਧੀ ਧਿਰ ਦੇ ਆਗੂ ਨੂੰ ਸ਼ਾਮਲ ਕੀਤਾ ਸੀ। ਇਹ ਕਮੇਟੀ ਅਜਿਹੀ ਸੀ, ਜਿਸ ਉੱਤੇ ਨਾ ਸੱਤਾਧਾਰੀਆਂ ਦਾ ਦਬਦਬਾ ਸੀ ਤੇ ਨਾ ਹੀ ਵਿਰੋਧੀ ਧਿਰ ਦਾ, ਪ੍ਰੰਤੂ ਮੌਜੂਦਾ ਸਰਕਾਰ ਨੂੰ ਤਾਂ ਅਜਿਹਾ ਚੋਣ ਕਮਿਸ਼ਨ ਚਾਹੀਦਾ ਸੀ, ਜੋ ਉਸ ਦੀ ਕਠਪੁੱਤਲੀ ਹੋਵੇ।

ਚੋਣ ਕਮਿਸ਼ਨ ਲਈ ਸਰਕਾਰ ਜੋ ਤਰੀਕਾ ਅਪਣਾ ਰਹੀ ਹੈ, ਸੰਵਿਧਾਨ ਨਿਰਮਾਤਾ ਸ਼ੁਰੂ ਤੋਂ ਹੀ ਇਸ ਬਾਰੇ ਸ਼ੱਕੀ ਸਨ। ਜੂਨ 1949 ਵਿੱਚ ਸੰਵਿਧਾਨ ਸਭਾ ਨੂੰ ਸੰਬੋਧਨ ਕਰਦਿਆਂ ਡਾ. ਅੰਬੇਡਕਰ ਨੇ ਚੋਣ ਕਮਿਸ਼ਨ ਤੇ ਸਰਕਾਰ ਵਿਚਕਾਰ ਫਾਸਲਾ ਰੱਖਣ ਬਾਰੇ ਇਸ ਨੂੰ ਸਰਕਾਰ ਤੋਂ ਮੁਕਤ ਰੱਖਣ ਦੀ ਅਪੀਲ ਕੀਤੀ ਸੀ। ਉਨ੍ਹਾ ਕਿਹਾ ਸੀ ਕਿ ਚੋਣਾਂ ਦੀ ਸ਼ੁੱਧਤਾ ਤੇ ਅਜ਼ਾਦੀ ਦੇ ਹਿੱਤ ਵਿੱਚ ਇਹ ਮਹੱਤਵਪੂਰਨ ਹੈ ਕਿ ਚੋਣ ਕਮਿਸ਼ਨ ਨੂੰ ਕਾਰਜਪਾਲਿਕਾ ਦੀ ਦਖ਼ਲਅੰਦਾਜ਼ੀ ਤੋਂ ਮੁਕਤ ਰੱਖਿਆ ਜਾਵੇ। ਅੰਬੇਡਕਰ ਦਾ ਸਪੱਸ਼ਟ ਸੁਨੇਹਾ ਸੀ ਕਿ ਨਾ ਨਿਯੁਕਤੀ, ਨਾ ਹਟਾਉਣ ਤੇ ਨਾ ਹੀ ਸੇਵਾ ਸ਼ਰਤਾਂ ਲਈ ਭਾਰਤ ਦੇ ਚੋਣ ਕਮਿਸ਼ਨ ਨੂੰ ਕਿਸੇ ਵੀ ਸਮੇਂ ਦੀ ਸਰਕਾਰ ਦੇ ਅਧੀਨ ਕੰਮ ਕਰਨਾ ਚਾਹੀਦਾ ਹੈ। ਡਾ. ਅੰਬੇਡਕਰ ਨੇ ਸੰਵਿਧਾਨ ਸਭਾ ਵਿੱਚ ਬੋਲਦਿਆ ਅੱਗੇ ਕਿਹਾ ਸੀ, 'ਚੋਣਾਂ ਵਿੱਚ ਕਿਸੇ ਵੀ ਤਰ੍ਹਾਂ ਦੇ ਸਰਕਾਰੀ ਤੇ ਸੱਤਾਧਾਰੀ ਪੱਖ ਦੇ ਦੁਰਉਪਯੋਗ ਤੋਂ ਬਚਣ ਲਈ ਚੋਣਾਂ ਦੀ ਸੁਤੰਤਰਤਾ ਨੂੰ ਇੱਕ ਮੂਲ ਅਧਿਕਾਰ ਸਮਝਣਾ ਚਾਹੀਦਾ ਹੈ।'

ਲੋਕਤੰਤਰ ਦੀ ਰੀੜ੍ਹ ਦੀ ਹੱਡੀ ਤੋੜਨ ਤੇ ਵਿਰੋਧ ਦੀ ਅਵਾਜ਼ ਨੂੰ ਕੁਚਲਣ ਵਾਲਾ ਇਹ ਬਿੱਲ ਲੋਕ ਸਭਾ ਵਿੱਚ ਪਾਸ ਹੋ ਚੁੱਕਾ ਹੈ। ਰਾਸ਼ਟਰਪਤੀ ਦੇ ਦਸਤਖਤਾਂ ਤੋਂ ਬਾਅਦ ਇਹ ਕਾਨੂੰਨ ਬਣ ਜਾਵੇਗਾ। ਸੁਪਰੀਮ ਕੋਰਟ ਦੇ ਸਾਬਕਾ ਚੀਫ਼ ਜਸਟਿਸ ਰੋਹਿੰਟਨ ਨਾਰੀਮਨ ਨੇ ਇਸ ਬਿੱਲ ਦੇ ਪਾਸ ਹੋਣ ਉੱਤੇ ਕਿਹਾ ਹੈ, 'ਜੇਕਰ ਸੁਪਰੀਮ ਕੋਰਟ ਇਸ ਨੂੰ ਰੱਦ ਨਹੀਂ ਕਰਦੀ ਤਾਂ ਇਹ ਲੋਕਤੰਤਰ ਲਈ ਸਭ ਤੋਂ ਵੱਡਾ ਖ਼ਤਰਾ ਹੋਵੇਗਾ।'

## ਪਾਠਕ-ਸੱਥ

### ਪ੍ਰਹੇਜ਼ ਹੀ ਇਲਾਜ

ਕੋਰੋਨਾ ਦਾ ਨਵਾਂ ਵੈਰੀਐਂਟ ਇੱਕ ਵਾਰ ਫਿਰ ਫੈਲ ਰਿਹਾ ਹੈ। ਇਸ ਦੇ ਆਉਣ ਨਾਲ ਸਰਕਾਰ ਵੱਲੋਂ ਐਡਵਾਇਜ਼ਰੀ ਜਾਰੀ ਕੀਤੀ ਗਈ ਹੈ ਕਿ ਸਾਨੂੰ ਸਾਰਿਆਂ ਨੂੰ ਭੀੜ-ਭੜੱਕੇ ਵਾਲੀਆਂ ਥਾਵਾਂ 'ਤੇ ਜਾਣ ਲਈ ਮਾਸਿਕ ਪਾਉਣਾ ਲਾਜ਼ਮੀ ਕੀਤਾ ਗਿਆ ਹੈ, ਜ਼ੁਕਾਮ ਜਾਂ ਬੁਖਾਰ ਹੋਣ ਦੀ ਸੂਰਤ ਵਿੱਚ ਡਾਕਟਰ ਕੋਲ ਜਾਣ ਦੀ ਸਲਾਹ ਦਿੱਤੀ ਹੈ। ਆਪ ਦਵਾਈ ਲੈਣ ਤੋਂ ਪਰਹੇਜ਼ ਕਰਨ ਲਈ ਕਿਹਾ ਹੈ। ਇਸ ਤੋਂ ਡਰਨਾ ਨਹੀਂ, ਇਹ ਕੋਈ ਐਨੀ ਵੀ ਭਿਆਨਕ ਬਿਮਾਰੀ ਨਹੀਂ, ਪਰੰਤੂ ਇੱਕ ਕਹਾਵਤ ਹੈ ਇਲਾਜ ਨਾਲੋਂ ਪਰਹੇਜ਼ ਚੰਗਾ। ਆਓ, ਸਰਕਾਰ ਦੀ ਜਾਰੀ ਕੀਤੀ ਐਡਵਾਇਜ਼ਰੀ 'ਤੇ ਅਮਲ ਕਰਕੇ ਮਾਸਿਕ ਪਹਿਨ ਕੇ ਆਪਣੇ ਆਪ ਨੂੰ ਅਤੇ ਦੂਸਰਿਆਂ ਨੂੰ ਬਚਾਉਣ ਲਈ ਆਪਣਾ ਬਣਦਾ ਯੋਗਦਾਨ ਪਾਈਏ।

**-ਕੰਵਰਦੀਪ ਸਿੰਘ ਭੱਲਾ (ਪਿੱਪਲਾਂਵਾਲਾ), 99881-94776**

### ਪਾਣੀ ਪਲੀਤ ਨਾ ਕਰੋ

ਬੇਸ਼ੱਕ ਪੰਜਾਬ ਨੂੰ ਕਿਹਾ ਤਾਂ ਪੰਜ ਦਰਿਆਵਾਂ ਦੀ ਧਰਤੀ ਜਾਂਦਾ ਹੈ, ਪ੍ਰੰਤੂ ਹੁਣ ਨਾ ਤਾਂ ਪੰਜਾਬ ਵਿੱਚ ਪੰਜ ਦਰਿਆ ਰਹੇ ਹਨ ਅਤੇ ਨਾ ਹੀ ਪੰਜਾਬ ਦਾ ਪਾਣੀ ਪੀਣ ਯੋਗ ਰਿਹਾ ਹੈ। ਪੰਜਾਬ ਵਰਗੇ ਸੂਬੇ ਵਿੱਚ ਵੀ ਪਾਣੀ ਮੁੱਲ ਖਰੀਦ ਕੇ ਪੀਣਾ ਸਾਰੇ ਪੰਜਾਬੀਆਂ ਲਈ ਬਹੁਤ ਹੀ ਸ਼ਰਮ ਵਾਲੀ ਗੱਲ ਕਿਹਾ ਜਾ ਸਕਦਾ ਹੈ। ਪੰਜਾਬ ਦਾ ਪਾਣੀ ਪਲੀਤ ਕਰਨ ਲਈ ਅਸੀਂ ਸਾਰੇ ਹੀ ਜਿਆਦਾਤਰ ਜ਼ਿੰਮੇਵਾਰ ਹਾਂ। ਸੰਘਣੀ ਆਬਾਦੀ, ਕਾਰਖਾਨਿਆਂ ਦਾ ਗੰਦਾ ਪਾਣੀ ਬਿਨਾਂ ਕਿਸੇ ਰੋਕ-ਟੋਕ ਦੇ ਦਰਿਆਵਾਂ ਵਿੱਚ ਪਾਉਂਦੇ ਰਹਿਣਾ, ਕੀਟਨਾਸ਼ਕਾਂ ਅਤੇ ਰਸਾਇਣਕ ਖਾਦਾਂ ਦੀ ਬਹੁਤ ਜ਼ਿਆਦਾ ਵਰਤੋਂ ਕਰਨਾ, ਘਰਾਂ ਦਾ ਗੰਦ-ਮੰਦ ਅਤੇ ਸੀਵਰੇਜ ਆਦਿ ਦਾ ਪਾਣੀ ਪੀਣ ਯੋਗ ਪਾਣੀ ਵਿੱਚ ਮਿਲਾਉਣ ਨਾਲ ਸਾਡਾ ਪਾਣੀ ਬਹੁਤ ਜ਼ਿਆਦਾ ਪਲੀਤ ਹੋ ਗਿਆ ਹੈ, ਜਿਸ ਕਰਕੇ ਮਨੁੱਖ ਅਨੇਕਾਂ ਹੀ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਚੁੱਕਾ ਹੈ। ਇਹਨਾਂ ਬਿਮਾਰੀਆਂ ਕਰਕੇ ਹੀ ਇਲਾਜ ਕਰਵਾਉਣ ਲਈ ਲੋਕਾਂ ਨੂੰ ਬਹੁਤ ਜਿਆਦਾ ਸਮਾਂ ਅਤੇ ਪੈਸਾ ਬਰਬਾਦ ਕਰਨਾ ਪੈ ਰਿਹਾ ਹੈ।

**- ਅੰਗਰੇਜ ਸਿੰਘ ਵਿੱਕੀ, 98888-70822**

# 'ਭਾਜਪਾ ਹਟਾਓ-ਕਾਰਪੋਰੇਟ ਭਜਾਓ-ਦੇਸ਼ ਬਚਾਓ'



ਮੰਗਤ ਰਾਮ ਪਾਸਲਾ

ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ ਐੱਮ ਪੀ ਆਈ) ਅਤੇ ਭਾਰਤੀ ਦੀ ਮਾਰਕਸਵਾਦੀ ਕਮਿਊਨਿਸਟ ਪਾਰਟੀ - ਯੂਨਾਈਟਿਡ (ਐੱਮ ਸੀ ਪੀ ਆਈ-ਯੂ) ਵਲੋਂ ਏਕੀਕਰਨ ਦੀ ਦਿਸ਼ਾ ਵਿਚ ਅੱਗੇ ਵਧਣ ਲਈ ਗਠਿਤ ਕੀਤੀ ਗਈ 'ਕਮਿਊਨਿਸਟ ਕੋਆਰਡੀਨੇਸ਼ਨ ਕਮੇਟੀ' (ਸੀ ਸੀ ਸੀ) ਅਤੇ ਦੋਹਾਂ ਪਾਰਟੀਆਂ ਦੀਆਂ ਕੇਂਦਰੀ ਕਮੇਟੀਆਂ ਦੀ ਸਾਂਝੀ ਮੀਟਿੰਗ 18-19 ਤੇ 20 ਦਸੰਬਰ ਨੂੰ 'ਸਾਲਵੇਸ਼ਨ ਆਰਮੀ ਹਾਲ' ਚੇਨਈ, ਤਾਮਿਲਨਾਡੂ ਵਿਖੇ ਸੰਪੰਨ ਹੋਈ। ਸੀ ਸੀ ਸੀ ਅਤੇ ਦੋਨਾਂ ਪਾਰਟੀਆਂ ਦੀਆਂ ਕੇਂਦਰੀ ਕਮੇਟੀਆਂ ਨੇ ਅਜੋਕੇ ਅੰਤਰਰਾਸ਼ਟਰੀ ਤੇ ਰਾਸ਼ਟਰੀ ਹਾਲਤਾਂ 'ਤੇ ਗੰਭੀਰਤਾ ਸਹਿਤ ਵਿਚਾਰ-ਵਟਾਂਦਰਾ ਕਰਨ ਉਪਰੰਤ ਨੋਟ ਕੀਤਾ ਕਿ ਪੂੰਜੀਵਾਦੀ ਪ੍ਰਬੰਧ ਦੇ ਡੂੰਘੇ ਹੋ ਰਹੇ ਸੰਸਾਰ ਵਿਆਪੀ ਆਰਥਿਕ ਸੰਕਟ ਅਤੇ ਸਾਮਰਾਜੀ ਤਾਕਤਾਂ ਦੀ ਸ਼ਹਿ 'ਤੇ ਰੂਸ-ਯੂਕਰੇਨ ਅਤੇ ਇਜ਼ਰਾਈਲ-ਫਲਸਤੀਨ ਦਰਮਿਆਨ ਭੜਕੀਆਂ ਭਿਆਨਕ ਜੰਗਾਂ ਦੇ ਮੱਦੇਨਜ਼ਰ ਜਿੱਥੇ ਮਹਿੰਗਾਈ ਤੇ ਬੇਰੁਜ਼ਗਾਰੀ ਨੇ ਮਿਹਨਤਕਸ਼ ਲੋਕਾਂ ਦਾ ਲੱਕ ਤੋੜ ਦਿੱਤਾ ਹੈ, ਉਥੇ ਸੰਸਾਰ ਪੱਧਰ 'ਤੇ ਰਾਜਨੀਤੀ 'ਚ ਸੱਜੇ-ਪੱਖੀ ਰੁਝਾਨ ਵੀ ਜ਼ੋਰ ਫੜਦੇ ਸਪੱਸ਼ਟ ਨਜ਼ਰ ਆਉਂਦੇ ਹਨ। ਅੰਤਰਰਾਸ਼ਟਰੀ ਮੁਦਰਾ ਕੋਸ਼ (ਆਈ ਐਮ ਐਫ) ਦੇ ਅਨੁਮਾਨਾਂ ਅਨੁਸਾਰ ਵਿਕਸਤ ਪੂੰਜੀਵਾਦੀ ਦੇਸ਼ਾਂ ਅੰਦਰ ਵਿਕਾਸ ਦੀ ਜਿਹੜੀ ਦਰ ਸਾਲ 2022 'ਚ 2.7 ਪ੍ਰਤੀਸ਼ਤ ਰਹੀ ਸੀ, ਉਹ ਸਾਲ 2023 ਅੰਦਰ ਘਟ ਕੇ 1.3 ਪ੍ਰਤੀਸ਼ਤ ਰਹਿ ਜਾਵੇਗੀ, ਜਿਸ ਨਾਲ ਪਹਿਲਾਂ ਹੀ ਹੱਦਾਂ ਬੰਨੇ ਟੱਪ ਚੁੱਕੀ ਬੇਕਾਰੀ 'ਚ ਹੋਰ ਵੀ ਵੱਡਾ ਵਾਧਾ ਹੋਣ ਦਾ ਖ਼ਤਰਾ ਦਰਪੇਸ਼ ਹੈ। ਦੂਸਰੇ ਬੰਨੇ ਜਰਮਨੀ ਅੰਦਰ ਸੱਤਾ ਦੀ ਦੌੜ 'ਚ ਸ਼ਾਮਲ 'ਏ.ਐੱਫ.ਡੀ.' ਨਾਂਅ ਦੀ ਨਵਨਾਜ਼ੀ ਜਥੇਬੰਦੀ 20 ਪ੍ਰਤੀਸ਼ਤ ਵੋਟਾਂ ਹਾਸਲ ਕਰਨ ਦੇ ਨੇੜੇ ਪੁੱਜ ਗਈ ਹੈ ਤੇ ਕਈ ਪ੍ਰਾਂਤਾਂ ਦੀਆਂ ਚੋਣਾਂ ਵੀ ਜਿੱਤ ਚੁੱਕੀ ਹੈ। ਇਸੇ ਤਰ੍ਹਾਂ ਫਰਾਂਸ ਅੰਦਰ ਫਾਸ਼ੀਵਾਦ ਦੇ ਕੱਟੜ ਮੁਦਈ ਮਰੀਨੇ ਲੇ ਪਿਨ ਨੂੰ ਪ੍ਰਧਾਨ ਮੰਤਰੀ ਈ. ਮੈਕਰੋਨ ਤੋਂ ਜ਼ਿਆਦਾ ਲੋਕ ਹਮਾਇਤ ਹਾਸਲ ਹੋਈ ਹੈ, ਜਦਕਿ ਇਟਲੀ 'ਚ ਪਹਿਲਾਂ ਹੀ ਫਾਸ਼ੀ ਸਰਕਾਰ ਦੀ ਸਥਾਪਨਾ ਹੋ ਚੁੱਕੀ ਹੈ। ਸੰਸਾਰ ਭਰ 'ਚ, ਖਾਸ ਕਰਕੇ ਵਿਕਸਤ ਪੂੰਜੀਵਾਦੀ ਦੇਸ਼ਾਂ ਅੰਦਰ ਮਿਹਨਤਕਸ਼ ਲੋਕਾਂ ਦੀਆਂ ਹੱਕੀ ਜੱਦੋ-ਜਹਿਦਾਂ ਦੇ ਸ਼ਾਨਦਾਰ ਉਭਾਰ 'ਤੇ ਤਸੱਲੀ ਦਾ ਪ੍ਰਗਟਾਵਾ ਵੀ ਕੀਤਾ ਗਿਆ ਹੈ। ਇਸ ਸੰਬੰਧੀ ਅਮਰੀਕਾ ਦੀਆਂ ਤਿੰਨ ਵੱਡੀਆਂ ਆਟੋ ਮੋਬਾਈਲ ਕੰਪਨੀਆਂ- ਜਨਰਲ ਮੋਟਰਜ਼, ਸਟੇ ਲੈਂਟਿਸ ਅਤੇ ਫੋਰਡ ਦੇ 1,46,000 ਕਾਮਿਆਂ ਦੀ ਇਕ ਮਹੀਨਾ ਲੰਮੀ ਚੱਲੀ 'ਸਟੈਂਡ ਅੱਪ' ਹੜਤਾਲ ਉਪਰੰਤ ਇਕ ਸਮਝੌਤੇ ਤਹਿਤ ਹੋਈ ਇਤਿਹਾਸਕ ਜਿੱਤ ਉਚੇਚੇ ਜ਼ਿਕਰ ਦੀ ਹੱਕਦਾਰ ਹੈ।

ਸੀ ਸੀ ਸੀ ਅਤੇ ਕੇਂਦਰੀ ਕਮੇਟੀਆਂ ਦੀ ਸਾਂਝੀ ਮੀਟਿੰਗ ਨੇ ਭਾਰਤ ਅੰਦਰ ਵਧ ਰਹੀ ਕਾਰਪੋਰੇਟੀ ਲੁੱਟ ਦੇ ਨਤੀਜੇ ਵਜੋਂ ਬੇਰੁਜ਼ਗਾਰੀ, ਮਹਿੰਗਾਈ, ਭੁੱਖਮਰੀ ਤੇ ਕੁਪੋਸ਼ਨ 'ਚ ਹੋ ਰਹੇ ਬੇਹਿਸਾਬ ਵਾਧੇ ਅਤੇ ਨਿਰੰਤਰ ਡੂੰਘੇ ਹੁੰਦੇ ਜਾ ਰਹੇ ਸਨਅਤੀ ਤੇ ਖੇਤੀਬਾੜੀ ਸੰਕਟ ਬਾਰੇ ਬਰੀਕੀ ਨਾਲ ਵਿਚਾਰ ਵਟਾਂਦਰਾ ਕੀਤਾ ਹੈ। 1 ਜੁਲਾਈ 2023 ਅੰਦਰ (ਪਿਛਲੇ ਸਾਲ ਜੁਲਾਈ ਦੇ ਮੁਕਾਬਲੇ) ਪ੍ਰਚੂਨ ਵਸਤਾਂ ਦੀਆਂ ਕੀਮਤਾਂ 'ਚ 7.44 ਫੀਸਦੀ ਤੇ ਖਾਧ ਪਦਾਰਥਾਂ- ਅਨਾਜ, ਸਬਜ਼ੀਆਂ, ਦੁੱਧ ਤੋਂ ਤਿਆਰ ਵਸਤਾਂ ਆਦਿ ਦੀਆਂ ਕੀਮਤਾਂ 'ਚ 11.5 ਪ੍ਰਤੀਸ਼ਤ ਦੇ ਵਾਧੇ ਨੂੰ ਨੋਟ ਕਰਦਿਆਂ ਲੋਕਾਂ ਉਪਰ ਵਧ ਰਹੇ ਆਰਥਿਕ ਬੋਝ ਤੇ ਘਟ ਰਹੀਆਂ ਆਮਦਨਾਂ ਦਾ ਗੰਭੀਰ ਨੋਟਿਸ ਲਿਆ ਗਿਆ। ਭਾਜਪਾ ਦੀ ਮੋਦੀ ਸਰਕਾਰ ਵੱਲੋਂ ਤਤਪਰਤਾ ਨਾਲ ਲਾਗੂ ਕੀਤੀਆਂ ਜਾ ਰਹੀਆਂ ਨਵਉਦਾਰਵਾਦੀ ਆਰਥਕ ਨੀਤੀਆਂ ਦੀ ਇਸ ਮੰਦਹਾਲੀ ਲਈ ਜ਼ਿੰਮੇਵਾਰ ਮੁੱਖ ਕਾਰਕ ਵਜੋਂ ਨਿਸ਼ਾਨਦੇਹੀ ਕੀਤੀ ਗਈ। ਇਹ ਨੀਤੀਆਂ ਸੰਸਾਰ ਸਾਮਰਾਜੀ ਤਾਕਤਾਂ ਤੇ ਉਨ੍ਹਾਂ ਦੇ ਕੰਟਰੋਲ ਹੇਠਲੇ ਵਿੱਤੀ ਅਦਾਰਿਆਂ ਦੀਆਂ ਹਦਾਇਤਾਂ ਤੇ ਦਬਾਅ ਅਧੀਨ ਲਾਗੂ ਕੀਤੀਆਂ ਜਾ ਰਹੀਆਂ ਹਨ। ਆਰਥਕ ਤੰਗੀਆਂ ਕਾਰਨ ਖ਼ੁਦਕੁਸ਼ੀਆਂ ਤੇ ਸਮਾਜਕ ਜੁਰਮਾਂ 'ਚ ਹੋ ਰਹੇ ਵਾਧੇ ਦੇ ਨਾਲ-ਨਾਲ ਦਿਨੋਂ-ਦਿਨ ਮਜ਼ਬੂਤੀ ਫੜ ਰਹੇ ਨਸ਼ਿਆਂ ਦੇ ਸਾਮਰਾਜ ਪਿੱਛੇ ਲੁਕੇ ਡੂੰਘੇ ਖਤਰਿਆਂ ਬਾਰੇ ਜਨ-ਸਧਾਰਨ 'ਚ ਰਾਜਨੀਤਕ ਤੇ ਵਿਚਾਰਧਾਰਕ ਚੇਤਨਾ ਦਾ ਪਸਾਰਾ ਕਰਦਿਆਂ ਜਨਤਕ ਸੰਘਰਸ਼ ਵਿੱਢਣ ਦੇ ਕਾਰਜ ਨੂੰ ਹੋਰ ਤੇਜ਼ੀ ਪ੍ਰਦਾਨ ਕਰਨ ਦਾ ਫੈਸਲਾ ਕੀਤਾ ਗਿਆ ਹੈ।

ਵਰਤਮਾਨ ਸਮੇਂ ਦੇ ਸਭ ਤੋਂ ਭਿਆਨਕ ਤੇ ਤਬਾਹਕੁੰਨ ਸਿੱਟਿਆਂ ਲਈ ਜ਼ਿੰਮੇਵਾਰ ਫਿਰਕੂ-ਫਾਸ਼ੀਵਾਦੀ ਸ਼ਕਤੀਆਂ ਦੇ ਉਭਾਰ ਨੂੰ ਮੀਟਿੰਗ ਵੱਲੋਂ ਨਿੱਠ ਕੇ ਵਿਚਾਰਿਆ ਗਿਆ। ਆਰ ਐੱਸ ਐਸ 1925 'ਚ ਆਪਣੀ ਕਾਇਮੀ ਦੇ ਸਾਲ ਤੋਂ ਸ਼ੁਰੂ ਕੀਤੀ ਫਿਰਕੂ ਨਫਰਤ 'ਤੇ ਅਧਾਰਤ ਵੰਡਵਾਦੀ ਮੁਹਿੰਮ ਨੂੰ ਮੋਦੀ ਸਰਕਾਰ ਦੇ ਦਸ ਸਾਲਾਂ ਦੇ ਰਾਜ ਦੌਰਾਨ ਸੰਪੂਰਨਤਾ ਵੱਲ ਵਧਦਾ ਦੇਖ ਰਿਹਾ ਹੈ। ਵਿਦੇਸ਼ੀ ਪੱਧਰ 'ਤੇ ਇਜ਼ਰਾਈਲ ਵੱਲੋਂ ਅਮਰੀਕਾ ਤੇ ਨਾਟੋ ਦੇਸ਼ਾਂ ਦੀ ਹਮਾਇਤ ਨਾਲ ਫਲਸਤੀਨ ਵਿਰੁੱਧ ਛੇੜੀ ਗਈ ਇਕਪਾਸੜ ਤੇ ਨਿਹੱਕੀ ਜੰਗ ਲਈ ਜ਼ਿੰਮੇਵਾਰ ਪ੍ਰਧਾਨ ਮੰਤਰੀ ਬੈਂਜ਼ਾਮਿਨ ਨੇਤਨਯਾਹੂ ਨਾਲ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦੁਨੀਆ 'ਚ ਸਭ ਤੋਂ ਅੱਗੇ ਹੋ ਕੇ ਖੜ੍ਹਨਾ ਦਰਸਾਉਂਦਾ ਹੈ ਕਿ ਹਿੰਦੂਤਵੀ ਤਾਕਤਾਂ ਦਾ ਜ਼ੀਓਨਿਸਟਾਂ ਨਾਲ ਕਿੰਨਾ ਗੂੜ੍ਹਾ ਸੰਬੰਧ ਹੈ। 1923 'ਚ ਵੀ ਡੀ ਸਾਵਰਕਰ ਨੇ ਆਪਣੀਆਂ ਲਿਖਤਾਂ ਰਾਹੀਂ ਫਲਸਤੀਨ ਦੀ ਧਰਤੀ 'ਤੇ ਯਹੂਦੀਆਂ ਲਈ ਇਕ ਪ੍ਰਭੂਤਾ ਸੰਪੰਨ ਰਾਸ਼ਟਰ ਕਾਇਮ ਕਰਨ ਦੀ ਵਕਾਲਤ ਕੀਤੀ ਸੀ। ਓਹੀ ਆਰ ਐੱਸ ਐਸ ਅੱਜ ਸਾਡੇ ਦੇਸ਼ ਦੇ ਧਰਮ ਨਿਰਪੱਖ, ਜਮਹੂਰੀ ਤੇ ਸੰਘਾਤਮਕ ਤਾਣੇ-ਬਾਣੇ ਨੂੰ ਤਬਾਹ ਕਰਕੇ ਇਕ ਧਰਮ ਅਧਾਰਤ ਕੱਟੜ ਦੇਸ਼ (ਮਨੂੰ ਸਿਮਰਤੀ ਦੇ ਚੌਖਟੇ ਵਾਲਾ ਹਿੰਦੂ ਰਾਸ਼ਟਰ) ਕਾਇਮ ਕਰਨ ਦੀ ਦਿਸ਼ਾ ਵਿਚ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ ਤੇ ਇਸੇ ਤਬਾਹਕੁੰਨ ਮਕਸਦ ਦੀ ਪੂਰਤੀ ਲਈ ਦੇਸ਼ ਦੇ ਸੰਵਿਧਾਨ ਨੂੰ ਬਦਲਣ, ਸੰਵਿਧਾਨਕ ਅਦਾਰਿਆਂ ਤੇ ਕੁੰਜੀਵਤ ਅਹੁਦਿਆਂ 'ਤੇ ਆਰ ਐੱਸ ਐੱਸ ਦੀ ਫਿਰਕੂ ਵਿਚਾਰਧਾਰਾ ਨਾਲ ਲੈਸ ਵਿਅਕਤੀ ਬਿਠਾਉਣ, ਵਿਦਿਅਕ ਸਿਲੇਬਸ ਦਾ ਭਗਵਾਂਕਰਨ ਕਰਕੇ ਪਿਛਾਖੜੀ ਤੇ ਹਨੇਰਬਿਰਤੀਵਾਦੀ ਵਿਚਾਰਾਂ ਨਾਲ ਨਵੀਂ ਪੀੜ੍ਹੀ ਦੇ ਦਿਲੋ-ਦਿਮਾਗ਼ਾਂ ਨੂੰ ਪ੍ਰਦੂਸ਼ਤ ਕਰਨ ਲਈ ਪੂਰੀ-ਪੂਰੀ ਵਾਹ ਲਾ ਰਿਹਾ ਹੈ। ਮਨੂੰਵਾਦੀ ਸਮਾਜਿਕ ਢਾਂਚਾ ਲਾਗੂ ਕਰਨ ਦੀ ਕੋਝੀ ਮਨਸ਼ਾ ਤਹਿਤ ਦੇਸ਼ ਦੀਆਂ ਸਮੁੱਚੀਆਂ ਧਾਰਮਿਕ ਘੱਟ ਗਿਣਤੀਆਂ, ਦਲਿਤ ਤੇ ਪੱਛੜਿਆ ਸਮਾਜ, ਔਰਤਾਂ ਅਤੇ ਅਗਾਂਹਵਧੂ ਤੇ ਖੱਬੇ-ਪੱਖੀ ਕਾਰਕੁਨਾਂ 'ਤੇ ਹਰ ਤਰ੍ਹਾਂ ਦਾ ਜਬਰ ਢਾਹਿਆ ਜਾ ਰਿਹਾ ਹੈ। ਸੰਘੀ ਲਾਣੇ ਵਲੋਂ ਇਸੇ ਪ੍ਰਸੰਗ 'ਚ ਹੀ ਜਾਤਪਾਤ ਨੂੰ 'ਕੁਦਰਤੀ ਕੰਮ ਵੰਡ' ਦਾ ਨਾਂਅ ਦੇ ਕੇ ਹੱਕ ਵਜਾਨਬ ਠਹਿਰਾਇਆ ਜਾ ਰਿਹਾ ਹੈ।

ਇਸੇ ਸੰਦਰਭ 'ਚ 'ਕਮਿਊਨਿਸਟ ਕੋ-ਆਰਡੀਨੇਸ਼ਨ ਕਮੇਟੀ' ਅਤੇ ਦੋਨਾਂ ਕੇਂਦਰੀ ਕਮੇਟੀਆਂ ਨੇ ਪਾਰਟੀ ਸਫਾਂ ਨੂੰ 2024 ਦੀਆਂ ਚੋਣਾਂ ਅੰਦਰ 'ਭਾਜਪਾ ਹਰਾਓ, ਕਾਰਪੋਰੇਟ ਭਜਾਓ, ਦੇਸ਼ ਬਚਾਓ' ਦੇ ਕੇਂਦਰੀ ਤੇ ਇਤਿਹਾਸਕ ਨਾਹਰੇ ਨੂੰ ਅਮਲੀ ਜਾਮਾ ਪਹਿਨਾਉਣ ਲਈ ਤੁਰੰਤ ਰਾਜਨੀਤਕ ਤੇ ਵਿਚਾਰਧਾਰਕ ਜਨਤਕ ਸਰਗਰਮੀਆਂ ਤੇਜ਼ ਕਰਨ ਦਾ ਸੱਦਾ ਦਿੱਤਾ ਹੈ। ਮੀਟਿੰਗ ਨੇ ਨਿਰਣਾ ਲਿਆ ਹੈ ਕਿ ਨਵੇਂ ਸਾਲ 'ਚ 30 ਜਨਵਰੀ ਨੂੰ ਪੂਰੇ ਦੇਸ਼ ਅੰਦਰ ਮਹਾਤਮਾ ਗਾਂਧੀ ਦੀ ਸ਼ਹਾਦਤ ਵਾਲੇ ਦਿਨ ਸੈਮੀਨਾਰ, ਮੀਟਿੰਗਾਂ ਤੇ ਜਨਤਕ ਇਕੱਠ ਕਰਕੇ ਫਿਰਕੂ-ਫਾਸ਼ੀਵਾਦੀ ਸ਼ਕਤੀਆਂ ਦੇ ਖਤਰਨਾਕ ਮਨਸੂਬੇ ਬੇਪਰਦ ਕੀਤੇ ਜਾਣਗੇ। ਫਰਵਰੀ ਤੇ ਅੱਧ ਮਾਰਚ 2024 ਦੌਰਾਨ "ਭਾਜਪਾ ਹਰਾਓ-ਕਾਰਪੋਰੇਟ ਭਜਾਓ-ਦੇਸ਼ ਬਚਾਓ" ਦੇ ਨਾਹਰੇ ਹੇਠ ਜਨਤਕ ਰੈਲੀਆਂ-ਮੁਜ਼ਾਹਰੇ ਆਦਿ ਕਰਕੇ ਤੇ ਲਿਖਤੀ ਪ੍ਰਚਾਰ ਸਮਗਰੀ ਵੰਡਣ ਰਾਹੀਂ ਵਸੀਹ ਪੈਮਾਨੇ 'ਤੇ ਜਨਤਕ ਲਾਮਬੰਦੀ ਕੀਤੀ ਜਾਵੇਗੀ।

ਹਾਲ ਹੀ ਵਿਚ ਹੋਏ ਸਰਦ ਰੁੱਤ ਦੇ ਪਾਰਲੀਮੈਂਟ ਸੈਸ਼ਨ 'ਚ ਸੁਰੱਖਿਆ ਦੇ ਸਾਰੇ ਪ੍ਰਬੰਧਾਂ ਨੂੰ ਉਲੰਘ ਕੇ ਪਾਰਲੀਮੈਂਟ ਹਾਊਸ 'ਚ ਦੋ ਵਿਅਕਤੀਆਂ ਦੇ ਦਾਖ਼ਲ ਹੋਣ ਬਾਰੇ ਗ੍ਰਹਿ ਮੰਤਰੀ ਅਮਿਤ ਸ਼ਾਹ ਤੋਂ ਪਾਰਲੀਮੈਂਟ 'ਚ ਬਿਆਨ ਦੇਣ ਦੀ ਮੰਗ ਕਰਨ ਵਾਲੀ ਵਿਰੋਧੀ ਧਿਰ ਦੇ ਦੋਹਾਂ ਸਦਨਾਂ ਦੇ 146 ਸਾਂਸਦ ਮੈਂਬਰਾਂ ਨੂੰ ਸਸਪੈਂਡ ਕਰਨ ਤੇ ਵਿਰੋਧੀ ਧਿਰਾਂ ਦੀ ਗੈਰ-ਹਾਜ਼ਰੀ ਦਾ ਲਾਹਾ ਲੈਂਦਿਆਂ, ਬਿਨਾਂ ਬਹਿਸ ਕੀਤਿਆਂ ਤਮਾਮ ਸ਼ਹਿਰੀ ਆਜ਼ਾਦੀਆਂ ਤੇ ਅਧਿਕਾਰਾਂ ਉਪਰ ਪਾਬੰਦੀਆਂ ਲਾਉਣ ਵਾਲੇ ਬਿੱਲਾਂ ਨੂੰ ਪਾਸ ਕਰਕੇ ਕਾਨੂੰਨੀ ਸ਼ਕਲ ਦੇਣ ਵਿਰੁੱਧ 'ਇੰਡੀਆ' ਗਠਜੋੜ ਵੱਲੋਂ ਦਿੱਤੇ ਗਏ 22 ਦਸੰਬਰ ਨੂੰ ਦੇਸ਼ ਵਿਆਪੀ 'ਵਿਰੋਧੀ ਦਿਵਸ' ਮਨਾਉਣ ਦੇ ਸੱਦੇ ਦੀ ਪੂਰਨ ਹਮਾਇਤ ਕੀਤੀ ਗਈ ਤੇ ਇਨ੍ਹਾਂ ਮੁਜ਼ਾਹਰਿਆਂ 'ਚ ਦਲ-ਬਲ ਸਮੇਤ ਸ਼ਾਮਲ ਹੋਣ ਦਾ ਫੈਸਲਾ ਲਿਆ ਗਿਆ।

ਮੀਟਿੰਗ ਨੇ ਦੇਸ਼ ਵਾਸੀਆਂ ਨੂੰ ਸਪੱਸ਼ਟ ਆਗਾਹ ਕੀਤਾ ਕਿ ਭਾਜਪਾ 2024 ਦੀਆਂ ਲੋਕ ਸਭਾ ਚੋਣਾਂ ਜਿੱਤਣ ਲਈ ਸੰਘ ਪਰਵਾਰ ਦੇ ਸਾਜ਼ਿਸ਼ੀ ਹੁੱਲੜਬਾਜ਼ਾਂ ਦੀ ਮਿਲੀਭੁਗਤ ਨਾਲ ਕੋਈ ਵੀ ਅਨੈਤਿਕ ਹੱਥਕੰਡਾ ਵਰਤ ਸਕਦੀ ਹੈ। ਕਿਸੇ ਆਤੰਕੀ ਕਾਰਵਾਈ ਦੀ ਯੋਜਨਾਬੰਦੀ, ਫਿਰਕੂ ਧਰੁਵੀਕਰਨ, ਉਤੇਜਨਾ ਪੈਦਾ ਕਰਨ ਵਾਲੇ ਝੂਠੇ ਪ੍ਰਚਾਰ ਤੇ ਹਰ ਕਿਸਮ ਦੀ ਅਨੈਤਿਕ ਸੇਵਾ ਬਦਲੇ ਕਾਰਪੋਰੇਟਾਂ ਵੱਲੋਂ ਦਿੱਤੇ ਗਏ ਅਥਾਹ ਧਨ ਦੀ ਵਰਤੋਂ ਕਰਕੇ ਭਾਜਪਾ ਤੇ ਇਸ ਦੇ ਇਤਿਹਾਦੀ ਹਰ ਕੀਮਤ 'ਤੇ ਤੀਸਰੀ ਵਾਰ ਸੱਤਾ 'ਤੇ ਕਬਜ਼ਾ ਕਰਨ ਦੀ ਕੋਸ਼ਿਸ਼ ਕਰਨਗੇ। ਇਨ੍ਹਾਂ ਕੋਸ਼ਿਸ਼ਾਂ ਦੇ ਨਾਲ-ਨਾਲ ਕੇਂਦਰ ਸਰਕਾਰ ਵੱਲੋਂ ਵਿਰੋਧੀ ਪਾਰਟੀਆਂ ਦੇ ਆਗੂਆਂ 'ਤੇ ਸਰਕਾਰੀ ਏਜੰਸੀਆਂ ਰਾਹੀਂ ਧਾਵਾ ਬੋਲਣ ਦੇ ਸਿਲਸਿਲੇ ਨੂੰ ਵੀ ਮੀਟਿੰਗ ਵੱਲੋਂ ਗੰਭੀਰਤਾ ਨਾਲ ਨੋਟ ਕੀਤਾ ਗਿਆ। ਭਾਜਪਾ ਚੋਣਾਂ 'ਚ ਵਿਰੋਧੀ ਪਾਰਟੀਆਂ ਦੇ ਆਗੂਆਂ ਨੂੰ ਸਿੱਧੇ ਰੂਪ 'ਚ ਡਰਾਉਣ ਦੀਆਂ ਕੋਸ਼ਿਸ਼ਾਂ ਕਰਨ ਦੇ ਨਾਲ-ਨਾਲ ਆਪਣੇ ਕੁੱਝ ਗੁੱਝੇ ਮਿੱਤਰ ਦਲਾਂ ਨੂੰ ਤੀਸਰੇ ਧੜੇ ਦੇ ਰੂਪ 'ਚ ਚੋਣਾਂ ਲੜਾਉਣ ਰਾਹੀਂ ਭਾਜਪਾ ਵਿਰੋਧੀ ਵੋਟਾਂ ਦੀ ਵੰਡ ਕਰਨ ਦੀ ਚਾਲਬਾਜ਼ੀ ਵੀ ਕਰ ਸਕਦੀ ਹੈ। ਜੇਕਰ ਬਸਪਾ ਸੁਪਰੀਮੋ ਮਾਇਆਵਤੀ ਦੀ ਪਿਛਲੇ ਦਸਾਂ ਸਾਲਾਂ ਦੌਰਾਨ ਬਹੁਤ ਸਾਰੇ ਮੁੱਦਿਆਂ 'ਤੇ ਭਾਜਪਾ ਸੰਗ ਖੜ੍ਹੇ ਹੋਣ ਤੇ ਕਈ ਸਵਾਲਾਂ 'ਤੇ ਭਾਜਪਾ ਤੇ ਗੈਰ-ਭਾਜਪਾ ਦਲਾਂ ਨੂੰ ਇਕੋ ਤੱਕੜੀ 'ਚ ਤੋਲ ਕੇ ਤੀਸਰੇ ਧੜੇ ਵਜੋਂ ਪੇਸ਼ ਹੋਣ ਦੀ ਮੌਕਾਪ੍ਰਸਤ ਰਾਜਨੀਤੀ ਨੂੰ ਭਾਂਪਿਆ ਜਾਵੇ, ਤਾਂ ਉਨ੍ਹਾ ਦਾ ਇਹ ਵਤੀਰਾ ਭਾਜਪਾ ਦੀ ਉਕਤ ਚਾਲ ਨੂੰ ਹੋਰ ਵੀ ਸਾਫ਼ ਕਰ ਦਿੰਦਾ ਹੈ। ਬਸਪਾ ਦਾ ਐੱਮ ਪੀ ਦਾਨਿਸ਼ ਅਲੀ, ਜਿਸ ਨੂੰ ਭਾਜਪਾ ਦੇ ਸੰਸਦ ਮੈਂਬਰ ਰਮੇਸ਼ ਵਿਧੂੜੀ ਨੇ ਲੋਕ ਸਭਾ 'ਚ ਹਰ ਕਿਸਮ ਦੀ ਭੱਦੀ, ਜਾਤੀਪਾਤੀ ਤੇ ਫ਼ਿਰਕੂ ਭਾਸ਼ਾ ਵਰਤ ਕੇ ਅਪਮਾਨਿਤ ਕੀਤਾ ਸੀ, ਨਾਲ ਡਟ ਕੇ ਖੜ੍ਹੇ ਹੋ ਕੇ ਆਵਾਜ਼ ਬੁਲੰਦ ਕਰਨ ਦੀ ਥਾਂ ਬਸਪਾ ਸੁਪਰੀਮੋ ਵੱਲੋਂ ਉਲਟਾ ਕਾਂਗਰਸੀ ਨੇਤਾ ਰਾਹੁਲ ਗਾਂਧੀ ਨੂੰ ਮਿਲਣ ਦੇ ਦੋਸ਼ਾਂ ਅਧੀਨ ਦਾਨਿਸ਼ ਅਲੀ ਨੂੰ ਹੀ ਪਾਰਟੀ 'ਚੋਂ ਬਾਹਰ ਕੱਢ ਦੇਣ ਦੀ ਕਾਰਵਾਈ ਵੀ ਮਨੂੰਵਾਦੀ ਵਿਵਸਥਾ ਲਾਗੂ ਕਰ ਰਹੀ ਭਾਜਪਾ ਨਾਲ ਮਾਇਆਵਤੀ ਦੀਆਂ ਵਧ ਰਹੀਆਂ ਨਜ਼ਦੀਕੀਆਂ ਦੀ ਉੱਘੜਵੀਂ ਮਿਸਾਲ ਹੈ।

ਦਲਿਤਾਂ ਦੇ ਸਮਾਜਿਕ ਰੁਤਬੇ ਨੂੰ ਵੱਜ ਰਹੀਆਂ ਸੱਟਾਂ ਤੇ ਦੇਸ਼ ਨੂੰ ਦਰਪੇਸ਼ ਭਵਿੱਖੀ ਖਤਰਿਆਂ ਦੇ ਮੱਦੇਨਜ਼ਰ ਜੇਕਰ ਅਜਿਹੇ ਦਲ ਤੇ ਨੇਤਾ ਗੈਰ-ਭਾਜਪਾ ਗਠਜੋੜ 'ਚ ਸ਼ਾਮਿਲ ਹੋਣ ਤਾਂ ਸਾਡੇ ਸਮੇਤ ਦੇਸ਼ ਦਾ ਭਲਾ ਲੋਚਦੇ ਸਭਨਾਂ ਨੂੰ ਡਾਢੀ ਖੁਸ਼ੀ ਮਹਿਸੂਸ ਹੋਵੇਗੀ, ਪ੍ਰੰਤੂ ਇਨ੍ਹਾਂ ਨੇਤਾਵਾਂ ਦਾ ਹੁਣ ਤੱਕ ਦਾ ਸਿਰੇ ਦਾ ਅਵਸਰਵਾਦੀ ਕਿਰਦਾਰ ਇਸ ਪੱਖੋਂ ਕੋਈ ਚੰਗੇ ਸੰਕੇਤ ਨਹੀਂ ਦਿੰਦਾ। ਇਸੇ ਕਰਕੇ 'ਕਮਿਊਨਿਸਟ ਕੋ-ਆਰਡੀਨੇਸ਼ਨ ਕਮੇਟੀ' ਨੇ ਲੋਕਾਂ ਨੂੰ ਇਨ੍ਹਾਂ ਦੀਆਂ ਬੀਤੇ ਦੀਆਂ ਕਾਰਵਾਈਆਂ 'ਤੇ ਤਿੱਖੀ ਘੋਖਵੀਂ ਨਜ਼ਰ ਰੱਖਦਿਆਂ ਭਵਿੱਖ 'ਚ ਚੌਕਸ ਰਹਿਣ ਦੀ ਅਪੀਲ ਕੀਤੀ ਹੈ।

ਚੇਨਈ ਮੀਟਿੰਗ ਨੇ ਦੋਹਾਂ ਪਾਰਟੀਆਂ ਦੇ ਮੈਂਬਰਾਂ ਤੇ ਸਮਰਥਕਾਂ ਨੂੰ 'ਭਾਜਪਾ ਹਰਾਓ, ਕਾਰਪੋਰੇਟ ਭਜਾਓ, ਦੇਸ਼ ਬਚਾਓ' ਦੇ ਸੱਦੇ ਨੂੰ ਪੂਰੀ ਤਨਦੇਹੀ, ਇਮਾਨਦਾਰੀ ਤੇ ਗੰਭੀਰਤਾ ਨਾਲ ਬਿਨਾਂ ਕਿਸੇ ਰੱਖ-ਰਖਾਅ ਦੇ ਅਮਲੀ ਜਾਮਾ ਪਹਿਨਾਉਣ ਲਈ ਮੌਜੂਦਾ ਪੇਚੀਦਾ ਤੇ ਖਤਰਨਾਕ ਹਾਲਾਤ ਦੀਆਂ ਲੋੜਾਂ ਅਨੁਸਾਰ ਮੇਚਵੀਂ, ਗੁੰਦਵੀਂ ਸਰਗਰਮੀ ਵਿੱਢਣ ਦਾ ਸੱਦਾ ਦਿੱਤਾ ਹੈ। ਨਾਲ ਹੀ ਸਮੁੱਚੇ ਦੇਸ਼ ਵਾਸੀਆਂ ਨੂੰ ਪੁਰਜ਼ੋਰ ਅਪੀਲ ਕੀਤੀ ਹੈ ਕਿ ਉਹ 'ਸੰਘੀ ਸਰਕਾਰ, ਸੰਘੀ ਵਿਚਾਰ ਤੇ ਸਾਮਰਾਜੀ ਯਾਰਾਂ' ਨੂੰ ਹਰਾਉਣ 'ਚ ਕੋਈ ਕਸਰ ਬਾਕੀ ਨਾ ਛੱਡਣ। ਇਹ ਕਾਰਜ ਪੂਰਾ ਕਰਨਾ ਹੀ ਅਜੋਕੀ ਸੱਚੀ ਤੇ ਖਰੀ 'ਦੇਸ਼ ਭਗਤੀ' ਹੈ। ਕੋਈ ਵੀ ਰਾਜਸੀ ਜਾਂ ਸਮਾਜਿਕ ਧਿਰ, ਜੋ ਸਿੱਧੇ ਜਾਂ ਅਸਿੱਧੇ ਰੂਪ 'ਚ ਲੋਕ ਸਭਾ ਚੋਣਾਂ 'ਚ ਭਾਜਪਾ ਦੀ ਮਦਦਗਾਰ ਬਣਦੀ ਹੈ, ਪ੍ਰਤੀ ਕੋਈ ਹਮਦਰਦੀ ਰੱਖਣਾ ਦੇਸ਼ ਦੇ 140 ਕਰੋੜ ਲੋਕਾਂ ਦੇ ਹਿੱਤਾਂ ਨਾਲ ਧ੍ਰੋਹ ਕਮਾਉਣਾ ਹੋਵੇਗਾ।

**# ਸੰਪਰਕ : 98148-82998**

ਜਨਮ ਦਿਨ 'ਤੇ ਵਿਸ਼ੇਸ਼

# ਬਦਲੇ ਤੋਂ ਪਾਰ, ਸਮਾਜਿਕ ਬਦਲਾਅ ਦਾ ਚਿੰਨ੍ਹ ਹੈ ਊਧਮ ਸਿੰਘ

**ਅਮੋਲਕ ਸਿੰਘ**

26 ਦਸੰਬਰ 1899 ਨੂੰ ਜਨਮੇ ਅਤੇ 31 ਜੁਲਾਈ 1940 ਨੂੰ ਹੱਸਦਿਆਂ ਫਾਂਸੀ ਦਾ ਰੱਸਾ ਚੁੰਮਣ ਵਾਲੇ ਸ਼ਹੀਦ ਊਧਮ ਸਿੰਘ ਦੇ ਜਨਮ ਦਿਹਾੜੇ ਮੌਕੇ ਉਸ ਦੇ ਸੰਗਰਾਮੀ ਜੀਵਨ ਸਫਰ ਅਤੇ ਉਸ ਦੇ ਉਦੇਸ਼ਾਂ ਦਾ ਅਧਿਐਨ ਕਰਨਾ ਬੇਹੱਦ ਜ਼ਰੂਰੀ ਹੈ।

ਊਧਮ ਸਿੰਘ ਨੂੰ ਜਲ੍ਹਿਆਂਵਾਲਾ ਬਾਗ ਦੇ ਖ਼ੂਨੀ ਸਾਕੇ ਦਾ ਲੰਡਨ ਜਾ ਕੇ ਬਦਲਾ ਲੈਣ ਤੱਕ ਜਾਣੇ-ਅਨਜਾਣੇ ਸੀਮਤ ਕਰਨਾ ਉਸ ਦੀ ਵਿਲੱਖਣ ਘਾਲਣਾ ਅਤੇ ਉੱਚੇ ਆਦਰਸ਼ਾਂ ਨਾਲ ਇਨਸਾਫ ਨਹੀਂ। ਊਧਮ ਸਿੰਘ ਦੀਆਂ ਮੌਲਿਕ ਲਿਖਤਾਂ, ਬਿਆਨਾਂ ਅਤੇ ਸੁਨੇਹਿਆਂ ਵਿੱਚੋਂ ਉਸ ਦੀ ਸੋਚ ਦ੍ਰਿਸ਼ਟੀ ਅਤੇ ਉਦੇਸ਼ਾਂ ਬਾਰੇ ਖੁੱਲ੍ਹੇ ਮਨ ਨਾਲ ਸਮਝਣ ਦੀ ਲੋੜ ਹੈ। ਸਾਨੂੰ ਅਜਿਹੇ ਸਕੂਨ ਦਾ ਸ਼ੌਕ ਪਾਲਣ ਤੋਂ ਉੱਪਰ ਉੱਠਣ ਦੀ ਲੋੜ ਹੈ, ਜਿਹੜਾ ਸਾਡਾ ਧਿਆਨ ਬਦਲਿਆਂ ਦੀ ਰਾਜਨੀਤੀ ਤੱਕ ਹੀ ਸਮੇਟ ਕੇ ਸਮਾਜਿਕ ਬਦਲਾਅ ਦੇ ਕੇਂਦਰੀ ਕਾਰਜ ਤੋਂ ਨਜ਼ਰ ਲਾਂਭੇ ਕਰਨ ਦਾ ਕੰਮ ਕਰ ਦਿੰਦਾ ਹੈ।

ਊਧਮ ਸਿੰਘ ਕਿਸੇ ਇੱਕ ਵਿਅਕਤੀ ਨੂੰ ਹੀ ਲੋਕ ਵਿਰੋਧੀ ਵਰਤਾਰਿਆਂ ਦਾ ਮੁਜਰਿਮ ਨਹੀਂ ਸੀ ਸਮਝਦਾ। ਉਹ ਖ਼ੂਨੀ ਡਾਇਰਾਂ ਅਤੇ ਉਡਵਾਇਰਾਂ ਦੀ ਜਨਮ-ਭੋਇੰ ਸਾਮਰਾਜੀ ਪ੍ਰਬੰਧ ਨੂੰ ਟਿਕਦਾ ਸੀ ਜਿਹੜਾ ਪ੍ਰਬੰਧ ਅਜਿਹੇ ਖ਼ੂਨੀ ਸਾਕੇ ਰਚਣ ਵਾਲਿਆਂ ਨੂੰ ਪੈਦਾ ਕਰਨ ਅਤੇ ਥਾਪੜਾ ਦੇਣ ਦਾ ਕੰਮ ਕਰਦਾ ਹੈ। ਸਾਡੇ ਓਪਰੇ ਸਮਾਜੀ ਅਤੇ ਮਨ-ਸੁਭਾਅ ਨੂੰ ਬਦਲੇ ਦੀ ਰਾਜਨੀਤੀ ਟੁੰਬਦੀ ਅਤੇ ਵਕਤੀ ਸਕੂਨ ਦਿੰਦੀ ਹੈ। ਦੁਨੀਆ ਭਰ 'ਚ ਗੁਲਾਮੀ ਅਤੇ ਦਾਬੇ ਦੀ ਮਾਰ ਝੱਲ ਰਹੇ ਲੋਕਾਂ ਅੰਦਰ ਪਨਪਦੇ ਨਾਬਰੀ ਦੇ ਉੱਸਲਵੱਟੇ ਲੈਂਦੇ ਵਿਚਾਰ ਇਨਕਲਾਬੀ ਸਮਾਜਿਕ ਤਬਦੀਲੀ ਵਿੱਚ ਪਲਟਣ ਦੀ ਬਜਾਏ ਬਦਲਿਆਂ ਦੀ ਘੁੰਮਣਘੇਰੀ ਵਿੱਚ ਫਸ ਕੇ ਰਹਿ ਜਾਂਦੇ ਹਨ। ਦੁਨੀਆ ਭਰ 'ਚ ਜਲ੍ਹਿਆਂਵਾਲਾ ਬਾਗ ਕਾਂਡ ਵਰਗੇ ਕਾਰੇ ਕਰਨ ਵਾਲੇ ਡਾਇਰ 13 ਅਪ੍ਰੈਲ 1919 ਤੋਂ ਪਹਿਲਾਂ ਵੀ ਸੀ ਅਤੇ ਉਸ ਤੋਂ ਬਾਅਦ ਵੀ ਮੌਜੂਦ ਨੇ। ਇਹ ਕੌੜੀ ਸਚਾਈ ਸਿਰਫ ਸਾਡੇ ਮੁਲਕ ਅੰਦਰ ਹੀ ਨਹੀਂ, ਸਗੋਂ ਦੁਨੀਆ ਭਰ 'ਚ ਦੇਖੀ ਜਾ ਸਕਦੀ ਹੈ। ਇਹ ਹਕੀਕਤ ਹੋਰ ਵੀ ਸ਼ਿੱਦਤ ਨਾਲ ਦਰਸਾਉਂਦੀ ਹੈ ਕਿ ਉਸ ਨੁਕਤੇ ਦਾ ਭੇਦ ਸਮਝਿਆ ਜਾਵੇ, ਜਿਸ ਨੂੰ ਅਸਲ ਵਿੱਚ ਬਦਲਿਆ ਜਾਵੇ, ਨਾ ਕਿ ਸਿਰਫ ਬਦਲੇ ਤੱਕ ਸੀਮਤ ਅਤੇ ਸੰਤੁਸ਼ਟ ਹੋਇਆ ਜਾਵੇ।

ਸਾਡੇ ਲੋਕਾਂ ਦੇ ਨਾਇਕ ਊਧਮ ਸਿੰਘ ਨੂੰ ਵੀ ਇਸ ਨੁਕਤੇ ਨਜ਼ਰ ਤੋਂ ਸਮਝਣ-ਜਾਨਣ ਦੀ ਲੋੜ ਹੈ। ਉਹ ਜਦੋਂ 30 ਅਗਸਤ 1927 ਨੂੰ ਅੰਮ੍ਰਿਤਸਰ ਸਿਟੀ ਕੋਤਵਾਲੀ ਪੁਲਸ ਵੱਲੋਂ ਫੜਿਆ ਗਿਆ ਤਾਂ ਉਸ ਦੇ ਕੋਲੋਂ ਗਦਰ ਦੀ ਗੂੰਜ, ਰੂਸੀ ਗਦਰ ਗਿਆਨ ਸਮਾਚਾਰ, ਗੁਲਾਮੀ ਦਾ ਜ਼ਹਿਰ, ਗਦਰ ਦੀ ਦੂਰੀ, ਦੇਸ਼ ਭਗਤਾਂ ਦੀ ਜਾਨ ਆਦਿ ਸਾਹਿਤ ਫੜਿਆ ਗਿਆ। ਇਹ ਸਾਹਿਤ ਊਧਮ ਸਿੰਘ ਨੂੰ ਨੇੜਿਓਂ ਮਿਲਣ ਲਈ ਸਾਡਾ ਪ੍ਰੇਰਨਾਸ੍ਰੋਤ ਹੈ।

ਇਸ ਤੋਂ ਹੋਰ ਪਿੱਛੇ ਝਾਤ ਮਾਰੀਏ ਤਾਂ ਊਧਮ ਸਿੰਘ ਦੇ ਬਦਲੇ ਤੋਂ ਕਿਤੇ ਉੱਚੇ ਆਦਰਸ਼ਾਂ ਦੇ ਦੀਦਾਰ ਹੁੰਦੇ ਹਨ, ਜਦੋਂ ਉਹ 1923 ਵਿੱਚ 1857 ਦੇ ਗਦਰ ਦੀ ਬਰਸੀ ਮੌਕੇ ਸੰਬੋਧਨ ਕਰਦਾ ਹੈ:

"ਹਿੰਦੋਸਤਾਨ ਦੀ ਆਜ਼ਾਦੀ ਦੀ ਜੰਗ ਦੇ ਉਹਨਾਂ ਬਹਾਦਰ ਸ਼ਹੀਦਾਂ ਨੂੰ ਮੈਂ ਸ਼ਰਧਾਂਜਲੀ ਭੇਟ ਕਰਦਾ ਹਾਂ, ਜਿਹਨਾਂ ਨੇ ਆਪਣਾ ਖ਼ੂਨ ਦੇ ਕੇ ਆਜ਼ਾਦੀ ਦੇ ਝੰਡੇ ਨੂੰ ਉੱਚਿਆਂ ਕੀਤਾ। ਉਹਨਾਂ ਦੇ ਆਜ਼ਾਦੀ ਦੇ ਆਦਰਸ਼ ਨੂੰ ਅਪਣਾਉਂਦੇ ਹੋਏ ਅਸੀਂ ਹਕੂਮਤ ਦੇ ਹਰ ਵਾਰ ਅਤੇ ਕਹਿਰ ਨੂੰ ਛਾਤੀਆਂ 'ਤੇ ਝੱਲਾਂਗੇ। ਅੰਗਰੇਜ਼ ਸਾਮਰਾਜ ਨਾਲ ਸਾਡਾ ਸਮਝੌਤਾ ਅਸੰਭਵ ਹੈ। ਇਸ ਵਿਰੁੱਧ ਸਾਡੀ ਜੰਗ ਦਾ ਉਸ ਵੇਲੇ ਅੰਤ ਹੋਵੇਗਾ, ਜਦ ਸਾਡੀ ਜਿੱਤ ਦਾ ਕੌਮੀ ਝੰਡਾ ਭਾਰਤ ਵਿਚ ਬ੍ਰਿਟਿਸ਼ ਸਾਮਰਾਜ ਦੀ ਕਬਰ 'ਤੇ ਝੁੱਲੇਗਾ।"

ਜੂਨ 1955 ਦੇ ਕੰਬੋਜ ਸੰਦੇਸ਼ 'ਚੋਂ ਨੌਜਵਾਨ ਭਾਰਤ ਸਭਾ ਦੀ 1925 ਵਿੱਚ ਹੋਈ ਕਾਨਫਰੰਸ ਵਿਚ ਬੋਲਦਿਆਂ ਊਧਮ ਸਿੰਘ ਨੇ ਕਿਹਾ ਸੀ ਕਿ: "ਆਜ਼ਾਦੀ ਦੀ ਬੁਨਿਆਦ ਇਨਕਲਾਬ ਹੈ। ਗੁਲਾਮੀ ਦੇ ਵਿਰੁੱਧ ਇਨਕਲਾਬ, ਮਨੁੱਖ ਦਾ ਧਰਮ ਹੈ। ਇਹ ਮਨੁੱਖ ਦੀ ਮਨੁੱਖਤਾ ਦਾ ਆਦਰਸ਼ ਹੈ। ਜਿਹੜੀ ਕੌਮ ਅਧੀਨਗੀ ਕਬੂਲ ਕਰਕੇ ਸਿਰ ਨਿਵਾ ਦਿੰਦੀ ਹੈ, ਉਹ ਮੌਤ ਨੂੰ ਪ੍ਰਵਾਨ ਕਰਦੀ ਹੈ ਕਿਉਂਕਿ ਆਜ਼ਾਦੀ ਜੀਵਨ ਅਤੇ ਗੁਲਾਮੀ ਮੌਤ ਹੈ। ਆਜ਼ਾਦੀ ਸਾਡਾ ਜਮਾਂਦਰੂ ਹੱਕ ਹੈ। ਅਸੀਂ ਇਸ ਨੂੰ ਪ੍ਰਾਪਤ ਕਰਕੇ ਹੀ ਰਹਾਂਗੇ। ਅਸੀਂ ਇਨਕਲਾਬ ਦੇ ਦਰ ਆਪਣੀਆਂ ਜਵਾਨੀਆ ਦੀਆਂ ਬਹਾਰਾਂ ਵਾਰਨ ਲਈ ਤਤਪਰ ਹੋ ਗਏ ਹਾਂ। ਇਸ ਮਹਾਨ ਆਦਰਸ਼ ਦੀ ਭੇਂਟ ਆਪਣੀ ਜਵਾਨੀ ਤੋਂ ਘੱਟ ਹੋਰ ਹੋ ਵੀ ਕੀ ਸਕਦਾ ਹੈ ।"

ਜੇ ਭਲਾ ਊਧਮ ਸਿੰਘ ਦੀ ਜ਼ਿੰਦਗੀ ਦਾ ਇੱਕੋ-ਇੱਕ ਮਕਸਦ ਬਦਲਾ ਲੈਣ ਤੱਕ ਸੀਮਤ ਹੁੰਦਾ, ਫਿਰ ਉਹ ਭਲਾ 'ਆਜ਼ਾਦੀ ਦੀ ਬੁਨਿਆਦ ਇਨਕਲਾਬ ਹੁੰਦਾ ਹੈ' ਵਰਗੇ ਸੁਪਨੇ ਕਿਉਂ ਬੀਜਦਾ ? ਉਹਦਾ ਸ਼ਹੀਦ ਭਗਤ ਸਿੰਘ ਨਾਲ ਐਨਾ ਗਹਿਰਾ ਸਬੰਧ ਹੋਣਾ ਵੀ ਉਸ ਦੇ ਵਡੇਰੇ ਨਿਸ਼ਾਨਿਆਂ ਦੀ ਪੁਸ਼ਟੀ ਕਰਦਾ ਹੈ। ਊਧਮ ਸਿੰਘ 30 ਮਾਰਚ 1940 ਨੂੰ ਬਰਿਕਸਟਨ ਜੇਲ੍ਹ ਤੋਂ ਇੱਕ ਪੱਤਰ ਵਿੱਚ ਲਿਖਦਾ ਹੈ ਕਿ:

" .. 10 ਸਾਲ ਹੋ ਗਏ ਹਨ ਜਦੋਂ ਮੇਰਾ ਸਭ ਤੋਂ ਵਧੀਆ ਦੋਸਤ ਮੈਨੂੰ ਪਿੱਛੇ ਛੱਡ ਕੇ ਚਲਾ ਗਿਆ। ਇਹ 23 ਤਾਰੀਖ ਸੀ, ਉਮੀਦ ਹੈ ਕਿ ਉਹ ਮੈਨੂੰ ਵੀ ਉਸੇ ਤਾਰੀਖ ਨੂੰ ਫਾਂਸੀ ਦੇਣਗੇ।"

ਊਧਮ ਸਿੰਘ ਦੀ ਸ਼ਖਸੀਅਤ ਦਾ ਇਹ ਪਾਸਾ ਉਸ ਦੇ ਸਹਿਜ ਸੁਭਾਅ ਆਪਣੇ ਭਵਿੱਖ ਅਤੇ ਆਪਣੀ ਭੂਮਿਕਾ ਬਾਰੇ ਸਾਫ ਸਪੱਸ਼ਟ ਹੋਣ ਦਾ ਗਵਾਹ ਹੈ। ਇਹ ਦਰਸਾਉਂਦਾ ਹੈ ਕਿ ਊਧਮ ਸਿੰਘ ਵੱਲੋਂ ਕੈਕਸਟਨ ਹਾਲ ਲੰਡਨ ਵਿਖੇ ਗੋਲੀ ਦਾਗਣਾ ਅਸਲ ਵਿੱਚ ਸਾਮਰਾਜੀ ਪ੍ਰਬੰਧ ਦੀ ਵਫਾਦਾਰੀ ਨਿਭਾਉਣ ਵਾਲੇ ਜਲ੍ਹਿਆਂਵਾਲਾ ਬਾਗ ਵਿੱਚ ਖ਼ੂਨੀ ਵਿਸਾਖੀ ਮਨਾਉਣ, ਰਚਣ ਕਾਰਨ ਲੋਕਾਂ ਦੀ ਤਿੱਖੀ ਨਫਰਤ ਦੇ ਪਾਤਰ ਬਣੇ, ਉੱਭਰਵੇਂ ਚਿੰਨ੍ਹ ਨੂੰ ਨਿਸ਼ਾਨਾ ਬਣਾ ਕੇ ਇਹ ਚਿਤਾਵਨੀ ਦੇਣਾ ਹੈ ਕਿ ਲੋਕਾਂ ਦਾ ਲਹੂ ਕਦੇ ਖਾਮੋਸ਼ ਨਹੀਂ ਹੁੰਦਾ, ਉਹ ਸਿਰਫ ਜਿਸਮ ਹੁੰਦੇ ਨੇ, ਜਿਨ੍ਹਾਂ ਨੂੰ ਤੁਸੀਂ ਕਤਲ ਕਰਕੇ ਲੋਕ-ਆਵਾਜ਼ ਨੂੰ ਕਤਲ ਕਰਨ ਦਾ ਭਰਮ ਪਾਲਦੇ ਹੋ। ਊਧਮ ਸਿੰਘ ਦਾ ਇਹ ਅੰਤਿਮ ਨਿਸ਼ਾਨਾ ਨਹੀਂ ਸੀ, ਸਗੋਂ ਅੰਤਿਮ ਨਿਸ਼ਾਨੇ ਵੱਲ ਲੋਕਾਂ ਦਾ ਧਿਆਨ ਖਿੱਚਣ, ਹੌਸਲੇ ਅਤੇ ਸਿਦਕਦਿਲੀ ਨਾਲ ਸਾਮਰਾਜੀ ਅਤੇ ਦੇਸੀ ਗੁਲਾਮੀ ਦੇ ਸੰਗਲ ਤੋੜ ਕੇ ਇਨਕਲਾਬੀ ਤਬਦੀਲੀ ਵੱਲ ਅਗੇਰੇ ਵਧਣ ਲਈ ਲੋਕਾਂ ਨੂੰ ਹੋਕਾ ਦੇਣਾ ਸੀ।



ਊਧਮ ਸਿੰਘ ਸੰਬੰਧੀ ਪ੍ਰਚਲਿਤ ਕਿੱਸੇ, ਕਵੀਸ਼ਰੀ, ਢਾਡੀ ਰੰਗ, ਚਲੰਤ ਲੇਖ ਆਮ ਕਰਕੇ ਬਦਲਾ ਲੈਣ ਤੱਕ ਹੀ ਮਹਿਦੂਦ ਹਨ। ਪਿਛਲੇ ਅਰਸੇ ਵਿੱਚ ਸਾਹਮਣੇ ਆਏ ਠੋਸ ਇਤਿਹਾਸਕ ਪ੍ਰਮਾਣ, ਊਧਮ ਸਿੰਘ ਦੇ ਬਿਆਨ, ਚਿੱਠੀਆਂ ਖਾਸ ਕਰਕੇ ਫਾਂਸੀ ਲੱਗਣ ਤੋਂ ਪਹਿਲਾਂ ਅਦਾਲਤ ਵਿੱਚ ਜੱਜ ਸਾਹਮਣੇ ਦਿੱਤਾ ਬਿਆਨ ਸਪੱਸ਼ਟ ਐਲਾਨਨਾਮਾ ਹੈ ਕਿ ਊਧਮ ਸਿੰਘ ਦੇ ਦੁਸ਼ਮਣ ਅਤੇ ਮਿੱਤਰ ਕੌਣ ਹਨ।

ਉਹ ਸਾਫ ਸ਼ਬਦਾਂ ਵਿਚ ਬਿਆਨ ਕਰਦਾ ਹੈ ਕਿ ਉਸ ਦੇ ਅਨੇਕਾਂ ਅੰਗਰੇਜ਼ ਦੋਸਤ ਹਨ। ਉਸ ਨੂੰ ਚਿੱਟੀ ਚਮੜੀ ਨਾਲ ਕੋਈ ਨਫਰਤ ਨਹੀਂ। ਉਹ ਤਾਂ ਦੁਨੀਆ ਭਰ ਦੇ ਲੋਕਾਂ ਨੂੰ ਗੁਲਾਮ ਬਣਾ ਕੇ ਰੱਖ ਰਹੇ ਪ੍ਰਬੰਧ ਦੇ ਖ਼ਿਲਾਫ਼ ਹੈ। ਇਸ ਪ੍ਰਬੰਧ ਦਾ ਜਕੜਪੰਜਾ ਤੋੜ ਕੇ ਉਹ ਲੋਕਾਂ ਦੀ ਪੁੱਗਤ ਵਾਲੀ ਆਜ਼ਾਦੀ ਲਿਆਉਣ ਦਾ ਆਸ਼ਕ ਹੈ।

5 ਜੂਨ 1940 ਨੂੰ ਜੱਜ ਸਾਹਮਣੇ ਅਦਾਲਤ ਵਿੱਚ ਦਿੱਤੇ ਊਧਮ ਸਿੰਘ ਦੇ ਬਿਆਨ ਦੀ ਇਬਾਰਤ ਅੱਜ ਵੀ ਉਹਨਾਂ ਦੀ ਸੋਚਣ ਦੀ ਮੂੰਹੋਂ ਬੋਲਦੀ ਗਵਾਹੀ ਭਰਦੀ ਹੈ :

"ਮੈਂ ਅੰਗਰੇਜ਼ ਲੋਕਾਂ ਦੇ ਵਿਰੁੱਧ ਬਿਲਕੁਲ ਨਹੀਂ ਹਾਂ। ਮੇਰੇ ਭਾਰਤੀ ਮਿੱਤਰਾਂ ਤੋਂ ਵੀ ਵੱਧ ਇੰਗਲੈਂਡ ਵਿਚ ਅੰਗਰੇਜ਼ ਦੋਸਤ ਹਨ। ਮੈਨੂੰ ਇੰਗਲੈਂਡ ਦੇ ਕਾਮਿਆਂ ਨਾਲ ਪੂਰੀ ਹਮਦਰਦੀ ਹੈ। ਮੈਂ ਤਾਂ ਸਿਰਫ ਅੰਗਰੇਜ਼ੀ ਸਾਮਰਾਜੀ ਸਰਕਾਰ ਦੇ ਖਿਲਾਫ਼ ਹਾਂ।"

ਸਮੇਂ-ਸਮੇਂ ਦੇ ਹੁਕਮਰਾਨ ਜਰਵਾਣਿਆਂ ਨੂੰ ਇਹ ਭੁਲੇਖਾ ਰਿਹਾ ਹੈ ਕਿ ਸ਼ਾਇਦ ਦੇਸ਼ ਭਗਤਾਂ ਦੇ ਬੋਲ ਦਫਨ ਹੋ ਜਾਣਗੇ। ਉਹ ਮਿੱਟੀ ਵਿੱਚ ਸੌਂਦੇ ਜਾਂ ਦਮ ਨਹੀਂ ਤੋੜਦੇ ਉਹ ਮੌਕਾ ਮਿਲਣ 'ਤੇ ਉੱਗ ਪੈਂਦੇ ਹਨ।

5 ਜੂਨ 1940 ਨੂੰ ਜੋ ਬਿਆਨ ਊਧਮ ਸਿੰਘ ਨੇ ਅਦਾਲਤ ਵਿੱਚ ਦਿੱਤਾ, ਉਸ ਵਿੱਚ ਇਹ ਵੀ ਦਰਜ ਹੈ ਕਿ ਬਰਤਾਨਵੀ ਹਕੂਮਤ ਸਾਡੇ ਲੋਕਾਂ ਨੂੰ ਜੇਲ੍ਹਾਂ ਅੰਦਰ ਡੱਕ ਕੇ ਮੌਤ ਦੇ ਮੂੰਹ ਧੱਕ ਰਹੀ ਹੈ, ਇਹ ਇਕ ਦਿਨ ਅਵੱਸ਼ ਆਜ਼ਾਦ ਹੋਣਗੇ। ਅੱਜ 1940 ਤੋਂ 2023 ਆ ਗਿਆ ਅੱਜ ਵੀ ਸਾਡੇ ਮੁਲਕ ਦੇ ਹਾਕਮ ਬਰਤਾਨਵੀ ਹਕੂਮਤ ਦੇ ਪਦਚਿੰਨ੍ਹਾਂ 'ਤੇ ਚੱਲਦੇ ਹੋਏ ਹੱਕ-ਸੱਚ ਇਨਸਾਫ ਦੀ ਗੱਲ ਕਰਦੇ ਬੁੱਧੀਜੀਵੀਆਂ, ਲੇਖਕਾਂ, ਕਵੀਆਂ, ਸਾਹਿਤਕਾਰਾਂ, ਪੱਤਰਕਾਰਾਂ, ਜਮਹੂਰੀ ਸਮਾਜਕ ਕਾਮਿਆਂ ਨੂੰ ਵਰ੍ਹਿਆਂ ਤੋਂ ਬਿਨਾਂ ਮੁਕੱਦਮੇ ਚਲਾਏ ਜਾਂ ਝੂਠੇ ਕੇਸ ਮੜ੍ਹ ਕੇ ਸੀਖਾਂ ਪਿੱਛੇ ਡੱਕੀ ਬੈਠੀ ਹੈ।

ਊਧਮ ਸਿੰਘ ਦੇ ਬੋਲ ਅੱਜ ਵੀ ਹਵਾਵਾਂ ਵਿਚ ਗੂੰਜਦੇ ਹਨ ਕਿ ਕੀ ਅਸੀਂ ਅਜਿਹੀ ਆਜ਼ਾਦੀ ਲਈ ਆਪਣਾ ਸਭ ਕੁਝ ਨਿਛਾਵਰ ਕੀਤਾ ਸੀ ?

ਊਧਮ ਸਿੰਘ ਦੀ ਵਿਚਾਰਧਾਰਾ, ਆਪਣੇ-ਆਪ ਨੂੰ ਮੁਹੰਮਦ ਸਿੰਘ ਆਜ਼ਾਦ ਕਹਾਉਣ ਪਿੱਛੇ ਕੰਮ ਕਰਦੇ ਭਾਈਚਾਰਕ ਸਾਂਝ ਦਾ ਸੁਨੇਹਾ ਦੇਣ ਦੇ ਮਨੋਰਥ ਅਤੇ ਉਸ ਦੀ ਆਜ਼ਾਦੀ ਦੇ ਸੰਕਲਪ ਨੂੰ ਸਮਝਣਾ ਅਤੇ ਉਸ ਦੀ ਪੂਰਤੀ ਲਈ ਉੱਦਮ ਜੁਟਾਉਣਾ ਹੀ ਊਧਮ ਸਿੰਘ ਦੇ ਕੁਝ ਲੱਗਦੇ ਹੋਣ ਦਾ ਪ੍ਰਮਾਣ ਹੈ। ਵਿਸ਼ੇਸ਼ ਕਰਕੇ ਉਸ ਦੀ ਬਦਲਾ ਲੈਣ ਤੋਂ ਕਿਤੇ ਵਡੇਰੇ ਅਤੇ ਉਚੇਰੇ ਸਮਾਜਿਕ ਬਦਲਾਅ ਦੇ ਨਿਸ਼ਾਨੇ ਦੀ ਪੂਰਤੀ ਲਈ ਸੰਗਰਾਮ ਕਰਨਾ ਹੈ।

**ਸੰਪਰਕ: 98778-68710**

26-DEC-PAGE-5.qxd 12/25/2023 10:33 PM Page 1



# ਜਾਇਦਾਦ ਸੰਬੰਧੀ ਚੱਲ ਰਹੇ ਵਿਵਾਦ ਦੌਰਾਨ ਗਾਇਕ ਸਤਵਿੰਦਰ ਬੁੱਗਾ ਦੀ ਭਰਜਾਈ ਦੀ ਭੇਦਭਰੇ ਹਾਲਾਤ 'ਚ ਮੌਤ

## ਪੋਸਟਮਾਰਟਮ 'ਚ ਮੌਤ ਦਾ ਕਾਰਨ ਸਪੱਸ਼ਟ ਹੋਣ ਉਪਰੰਤ ਬਣਦੀ ਕਾਰਵਾਈ ਹੋਵੇਗੀ : ਡੀ ਐੱਸ ਪੀ


ਪੁਲਿਸ ਅਧਿਕਾਰੀਆਂ ਨੂੰ ਘਟਨਾ ਦੀ ਜਾਣਕਾਰੀ ਦਿੰਦਾ ਦਵਿੰਦਰ ਸਿੰਘ ਭੋਲਾ (ਸੱਜੇ) ਹਸਪਤਾਲ 'ਚ ਵਿਰਲਾਪ ਕਰਦੇ ਮ੍ਰਿਤਕ ਦੇ ਰਿਸ਼ਤੇਦਾਰ।

**ਸ੍ਰੀ ਫ਼ਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਜਾਇਦਾਦ ਨੂੰ ਲੈ ਕੇ ਉੱਘੇ ਪੰਜਾਬੀ ਗਾਇਕ ਸਤਵਿੰਦਰ ਬੁੱਗਾ ਅਤੇ ਉਸਦੇ ਸਕੇ ਭਰਾ ਦਵਿੰਦਰ ਸਿੰਘ ਭੋਲਾ ਦਰਮਿਆਨ ਚੱਲ ਰਹੇ ਵਿਵਾਦ ਦੌਰਾਨ ਗਾਇਕ ਦੀ ਭਰਜਾਈ ਦੀ ਭੇਤਭਰੇ ਹਾਲਾਤ 'ਚ ਮੌਤ ਹੋ ਜਾਣ ਦਾ ਸਮਾਚਾਰ ਹੈ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਫ਼ਤਹਿਗੜ੍ਹ ਸਾਹਿਬ ਦੇ ਪਿੰਡ ਮੁਕਾਰੋਂਪੁਰ ਦੇ ਰਹਿਣ ਵਾਲੇ ਪੰਜਾਬੀ ਗਾਇਕ ਸਤਵਿੰਦਰ ਬੁੱਗਾ ਦਾ ਆਪਣੇ ਭਰਾ ਦਵਿੰਦਰ ਸਿੰਘ ਭੋਲਾ ਨਾਲ ਜਾਇਦਾਦ ਨੂੰ ਲੈ ਕੇ ਵਿਵਾਦ ਚੱਲ ਰਿਹਾ ਸੀ, ਜਿਸ ਨੂੰ ਲੈ ਕੇ ਸਤਵਿੰਦਰ ਬੁੱਗਾ ਤੇ ਦਵਿੰਦਰ ਸਿੰਘ ਭੋਲਾ ਕਈ ਵਾਰ ਫੇਸਬੁਕ 'ਤੇ ਲਾਈਵ ਹੋ ਕੇ ਇੱਕ-ਦੂਜੇ 'ਤੇ ਧੱਕੇਸ਼ਾਹੀ ਦੇ ਦੋਸ਼ ਲਾ ਚੁੱਕੇ ਹਨ ਤੇ ਭਰਾਵਾਂ ਦੇ ਇਸ ਝਗੜੇ ਦੀ ਸੋਸ਼ਲ ਮੀਡੀਆ 'ਤੇ ਕਾਫੀ ਚਰਚਾ ਚੱਲ ਰਹੀ ਸੀ। ਡੀ.ਐਸ.ਪੀ. ਬੱਸੀ ਪਠਾਣਾਂ ਮੋਹਿਤ ਸਿੰਗਲਾ ਨੇ ਦੱਸਿਆ ਕਿ ਜਾਇਦਾਦ ਨੂੰ ਲੈ ਕੇ ਗਾਇਕ ਸਤਵਿੰਦਰ ਬੁੱਗਾ ਤੇ ਉਸਦੇ ਭਰਾ ਦਵਿੰਦਰ ਸਿੰਘ ਭੋਲਾ ਦਰਮਿਆਨ ਝਗੜਾ ਚੱਲ ਰਿਹਾ ਸੀ ਤੇ ਪੁਲਸ ਨੂੰ ਸੂਚਨਾ ਮਿਲੀ ਕਿ ਦੋਵੇਂ ਭਰਾ ਖੇਤ 'ਚ ਝਗੜ ਰਹੇ ਹਨ ਤੇ ਜਦੋਂ ਪੁਲਸ ਪਾਰਟੀ ਪਿੰਡ ਮੁਕਾਰੋਂਪੁਰ ਪਹੁੰਚੀ ਤਾਂ ਦੋਵੇਂ ਭਰਾ ਖੇਤ 'ਚ ਮੌਜੂਦ ਸਨ ਤੇ ਦਵਿੰਦਰ ਸਿੰਘ ਭੋਲਾ ਦੀ ਪਤਨੀ ਅਮਰਜੀਤ ਕੌਰ ਨੂੰ ਦੰਦਲ ਪਈ ਹੋਈ ਸੀ, ਜਿਸ ਨੂੰ ਪਹਿਲਾਂ ਖੇੜਾ ਦੇ ਹਸਪਤਾਲ 'ਚ ਤੇ ਫਿਰ ਸਿਵਲ ਹਸਪਤਾਲ ਵਿਖੇ ਲਿਜਾਇਆ ਗਿਆ, ਜਿੱਥੇ ਡਾਕਟਰਾਂ ਵੱਲੋਂ ਉਸ ਨੂੰ ਸੈਕਟਰ 32 ਹਸਪਤਾਲ ਚੰਡੀਗੜ੍ਹ ਰੈਫਰ ਕਰ ਦਿੱਤਾ ਗਿਆ, ਪਰ ਚੰਡੀਗੜ੍ਹ ਲਿਜਾਂਦੇ ਸਮੇਂ ਰਸਤੇ 'ਚ ਹੀ ਅਮਰਜੀਤ ਕੌਰ ਦੀ ਮੌਤ ਹੋ ਗਈ, ਜਿਸ ਦੀ ਪੋਸਟਮਾਰਟਮ ਰਿਪੋਰਟ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ, ਜਿਸ ਉਪਰੰਤ ਬਣਦੀ ਕਾਰਵਾਈ ਅਮਲ 'ਚ ਜ਼ਰੂਰ ਲਿਆਂਦੀ ਜਾਵੇਗੀ।

ਹਸਪਤਾਲ 'ਚ ਵਿਰਲਾਪ ਕਰ ਰਹੇ ਦਵਿੰਦਰ ਸਿੰਘ ਭੋਲਾ ਨੇ ਆਪਣੇ ਸਰੀਰ 'ਤੇ ਹੋਏ ਜ਼ਖ਼ਮ ਦਿਖਾਉਂਦਿਆਂ ਕਿਹਾ ਕਿ ਮਸ਼ਹੂਰ ਗਾਇਕ ਹੋਣ ਕਾਰਨ ਉਸਦੇ ਭਰਾ ਸਤਵਿੰਦਰ ਬੁੱਗਾ ਦੀ ਉੱਪਰ ਤੱਕ ਪਹੁੰਚ ਹੈ, ਜਿਸ ਦਾ ਫ਼ਾਇਦਾ ਚੁੱਕਦਾ ਹੋਇਆ ਉਹ ਕਾਫੀ ਸਮੇਂ ਤੋਂ ਉਸਦੇ ਪਰਵਾਰ ਨਾਲ ਜ਼ਿਆਦਤੀਆਂ ਕਰਦਾ ਆ ਰਿਹਾ ਹੈ ਤੇ ਸ਼ਨੀਵਾਰ ਨੂੰ ਬੁੱਗੇ ਨੇ ਪਹਿਲਾਂ ਉਸਦੀ ਕੁੱਟਮਾਰ ਕੀਤੀ ਤੇ ਫਿਰ ਉਸ ਨੂੰ ਛੁਡਾਉਣ ਆਈ ਉਸਦੀ ਪਤਨੀ ਨੂੰ ਵੀ ਧੱਕਾ ਮਾਰ ਕੇ ਸੁੱਟ ਦਿੱਤਾ, ਜਿਸ ਕਾਰਨ ਉਸਦੀ ਪਤਨੀ ਦੀ ਮੌਤ ਹੋ ਗਈ ਤੇ ਉਸਦੀ ਪਤਨੀ ਅਮਰਜੀਤ ਕੌਰ ਦੀ ਮੌਤ ਲਈ ਸਿੱਧੇ ਤੌਰ 'ਤੇ ਸਤਵਿੰਦਰ ਬੁੱਗਾ ਜ਼ਿੰਮੇਵਾਰ ਹੈ। ਦਵਿੰਦਰ ਸਿੰਘ ਭੋਲਾ ਨੇ ਦੋਸ਼ ਲਾਇਆ ਕਿ ਇਸ ਵਾਰਦਾਤ ਨੂੰ ਅੰਜਾਮ ਦੇਣ ਤੋਂ ਬਾਅਦ ਉਲਟਾ ਉਨ੍ਹਾਂ 'ਤੇ ਹੀ ਝੂਠਾ ਕੇਸ ਬਣਵਾਉਣ ਲਈ ਸਤਵਿੰਦਰ ਬੁੱਗਾ ਹਸਪਤਾਲ ਜਾ ਕੇ ਦਾਖ਼ਲ ਹੋ ਗਿਆ, ਜਿੱਥੇ ਜਦੋਂ ਉਸਨੂੰ ਉਸਦੀ ਪਤਨੀ ਦੀ ਮੌਤ ਹੋ ਜਾਣ ਦੀ ਸੂਚਨਾ ਮਿਲੀ ਤਾਂ ਉਹ ਹਸਪਤਾਲ 'ਚੋਂ ਭੱਜ ਗਿਆ। ਜ਼ਿਕਰਯੋਗ ਹੈ ਕਿ ਸਤਵਿੰਦਰ ਬੁੱਗਾ ਹੋਰੀਂ ਤਿੰਨ ਭਰਾ ਹਨ, ਜਿਨ੍ਹਾਂ 'ਚੋਂ ਸਭ ਤੋਂ ਵੱਡੇ ਭਰਾ ਜਥੇਦਾਰ ਮਨਮੋਹਨ ਸਿੰਘ ਮੁਕਾਰੋਂਪੁਰ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਹਨ ਤੇ ਘਟਨਾ ਸਬੰਧੀ ਪਤਾ ਲੱਗਣ 'ਤੇ ਉਨ੍ਹਾਂ ਸਮੇਤ ਹਸਪਤਾਲ ਪਹੁੰਚੇ ਅਕਾਲੀ ਦਲ ਦੇ ਅਹੁਦੇਦਾਰਾਂ ਅਤੇ ਵਰਕਰਾਂ ਨੇ ਵੀ ਪੁਲਸ ਪ੍ਰਸ਼ਾਸਨ ਤੋਂ ਮੰਗ ਕੀਤੀ ਕਿ ਸਤਵਿੰਦਰ ਬੁੱਗਾ ਵਿਰੁੱਧ ਸਖਤ ਕਾਰਵਾਈ ਕੀਤੀ ਜਾਵੇ।

# ਬੀ ਬੀ ਐੱਸ ਬੀ ਕਾਨਵੈਂਟ ਸਕੂਲ ਸਿੱਧਵਾਂ ਬੇਟ ਨੇ ਕੀਤਾ ਨਵਾਂ ਪ੍ਰਾਸਪੈਕਟ ਜਾਰੀ



**ਜਗਰਾਉਂ (ਨਛੱਤਰ ਸੰਧੂ)**-ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਸਿੱਧਵਾਂ ਬੇਟ, ਜੋ ਬੱਚਿਆਂ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਸਮਾਜਿਕ ਅਤੇ ਧਾਰਮਿਕ ਗਤੀਵਿਧੀਆਂ ਸਕੂਲ ਕੈਂਪਸ ਵਿਖੇ ਕਰਾਉਂਦੀ ਰਹਿੰਦੀ ਹੈ, ਨੇ ਨਵੇਂ ਸੈਸ਼ਨ 2023-2024 ਲਈ ਨਵਾਂ ਪ੍ਰਾਸਪੈਕਟ ਜਾਰੀ ਕੀਤਾ ਹੈ।

ਇਸ ਮੌਕੇ ਪ੍ਰਿੰਸੀਪਲ ਮੈਡਮ ਮਿਸਿਜ ਮੋਨਾ ਠਾਕੁਰ ਤੇ ਸਮੂਹ ਮੈਨੇਜਮੈਂਟ ਜਿਸ ਵਿੱਚ ਚੇਅਰਮੈਨ ਸਨੀ ਅਰੋੜਾ, ਵਾਈਸ ਚੇਅਰਮੈਨ ਰਜਿੰਦਰ ਕੁਮਾਰ ਬਾਵਾ, ਪ੍ਰੈਜੀਡੈਂਟ ਹਰੀਕ੍ਰਿਸ਼ਨ ਭਗਵਾਨ ਦਾਸ, ਮੈਨੇਜਿੰਗ ਡਾਇਰੈਕਟਰ ਸ਼ਾਮ ਸੁੰਦਰ ਭਾਰਦਵਾਜ, ਜਨਰਲ ਸੈਕਰੇਟਰੀ ਅੰਜੂ ਬਾਲਾ ਤੇ ਮੈਨੇਜਰ ਗਗਨਦੀਪ ਬਾਵਾ ਜੀ ਹਾਜ਼ਰ ਸਨ। ਇਸ ਮੌਕੇ ਪ੍ਰਿੰਸੀਪਲ ਮੈਡਮ ਮਿਸਿਜ ਮੋਨਾ ਠਾਕੁਰ ਨੇ ਕਿਹਾ ਕਿ ਸਕੂਲ ਬੱਚਿਆਂ ਦੇ ਭਵਿੱਖ ਨੂੰ ਸੰਵਾਰਨ ਲਈ ਵਚਨਬੱਧ ਹੈ ਤੇ ਬੀ.ਬੀ.ਐੱਸ.ਬੀ. ਕਾਨਵੈਂਟ ਸਕੂਲ ਵਿੱਚ ਬੱਚਿਆਂ ਨੂੰ ਪੜ੍ਹਾਈ ਦੇ ਨਾਲ-ਨਾਲ ਨੈਤਿਕ ਸਿਖਿਆਵਾਂ ਵੀ ਦਿੱਤੀਆਂ ਜਾਂਦੀਆਂ ਹਨ। ਸਕੂਲ ਵਿੱਚ ਇੱਕ ਵਧੀਆ ਖੇਡ ਦਾ ਮੈਦਾਨ, ਹਰ ਜਮਾਤ ਵਿੱਚ ਏ.ਸੀ. ਤੇ ਸਰਦੀਆਂ ਵਿੱਚ ਖਾਣਾ ਗਰਮ ਰੱਖਣ ਲਈ ਓਵਨ ਦੀ ਸੁਵਿਧਾ ਉਪਲਬਧ ਹੈ। ਇਸੇ ਲੜੀ ਤਹਿਤ ਵਧੀਆਂ ਅਤੇ ਕਾਰਗੁਜ਼ਾਰ ਸਟਾਫ਼ ਦੇ ਨਾਲ-ਨਾਲ ਖੇਡ ਦੇ ਲਈ ਵਧੀਆ ਕੋਚ ਵੀ ਹਨ, ਜੋ ਬੱਚਿਆਂ ਦਾ ਖੇਡਾਂ ਵਾਲੇ ਪਾਸੇ ਵੀ ਮੋਹਰੀ ਰੱਖਦੇ ਹਨ।

ਸਕੂਲ ਵਿੱਚ ਇਸਦੇ ਨਾਲ-ਨਾਲ ਵਧੀਆ ਸਾਇੰਸ ਲੈਬ ਤੇ ਕੰਪਿਊਟਰ ਲੈਬ ਵੀ ਮੌਜੂਦ ਹਨ। ਸਕੂਲ ਦੇ ਪ੍ਰਿੰਸੀਪਲ ਮੈਡਮ ਮਿਸਿਜ ਮੋਨਾ ਠਾਕੁਰ ਨੇ ਕਿਹਾ ਕਿ ਸਕੂਲ ਦੇ ਵਿਦਿਆਰਥੀ ਆਉਣ ਵਾਲੇ ਸਾਲਾਂ ਵਿੱਚ ਪੜ੍ਹਾਈ ਦੇ ਨਾਲ-ਨਾਲ ਖੇਡਾਂ ਅਤੇ ਹੋਰ ਕਈ ਖੇਤਰਾਂ ਵਿੱਚ ਨਵੇਂ ਕੀਰਤੀਮਾਨ ਸਥਾਪਤ ਕਰਨਗੇ। ਉਨ੍ਹਾਂ ਬੱਚਿਆਂ ਦੇ ਉਜਵਲ ਭਵਿੱਖ ਨੂੰ ਸੰਵਾਰਨ ਅਤੇ ਬੱਚਿਆਂ ਨੂੰ ਚੰਗੀ ਸਿੱਖਿਆ ਅਤੇ ਚੰਗੀਆਂ ਆਦਤਾਂ ਸਿਖਾਉਣ ਦਾ ਵਾਅਦਾ ਕੀਤਾ।

# ਬਾਰ ਐਸੋਸੀਏਸ਼ਨ ਦੇ 23ਵੀਂ ਵਾਰ ਪ੍ਰਧਾਨ ਬਣੇ ਗਿਆਨ ਸਿੰਘ ਮੂੰਗੋ ਦਾ ਸਨਮਾਨ



**ਨਾਭਾ (ਵਰਿੰਦਰ ਵਰਮਾ)**-ਨਾਭਾ ਬਾਰ ਐਸੋਸੀਏਸ਼ਨ ਦੀ ਚੋਣ 'ਚ 23 ਵਾਰ ਪ੍ਰਧਾਨ ਬਣ ਕੇ ਇਤਿਹਾਸ ਰਚਣ ਵਾਲੇ ਐਡਵੋਕੇਟ ਗਿਆਨ ਸਿੰਘ ਮੂੰਗੋ ਦਾ ਸਨਮਾਨ ਕਰਨ ਲਈ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਉਨ੍ਹਾਂ ਦੇ ਘਰ ਪਹੁੰਚੇ, ਜਿਥੇ ਅਮਨ ਅਰੋੜਾ ਵੱਲੋਂ ਪ੍ਰਧਾਨ ਐਡਵੋਕੇਟ ਗਿਆਨ ਸਿੰਘ ਮੂੰਗੋ ਨੂੰ ਵਧਾਈ ਦਿੱਤੀ ਗਈ।

ਮੰਤਰੀ ਨੇ ਕਿਹਾ ਕਿ ਇਤਿਹਾਸ ਗਵਾਹ ਹੈ ਕਿ ਐਡਵੋਕੇਟ ਗਿਆਨ ਸਿੰਘ ਮੂੰਗੋ 23 ਵਾਰ ਪ੍ਰਧਾਨ ਬਣੇ ਹਨ, ਜੋ ਗਿਆਨ ਸਿੰਘ ਮੂੰਗੋ ਦਾ ਵਕੀਲਾਂ ਪ੍ਰਤੀ ਪ੍ਰੇਮ ਪਿਆਰ ਹੈ ਉਸ ਨੂੰ ਵੇਖਦੇ ਹੋਏ ਹੀ ਵਕੀਲ ਭਾਈਚਾਰੇ ਵੱਲੋਂ ਵੱਡੀ ਗਿਣਤੀ ਦੇ ਨਾਲ ਉਹਨਾਂ ਨੂੰ ਪਿਛਲੇ ਕਈ ਸਾਲਾਂ ਤੋਂ ਜਿਤਾਇਆ ਜਾ ਰਿਹਾ। ਉਪਰੰਤ ਕੈਬਨਿਟ ਮੰਤਰੀ ਨੇ ਕੇਂਦਰ ਸਰਕਾਰ ਵੱਲੋਂ 23 ਹਜ਼ਾਰ ਕਰੋੜ ਪੰਜਾਬ ਸਰਕਾਰ ਨੂੰ ਨਾ ਦੇਣ ਸਬੰਧੀ ਕਿਹਾ ਕਿ ਕੇਂਦਰ ਸਰਕਾਰ ਪੰਜਾਬ ਸਰਕਾਰ ਨਾਲ ਮਤਰੇਈ ਮਾਂ ਵਾਲਾ ਸਲੂਕ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਲੋਕ ਸਭਾ ਚੋਣਾਂ ਵਿੱਚ ਆਮ ਆਦਮੀ ਪਾਰਟੀ ਚੋਣਾਂ ਵਿੱਚ ਵੱਡੀ ਜਿੱਤ ਪ੍ਰਾਪਤ ਕਰੇਗੀ। ਅਕਾਲੀ ਦਲ ਅਤੇ ਬੀਜੇਪੀ ਦੇ ਭਵਿੱਖ ਬਾਰੇ ਬੋਲਦਿਆਂ ਅਮਨ ਅਰੋੜਾ ਨੇ ਕਿਹਾ ਕਿ ਸਾਰਿਆਂ ਨੂੰ ਹੀ ਪਤਾ ਹੈ ਕਿ ਇਹ ਪਾਰਟੀਆਂ ਦੇ ਆਗੂ ਚੋਣਾਂ ਤੋਂ ਚਾਰ ਦਿਨ ਪਹਿਲਾਂ ਲੋਕਾਂ ਨੂੰ ਲਾਰਿਆਂ ਵਿੱਚ ਲਾ ਕੇ ਚਲਦੇ ਬਣਦੇ ਹਨ, ਪਰ ਲੋਕ ਹੁਣ ਸੁਚੇਤ ਹਨ ਲੋਕ ਹੁਣ ਇਨ੍ਹਾਂ ਦੀਆਂ ਗੱਲਾਂ ਵਿੱਚ ਨਹੀਂ ਆਉਣ ਵਾਲੇ। ਬਹਿਬਲ ਕਲਾ ਅਤੇ ਬਰਗਾੜੀ ਬੇਅਦਬੀ ਸਬੰਧੀ ਬੋਲਦੇ ਹੋਏ ਮੰਤਰੀ ਅਰੋੜਾ ਨੇ ਕਿਹਾ ਕਿ ਅਕਾਲੀ ਦਲ ਅਤੇ ਕਾਂਗਰਸ ਨੇ ਗੱਠਾਂ ਹੀ ਏਨੀਆਂ ਜ਼ਿਆਦਾ ਪਾ ਦਿੱਤੀਆਂ ਹਨ, ਇਸ ਕੇਸ ਨੂੰ ਉਲਝਾ ਹੀ ਏਨਾ ਦਿੱਤਾ ਕਿ ਸਾਨੂੰ ਲੀਗਲ ਪ੍ਰੋਸੈਸ ਦੇ ਰਾਹੀਂ ਉਹ ਗੱਠਾਂ ਖੋਲਣੀਆਂ ਪੈਣਗੀਆਂ ਅਤੇ ਇਸ ਸਬੰਧੀ ਜਲਦੀ ਹੀ ਇਨਸਾਫ ਦਿੱਤਾ ਜਾਵੇਗਾ। ਇਸ ਮੌਕੇ ਵਿਧਾਇਕ ਦੇਵ ਮਾਨ ਨੇ ਕਿਹਾ ਕਿ ਕੈਬਨਿਟ ਮੰਤਰੀ ਅਮਨ ਅਰੋੜਾ ਤੇ ਮੇਰੇ ਵੱਲੋਂ ਪ੍ਰਧਾਨ ਗਿਆਨ ਸਿੰਘ ਮੋਗੋ ਨੂੰ ਵਧਾਈ ਦਿੱਤੀ ਗਈ ਹੈ। ਗਿਆਨ ਸਿੰਘ ਮੰਗੋ ਪਿਛਲੇ ਲੰਮੇ ਸਮੇਂ ਤੋਂ ਪਾਰਟੀ ਦੇ ਵਫਾਦਾਰ ਵਰਕਰ ਵਜੋਂ ਸੇਵਾ ਨਿਭਾਉਂਦੇ ਆ ਰਹੇ ਹਨ, ਉਨ੍ਹਾਂ ਕਿਹਾ ਕਿ ਅਸੀਂ ਉਮੀਦ ਕਰਦੇ ਹਾਂ ਕਿ ਉਹ 25ਵੀਂ ਵਾਰ ਪ੍ਰਧਾਨ ਬਣਨ ਅਤੇ ਅਸੀਂ ਸਿਲਵਰ ਜੁਬਲੀ ਮਨਾਈਏ।

ਬਾਰ ਐਸੋਸੀਏਸ਼ਨ ਦੇ 23ਵੇਂ ਵਾਰ ਪ੍ਰਧਾਨ ਬਣੇ ਐਡਵੋਕੇਟ ਗਿਆਨ ਸਿੰਘ ਮੂੰਗੋ ਨੇ ਕਿਹਾ ਕਿ ਮੈਂ ਧੰਨਵਾਦੀ ਹਾਂ ਜੋ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ ਵਿਸ਼ੇਸ਼ ਤੌਰ 'ਤੇ ਮੇਰੇ ਗ੍ਰਹਿ ਨਿਵਾਸ ਪਹੁੰਚੇ।

## ਕਾਤਰਾਂ

### ਫ਼ਤਿਹਗੜ੍ਹ ਸਾਹਿਬ ਦਾ ਪ੍ਰਸ਼ਾਸਨ ਸੰਗਤਾਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕਰ ਰਿਹੈ : ਰਾਓ



**ਲੌਂਗੋਵਾਲ (ਪ੍ਰਦੀਪ ਸਿੰਘ ਸੱਪਲ)**-ਕਿਸਾਨ ਯੂਨੀਅਨ ਅੰਮ੍ਰਿਤਸਰ ਜ਼ਿਲ੍ਹਾ ਸੰਗਰੂਰ ਦੇ ਪ੍ਰਧਾਨ ਬਿਕਰਮਜੀਤ ਸਿੰਘ ਰਾਓ ਨੇ ਕਿਹਾ ਕਿ ਫ਼ਤਿਹਗੜ੍ਹ ਸਾਹਿਬ ਜ਼ਿਲ੍ਹੇ ਦਾ ਪ੍ਰਸ਼ਾਸਨ ਸੰਗਤਾਂ ਨੂੰ ਬਿਨਾਂ ਵਜ੍ਹਾ ਪ੍ਰੇਸ਼ਾਨ ਕਰ ਰਿਹਾ ਹੈ। ਪਿਛਲੇ ਸਮੇਂ ਦੌਰਾਨ 26 ਦਸੰਬਰ ਸ਼ਾਮ ਤੋਂ 27 ਦਸੰਬਰ ਸ਼ਾਮ ਤੱਕ ਬੈਰੀਕੇਟ ਲਾ ਕੇ ਵਹੀਕਲਜ ਨੂੰ ਗੁਰਦੁਆਰਾ ਫ਼ਤਿਹਗੜ੍ਹ ਸਾਹਿਬ ਤੋਂ ਲਗਭਗ ਦੋ ਜਾਂ ਤਿੰਨ ਕਿਲੋਮੀਟਰ ਦੂਰ ਰੋਕਿਆ ਜਾਂਦਾ ਸੀ, ਪਰ ਇਸ ਵਾਰ 23 ਦਸੰਬਰ ਤੋਂ ਹੀ ਲਗਭਗ 7 ਕਿਲੋਮੀਟਰ ਦੂਰ ਤੱਕ ਬੈਰੀਕੇਟ ਲਾ ਕੇ ਸੰਗਤਾਂ ਨੂੰ ਖੱਜਲ ਖੁਆਰ ਕੀਤਾ ਜਾ ਰਿਹਾ ਹੈ, ਜਿਨ੍ਹਾਂ ਬਜ਼ੁਰਗਾਂ ਨੂੰ ਤੁਰਨ ਦੀ ਸਮੱਸਿਆ ਹੈ ਜਾਂ ਜਿਹੜੀਆਂ ਸੰਗਤਾਂ ਇਕੱਠ ਤੋਂ ਪਹਿਲਾਂ ਦਰਸ਼ਨ ਕਰਨ ਜਾਂਦੀਆਂ ਹਨ। ਉਨ੍ਹਾਂ ਨੂੰ ਬਹੁਤ ਜ਼ਿਆਦਾ ਮੁਸ਼ਕਲ ਵਿੱਚੋਂ ਗੁਜ਼ਰਨਾ ਪਿਆ ਹੈ ਤੇ ਲੰਗਰ ਲਾਉਣ ਵਾਲੀਆਂ ਸੰਗਤਾਂ ਨੂੰ ਵੀ ਇਸ ਤਰ੍ਹਾਂ ਕੀਤੀ ਬੈਰੀਕੇਟਿੰਗ ਕਾਰਨ ਬਹੁਤ ਜ਼ਿਆਦਾ ਖੱਜਲ ਖੁਆਰ ਹੋਣਾ ਪੈ ਰਿਹਾ ਹੈ। ਭਗਵੰਤ ਮਾਨ ਦੀ ਸਰਕਾਰ ਪਿਛਲੀਆਂ ਸਾਰੀਆਂ ਸਰਕਾਰਾਂ ਤੋਂ ਨਿਕੰਮੀ ਸਾਬਤ ਤੋਂ ਹੋ ਰਹੀ ਹੈ, ਕਿਉਂਕਿ ਇਸ ਸਰਕਾਰ ਨੂੰ ਹਰ ਇੱਕ ਧਾਰਮਿਕ ਮਾਮਲੇ ਵਿੱਚ ਟੰਗ ਅੜਾਉਣ ਦੀ ਮਾੜੀ ਆਦਤ ਪੈ ਚੁੱਕੀ ਹੈ। ਇਹ ਸਰਕਾਰ ਹਰ ਸਮੇਂ ਸਾਰੇ ਕਿਸੇ ਨਾ ਕਿਸੇ ਤਰੀਕੇ ਧਰਮ ਵਿੱਚ ਸਿੱਧਾ ਦਖਲ ਦੇ ਰਹੀ ਹੈ, ਜੋ ਅਤੀ ਨਿੰਦਣਯੋਗ ਹੈ। ਜੇਕਰ ਸਰਕਾਰ ਇਸ ਤਰ੍ਹਾਂ ਦੀਆਂ ਘਟੀਆ ਹਰਕਤਾਂ ਤੋਂ ਬਾਜ਼ ਨਾ ਆਈ ਤਾਂ ਆਉਣ ਵਾਲੇ ਸਮੇਂ ਵਿੱਚ ਇਸ ਦੇ ਸਰਕਾਰ ਨੂੰ ਗੰਭੀਰ ਨਤੀਜੇ ਭੁਗਤਣੇ ਪੈਣਗੇ।

### 2 ਸਾਲ ਦੇ ਗੈਪ ਤੋਂ ਬਾਅਦ ਪਤੀ-ਪਤਨੀ ਦਾ ਲੱਗਾ ਕੈਨੇਡਾ ਦਾ ਵੀਜ਼ਾ

**ਕੋਟ ਈਸੇ ਖਾਂ (ਅਰੋੜਾ)**-ਇਸ ਸਬੰਧੀ ਬੈਟਰ ਸਕਿੱਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਨੇ ਦੱਸਿਆ ਕਿ ਜਸਮੀਤ ਕੌਰ ਨੇ 2021 ਵਿੱਚ ਆਪਣੀ +2 ਪੂਰੀ ਕੀਤੀ ਸੀ, ਜਿਸ ਤੋਂ ਬਾਅਦ ਜਸਮੀਤ ਦਾ 2 ਸਾਲ ਦਾ ਗੈਪ ਸੀ। ਜਸਮੀਤ ਤੇ ਉਸ ਦੇ ਪਤੀ ਕਮਲਪ੍ਰੀਤ ਗੈਪ ਕਰਨ ਬਹੁਤ ਚਿੰਤਤ ਸਨ ਤੇ ਕਮਲਪ੍ਰੀਤ ਸਿੰਘ ਮੱਲ੍ਹੀ ਦੇ ਬੈਟਰ ਸਕਿੱਲ ਇਮੀਗ੍ਰੇਸ਼ਨ ਨਾਲ ਬਹੁਤ ਪੁਰਾਣੇ ਸਬੰਧ ਰਿਹਾਅ ਚੁੱਕੇ ਹਨ। ਉਸ ਤੋਂ ਬਾਅਦ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਆਏ ਹੋਏ ਪਤੀ- ਪਤਨੀ ਇਕੱਠਿਆਂ ਦੇ ਰਿਜ਼ਲਟਾਂ ਨੂੰ ਦੇਖਦਿਆਂ ਬੈੱਟਰ ਸਕਿੱਲ ਇਮੀਗ੍ਰੇਸ਼ਨ ਦੇ ਡਾਇਰੈਕਟਰ ਸਿਮਰਨਜੀਤ ਸਿੰਘ ਗਿੱਲ ਨਾਲ ਗੱਲਬਾਤ ਕਰਦੇ ਹੋਏ ਚੰਗੀ ਸਲਾਹ ਲਈ ਅਤੇ ਆਪਣੀ ਦੋਨਾਂ ਦੀ ਪ੍ਰੋਫਾਈਲ ਸੇਅਰ ਕਰਦਿਆਂ ਵਾਹਿਗੁਰੂ ਦੀ ਕਿਰਪਾ ਸਦਕਾ 10 ਦਿਨਾਂ ਵਿੱਚ ਜਸਮੀਤ ਕੌਰ ਦਾ ਸਟੱਡੀ ਵੀਜ਼ਾ ਤੇ ਉਸਦੇ ਪਤੀ ਕਮਲਪ੍ਰੀਤ ਸਿੰਘ ਮੱਲ੍ਹੀ ਦਾ ਓਪਨ ਵਰਕ ਪਰਮਿਟ ਵੀਜ਼ਾ ਪ੍ਰਾਪਤ ਹੋਇਆ। ਅੱਜ ਦੋਹੇਂ ਪਤੀ ਪਤਨੀ ਇਕੱਠੇ ਕਨੇਡਾ ਪਹੁੰਚ ਗਏ ਹਨ।



# ਮੁਹੰਮਦ ਰਫ਼ੀ ਹਿੰਦੋਸਤਾਨ ਦੀ ਕਲਾਸਿਕੀ ਮੌਸੀਕੀ ਦਾ ਨਾਯਾਬ ਹੀਰਾ ਸੀ : ਬਿਹਾਰੀ ਲਾਲ ਸੱਦੀ

**ਸਮਰਾਲਾ (ਸੁਰਜੀਤ ਸਿੰਘ)**-ਹਿੰਦੋਸਤਾਨ ਨੇ ਕਲਾਸੀਕਲ ਸੰਗੀਤ ਵਿੱਚ ਦੇਸ ਨੂੰ ਇੱਕ ਤੋਂ ਇੱਕ ਵਧ ਕੇ ਸਿਤਾਰੇ ਦਿੱਤੇ ਹਨ,



ਜਿਨ੍ਹਾਂ ਵਿਚ ਲਤਾ ਮੰਗੇਸ਼ਕਰ, ਮੁਕੇਸ਼, ਕੇ ਐਲ ਸਹਿਗਲ, ਆਸ਼ਾ ਭੌਂਸਲੇ, ਕਿਸ਼ੋਰ ਕੁਮਾਰ, ਤਲਤ ਮਹਿਮੂਦ ਅਤੇ ਹੋਰ ਬਹੁਤ ਸਾਰੇ ਜਿਨ੍ਹਾਂ ਨੇ ਸੰਗੀਤ ਪ੍ਰੇਮੀਆਂ ਦੇ ਦਿਲਾਂ 'ਤੇ ਜਾਦੂ ਕੀਤਾ ਹੈ। ਇਨ੍ਹਾਂ ਸੰਗੀਤ ਸਿਤਾਰਿਆਂ ਵਿਚੋਂ ਮੁਹੰਮਦ ਰਫ਼ੀ ਹਿੰਦੋਸਤਾਨ ਦੀ ਕਲਾਸਿਕੀ ਮੌਸੀਕੀ ਦਾ ਨਾਯਾਬ ਸਿਤਾਰਾ ਸੀ। ਇਹ ਕਹਿਣਾ ਹੈ ਵਿਦਵਾਨ ਲੇਖਕ ਅਤੇ ਸੇਵਾਮੁਕਤ ਅਧਿਆਪਕ ਬਿਹਾਰੀ ਲਾਲ ਸੱਦੀ ਦਾ, ਜੋ ਮੁਹੰਮਦ ਰਫ਼ੀ ਦੇ ਗੀਤਾਂ ਦਾ ਧੁਰ ਅੰਦਰੋਂ ਸ਼ੈਦਾਈ ਹੈ। ਬਿਹਾਰੀ ਲਾਲ ਸੱਦੀ ਨੇ ਆਪਣੇ ਪਿੰਡ ਉਟਾਲਾਂ ਵਿਖੇ ਪਰਵਾਰ ਅਤੇ ਪਿੰਡ ਵਾਸੀਆਂ ਨਾਲ ਮੁਹੰਮਦ ਰਫ਼ੀ ਦਾ ਜਨਮ ਦਿਨ ਬਹੁਤ ਹੀ ਸ਼ਰਧਾ ਨਾਲ ਮਨਾਇਆ। ਉਨ੍ਹਾਂ ਵੱਲੋਂ ਜਨਮ ਦਿਨ ਮੌਕੇ ਕੇਕ ਕੱਟਣ ਦੀ ਰਸਮ ਅਦਾ ਕੀਤੀ। ਮੁਹੰਮਦ ਰਫ਼ੀ ਸਾਹਿਬ ਦੀ ਤਸਵੀਰ ਦੀ ਆਰਤੀ ਉਤਾਰੀ। ਬਿਹਾਰੀ ਲਾਲ ਸੱਦੀ ਨੇ ਦੱਸਿਆ ਕਿ ਉਨ੍ਹਾਂ ਜਦੋਂ ਤੋਂ ਬਚਪਨ ਤੋਂ ਜਵਾਨੀ ਦਹਿਲੀਜ ਤੇ ਪੈਰ ਧਰਿਆ, ਉਹ ਉਦੋਂ ਤੋਂ ਹੀ ਮੁਹੰਮਦ ਰਫ਼ੀ ਦੇ ਗੀਤਾਂ ਦੇ ਸ਼ੈਦਾਈ ਰਹੇ ਹਨ। ਉਨ੍ਹਾਂ ਕਿਹਾ ਕਿ ਰਫ਼ੀ ਸਾਹਿਬ ਨੇ ਸਮਾਜ ਨੂੰ ਸਾਫ਼ ਸੁਥਰੀ ਸਾਹਿਤਕ ਰੰਗ ਵਿੱਚ ਭਿੱਜੀ ਗਾਇਕੀ ਨਾਲ ਨਿਵਾਜਿਆ ਹੈ। ਸਾਹਿਰ ਲੁਧਿਆਣਵੀ ਅਤੇ ਹੋਰ ਵੱਡੇ ਲੇਖਕਾਂ ਦੇ ਲਿਖੇ ਰਫ਼ੀ ਸਾਹਿਬ ਵੱਲੋਂ ਗਾਏ ਗੀਤ ਅਮਰ ਹੋ ਗਏ ਹਨ।

ਉਨ੍ਹਾਂ ਸਾਲ 1944 ਵਿੱਚ ਪੰਜਾਬੀ ਫ਼ਿਲਮ 'ਗੁਲ ਬਲੋਚ' ਲਈ ਪਹਿਲਾ ਗੀਤ ਰਿਕਾਰਡ ਕਰਾਇਆ, ਜੋ ਸੰਗੀਤ ਪ੍ਰੇਮੀਆਂ ਵਿਚ ਬਹੁਤ ਮਕਬੂਲ ਹੋਇਆ। ਬਿਹਾਰੀ ਲਾਲ ਸੱਦੀ ਨੇ ਦੱਸਿਆ ਕਿ ਮੁਹੰਮਦ ਰਫ਼ੀ ਨੇ ਆਪਣੇ ਛੋਟੇ ਜਿਹੇ ਜੀਵਨ ਕਾਲ ਵਿਚ ਭਾਰਤੀ ਫਿਲਮ ਉਦਯੋਗ ਨੂੰ ਵੱਖ-ਵੱਖ ਭਾਸ਼ਾਵਾਂ ਵਿੱਚ ਇੱਕ ਤੋਂ ਇੱਕ ਬਹੁਤ ਹੀ ਉਮਦਾ ਅਤੇ ਅਮਰ ਗੀਤ ਦਿੱਤੇ।

# ਹੋਲੀ ਹਾਰਟ 'ਚ ਕੈਨੇਡੀਅਨ ਦੇ ਕਾਲਜ ਦੇ ਮੁੱਖ ਅਧਿਕਾਰੀਆਂ ਵੱਲੋਂ ਸੈਮੀਨਾਰ

**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਅਜੀਤਵਾਲ ਵਿਖੇ ਕੈਨੇਡਾ ਦੇ ਕਾਲਜਾਂ ਤੇ



ਯੂਨੀਵਰਸਿਟੀਆਂ ਦੇ ਮੁੱਖ ਅਧਿਆਕਾਰੀਆਂ ਵੱਲੋਂ ਸੈਮੀਨਰ ਲਾਇਆ ਗਿਆ, ਤਾਂ ਜੁ ਬੱਚੇ ਆਪਣੀ 12ਵੀਂ ਦੀ ਪੜ੍ਹਾਈ ਕਰਕੇ ਸਹੀ ਕੋਰਸ ਦੀ ਚੋਣ ਕਰ ਸਕਣ। ਇਸ ਵਿੱਚ ਕਾਨਸਟੋਗਾ ਕਾਲਜ ਓਨਟਾਰੀਓ, ਨੌਰਥਵੈਸਟਨ ਪੋਲੀਟੈਕਨਿਕ ਕਾਲਜ ਅਲਵਾਰਟਾ, ਵੈਸਟਨ ਕਮਿਊਨਿਟੀ ਕਾਲਜ ਬ੍ਰਿਟਿਸ਼ ਕੋਲੰਬੀਆ, ਲੋਇਲਿਸਟ ਕਾਲਜ ਓਂਟਾਰੀਓ ਦੇ ਅਧਿਆਕਾਰੀ ਮੈਡਮ ਗੁਨੀਸ਼ਾ, ਮੈਡਮ ਸ਼ੈਲੀ ਗਾਂਧੀ ਤੇ ਮੋਹਿਤ ਘਈ ਪਹੁੰਚੇ। ਉਨ੍ਹਾਂ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਅਲੱਗ-ਅਲੱਗ ਕੋਰਸਾਂ ਬਾਰੇ ਦੱਸਿਆ ਗਿਆ, ਜਿਵੇਂ ਇੰਜਨੀਅਰਿੰਗ, ਮੈਨੇਜਮੈਂਟ, ਕੰਪਿਊਟਰ, ਪੋਲੀਟੈਕਨਿਕ, ਰੀਸਰਚ, ਟੈਕਨੀਕਲ ਤੇ ਡਿਪਲੋਮਾ ਕੋਰਸ ਆਦਿ। ਇਸ ਮੌਕੇ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਸੁਭਾਸ਼ ਪਲਤਾ, ਰਮਨ ਅਰੋੜਾ (ਗੋਲਡਨ ਐਜੂਕੇਸ਼ਨਜ), ਸਕੂਲ ਡਾਇਰੈਕਟਰ ਅਮਿਤ ਪਲਤਾ, ਸ਼੍ਰੇਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਕਈ ਵਾਰ ਵਿਦਿਆਰਥੀ 10ਵੀਂ ਜਾਂ 12ਵੀਂ ਕਰਨ ਤੋਂ ਬਾਅਦ ਆਪਣੇ ਕਰੀਅਰ ਨੂੰ ਲੈ ਕੇ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਿੱਚ ਉਲਝ ਜਾਂਦੇ ਹਨ ਕਿ ਕਿਹੜਾ ਕੋਰਸ ਚੁਣਿਆ ਜਾਵੇ। ਉਨ੍ਹਾਂ ਇਹ ਵੀ ਕਿਹਾ ਕਿ ਵਿਦਿਆਰਥੀਆਂ ਨੂੰ ਕਰੀਅਰ ਗਾਈਡੈਂਸ ਵਾਲੀਆਂ ਚੰਗੀਆਂ ਕਿਤਾਬਾਂ ਪੜ੍ਹਨੀਆਂ ਚਾਹੀਦੀਆਂ ਹਨ। ਇਨ੍ਹਾਂ ਕਿਤਾਬਾਂ ਨਾਲ ਬੱਚਿਆਂ ਦੀ ਜਾਣਕਾਰੀ ਵਿੱਚ ਵਾਧਾ ਹੁੰਦਾ ਹੈ, ਜਿਸ ਨਾਲ ਬੱਚੇ ਅੱਗੇ ਜਾ ਕੇ ਆਪਣਾ ਵਧੀਆ ਭਵਿੱਖ ਬਣਾ ਸਕਦੇ ਹਨ। ਬੱਚਿਆਂ ਨੂੰ ਲੋੜ ਪੈਣ 'ਤੇ ਸਮੇਂ ਸਮੇਂ ਆਪਣੇ ਅਧਿਆਪਕਾਂ ਅਤੇ ਮਾਪਿਆਂ ਦੀ ਉੱਚਿਤ ਸਲਾਹ ਤੇ ਸਹਿਯੋਗ ਲੈਣਾ ਚਾਹੀਦਾ ਹੈ। ਇਸ ਮੌਕੇ ਵਿਦਿਆਰਥੀਆਂ ਵੱਲੋਂ ਪ੍ਰਸ਼ਨ ਵੀ ਪੁੱਛੇ ਗਏ, ਜਿਨ੍ਹਾਂ ਦੇ ਉੱਤਰ ਮੁੱਖ ਅਧਿਕਾਰੀਆਂ ਨੇ ਬਹੁਤ ਹੀ ਵਧੀਆ ਤਰੀਕੇ ਨਾਲ ਦਿੱਤੇ।

# ਗੁਰੂ ਗ੍ਰੰਥ ਸਾਹਿਬ ਵਰਲਡ 'ਵਰਸਿਟੀ ਵਿਖੇ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ

**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**

ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਵਿਖੇ ਸੱਤ ਰੋਜ਼ਾ ਵਿਸ਼ੇਸ਼ ਕੈਂਪ ਦਾ ਉਦਘਾਟਨ ਕੀਤਾ ਗਿਆ। ਕੈਂਪ ਵਿੱਚ ਯੂਨੀਵਰਸਿਟੀ ਦੀਆਂ ਚਾਰ ਐਨਐਸਐਸ ਯੂਨਿਟਾਂ ਦੇ 200 ਐਨਐਸਐਸ ਵਾਲੰਟੀਅਰਾਂ ਨੇ ਭਾਗ ਲਿਆ। ਕੈਂਪ ਦੇ ਉਦੇਸ਼ਾਂ ਦੀ ਜਾਣਕਾਰੀ ਦਿੰਦਿਆਂ ਡਾ. ਹਰਨੀਤ ਬਿਲਿੰਗ, ਪ੍ਰੋਗਰਾਮ ਕੋਆਰਡੀਨੇਟਰ (ਐਨ.ਐਸ.ਐਸ.) ਨੇ ਦੱਸਿਆ ਕਿ ਜੋੜ ਮੇਲ ਦੌਰਾਨ ਫਤਿਹਗੜ੍ਹ ਸਾਹਿਬ ਆਉਣ ਵਾਲੇ ਸਰਧਾਲੂਆਂ ਨੂੰ ਸੇਵਾਵਾਂ ਪ੍ਰਦਾਨ ਕਰਨ ਲਈ ਇਹ ਵਿਸ਼ੇਸ਼ ਕੈਂਪ ਲਾਇਆ ਗਿਆ ਹੈ। ਸ਼ਰਧਾਲੂਆਂ ਦੀ ਮਦਦ ਲਈ ਵੱਖ-ਵੱਖ ਥਾਂਵਾਂ 'ਤੇ ਐੱਨਐੱਸਐੱਸ ਵਲੰਟੀਅਰਾਂ ਦੀਆਂ ਡਿਊਟੀਆਂ ਲਾਈਆਂ ਗਈਆਂ। ਨਾਲ ਹੀ ਉਹ ਸ਼ਹੀਦੀ ਸਭਾ ਦੇ ਪ੍ਰਬੰਧਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀ ਮਦਦ ਕਰਨਗੇ। ਉਨ੍ਹਾਂ ਅੱਗੇ ਦੱਸਿਆ ਕਿ ਕੈਂਪ ਦੌਰਾਨ ਸਫ਼ਾਈ ਗਤੀਵਿਧੀਆਂ, ਜਾਗਰੂਕਤਾ ਮੁਹਿੰਮਾਂ ਵੀ ਚਲਾਈਆਂ ਜਾਣਗੀਆਂ। ਵਲੰਟੀਅਰ ਮੁੱਖ ਮੁੱਦਿਆਂ 'ਤੇ ਵਿਦਿਅਕ ਅਤੇ ਸਮਾਜਿਕ ਜਾਗਰੂਕਤਾ ਪੈਦਾ ਕਰਨ ਦੇ ਉਦੇਸ ਨਾਲ ਗਤੀਵਿਧੀਆਂ ਵਿੱਚ ਸ਼ਾਮਲ ਹੋਣਗੇ। ਕੈਂਪ ਦਾ ਸੰਚਾਲਨ ਡਾ. ਸੁਮਨ ਪ੍ਰੀਤ ਕੌਰ, ਐਨ.ਐਸ.ਐਸ ਪ੍ਰੋਗਰਾਮ ਅਫਸਰ ਅਤੇ ਸ੍ਰੀ ਗੁਰਵਿੰਦਰ ਸਿੰਘ ਕਰਨਗੇ। ਯੂਨੀਵਰਸਿਟੀ ਦੇ ਫੈਕਲਟੀ ਵੱਲੋਂ ਉਨ੍ਹਾਂ ਦੀ ਮਦਦ ਕੀਤੀ ਜਾਵੇਗੀ। ਵਲੰਟੀਅਰਾਂ ਨੇ ਅਧੀਨ ਸੇਵਾ ਦੇ ਆਪਣੇ ਤਜਰਬੇ ਸਾਂਝੇ ਕੀਤੇ ਅਤੇ ਉਦੇਸ਼ਾਂ ਨੂੰ ਉਜਾਗਰ ਕੀਤਾ। ਪ੍ਰੋਗਰਾਮ ਅਫ਼ਸਰਾਂ ਵੱਲੋਂ ਕੈਂਪ ਦੀ ਵਿਸਤ੍ਰਿਤ ਸ਼ਡਿਊਲ ਪੜ੍ਹੀ ਗਈ। ਵਲੰਟੀਅਰਾਂ ਨੂੰ ਪ੍ਰੇਰਿਤ ਕਰਦਿਆਂ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਪ੍ਰੋ: ਪ੍ਰਿਤਪਾਲ ਸਿੰਘ ਨੇ ਕਿਹਾ ਕਿ ਉਹ ਇਸ ਸੇਵਾ ਨੂੰ ਆਸ਼ੀਰਵਾਦ ਵਜੋਂ ਲੈਣ। ਉਨ੍ਹਾਂ ਅੱਗੇ ਕਿਹਾ ਕਿ ਇਹ ਕੈਂਪ ਵਲੰਟੀਅਰਾਂ ਵਿੱਚ ਸਮਾਜਿਕ ਜ਼ਿੰਮੇਵਾਰੀ ਅਤੇ ਸਮਾਜ ਸੇਵਾ ਦੀ ਭਾਵਨਾ ਪੈਦਾ ਕਰੇਗਾ। ਉਨ੍ਹਾਂ ਕੈਂਪ ਦੌਰਾਨ ਅਨੁਸ਼ਾਸਨ ਬਣਾਈ ਰੱਖਣ ਤੇ ਐੱਨਐੱਸਐੱਸ ਦੀ ਭਾਵਨਾ ਨੂੰ ਉੱਚਾ ਰੱਖਣ ਦੀ ਅਪੀਲ ਕੀਤੀ।

# ਜੋੜ ਮੇਲ ਦੇ ਦੂਜੇ ਦਿਨ ਲੱਖਾਂ ਸੰਗਤ ਨਤਮਸਤਕ ਹੋਣ ਪੁੱਜੀ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**

ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਨੂੰ ਸਮਰਪਤ ਮਾਛੀਵਾੜਾ ਸਾਹਿਬ ਜੋੜ ਮੇਲ ਦੇ ਦੂਜੇ ਦਿਨ ਸੰਗਤਾਂ ਦੀ ਭਾਰੀ ਆਮਦ ਦੇਖਣ ਨੂੰ ਮਿਲੀ ਅਤੇ ਲੱਖਾਂ ਦੀ ਗਿਣਤੀ 'ਚ ਸ਼ਰਧਾਲੂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਨਤਮਸਤਕ ਹੋਏ। ਜੋੜ ਮੇਲ ਦੇ ਦੂਜੇ ਦਿਨ ਹਮੇਸ਼ਾ ਸਿਆਸੀ ਕਾਨਫਰੰਸਾਂ ਹੁੰਦੀਆਂ ਹਨ, ਪਰ ਇਸ ਵਾਰ ਸ੍ਰੀ ਅਕਾਲ ਤਖਤ ਸਾਹਿਬ ਦੇ ਹੁਕਮਾਂ ਅਨੁਸਾਰ ਦੀਵਾਨ ਹਾਲ ਵਿਚ ਕੇਵਲ ਗੁਰਬਾਣੀ ਦਾ ਪ੍ਰਵਾਹ ਚੱਲਿਆ। ਦੀਵਾਨ ਹਾਲ ਵਿਚ ਸਵੇਰ ਤੋਂ ਹੀ ਪ੍ਰਸਿੱਧ ਰਾਗੀ, ਢਾਡੀ, ਕਵੀਸ਼ਰੀ ਜੱਥਿਆਂ ਵਲੋਂ ਸੰਗਤਾਂ ਨੂੰ ਗੁਰਬਾਣੀ ਨਾਲ ਜੋੜਿਆ ਤੇ ਗੁਰੂ ਸਾਹਿਬ ਦੇ ਇਤਿਹਾਸ ਤੋਂ ਜਾਣੂ ਕਰਾਇਆ। ਇਸ ਮੌਕੇ ਵੱਖ-ਵੱਖ ਧਾਰਮਿਕ ਸੰਸਥਾਵਾਂ ਵਲੋਂ ਸਿੱਖੀ ਨੂੰ ਪ੍ਰਫੁਲਿੱਤ ਕਰਨ ਲਈ ਦਸਤਾਰ ਸਿਖਲਾਈ ਕੈਂਪ ਲਾਏ ਗਏ। ਯੂਥ ਕਲੱਬ ਵੱਲੋਂ ਨੌਜਵਾਨਾਂ ਤੇ ਬੱਚਿਆਂ ਨੂੰ ਦਸਤਾਰ ਸਜਾਉਣ ਦੀ ਸਿਖਲਾਈ ਦਿੱਤੀ ਗਈ ਅਤੇ ਸਿੱਖੀ ਨਾਲ ਜੁੜਨ ਲਈ ਪ੍ਰੇਰਤ ਕੀਤਾ ਗਿਆ। ਇਸ ਤੋਂ ਇਲਾਵਾ ਪ੍ਰਸ਼ਨੋਤਰੀ ਮੁਕਾਬਲੇ ਕਰਾਏ ਗਏ, ਜਿਸ ਵਿੱਚ ਬੱਚਿਆਂ ਨੂੰ ਸਿੱਖ ਇਤਿਹਾਸ ਨਾਲ ਸਬੰਧਿਤ ਚਾਰਟ ਮੇਕਿੰਗ ਅਤੇ ਮਾਂ ਭਾਸ਼ਾ ਪੰਜਾਬੀ ਨਾਲ ਜੋੜਨ ਲਈ ਉਤਸ਼ਾਹਿਤ ਕੀਤਾ। ਹੋਣਹਾਰ ਬੱਚਿਆਂ ਨੂੰ ਸਨਮਾਨਤ ਵੀ ਕੀਤਾ ਗਿਆ।

# ਤੀਰਅੰਦਾਜ਼ੀ, ਕਰਾਟੇ ਤੇ ਸ਼ਤਰੰਜ ਦੇ ਖਿਡਾਰੀਆਂ ਨੇ ਮਾਰੀਆਂ ਮੱਲਾਂ



**ਜਗਰਾਉਂ (ਨਛੱਤਰ ਸੰਧੂ)**

ਡੀ.ਏ.ਵੀ ਨੈਸ਼ਨਲ ਖੇਡਾਂ ਦੇ ਅੰਤਰਗਤ ਡੀ.ਏ.ਵੀ ਸੈਂਟਨਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਤੀਰਅੰਦਾਜ਼ੀ, ਕਰਾਟੇ ਤੇ ਸ਼ਤਰੰਜ ਦੇ ਖਿਡਾਰੀਆਂ ਨੇ ਸਟੇਟ ਪੱਧਰ ਵਿੱਚ ਬਹੁਤ ਸਾਰੇ ਮੈਡਲ ਤੇ ਟਰਾਫੀਆਂ ਜਿੱਤੀਆਂ। ਇਸ ਸਬੰਧੀ ਪ੍ਰਿੰਸੀਪਲ ਸ੍ਰੀ ਵੇਦ ਵ੍ਰਤ ਪਲਾਹ ਨੇ ਦੱਸਿਆ ਕਿ ਆਰਚਰੀ ਖੇਡਾਂ ਡੀ.ਏ.ਵੀ ਸਕੂਲ, ਪਟਿਆਲਾ ਵੱਲੋਂ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਖੇ ਕਰਾਈਆਂ ਗਈਆਂ।

ਇਸ ਵਿੱਚ ਡੀ.ਏ.ਵੀ ਸਕੂਲ ਦੇ ਅੰਡਰ 14 ਸਾਲਾ ਮੁਕਾਬਲੇ ਵਿੱਚ ਕ੍ਰਿਸ਼ਵ ਗੁਪਤਾ ਨੇ ਇੰਡੀਅਨ ਰਾਊਂਡ ਵਿੱਚ ਤਿੰਨ ਗੋਲਡ, ਬੀ ਐਸ ਇਲੈਕਸਰ ਨੇ ਇੱਕ ਗੋਲਡ ਤੇ ਦੋ ਸਿਲਵਰ ਮੈਡਲ, ਮਾਨਵਦੀਪ ਸਿੰਘ ਨੇ ਇੱਕ ਗੋਲਡ ਤੇ ਇਕ ਕਾਂਸੀ ਦਾ ਤਗਮਾ, ਸੌਰਿਆ ਗੇਦਰ ਨੇ ਇਕ ਗੋਲਡ ਮੈਡਲ ਜਿੱਤ ਕੇ ਸਾਰੀ ਟੀਮ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ ਤੇ ਅੰਡਰ-17 ਸਾਲਾ ਮੁਕਾਬਲੇ ਵਿੱਚ ਅੰਕੁਰਪ੍ਰੀਤ ਕੌਰ ਨੇ ਇੱਕ ਚਾਂਦੀ ਤੇ ਦੋ ਕਾਂਸੀ ਦੇ ਮੈਡਲ ਜਿੱਤ ਕੇ ਦੂਜੇ ਸਥਾਨ ਦੀ ਟਰਾਫ਼ੀ ਜਿੱਤੀ।

ਚੈਸ ਅੰਡਰ 14 ਸਾਲ ਤੇ 19 ਸਾਲਾ ਲੜਕੀਆਂ ਵਿੱਚ ਏਜਲ ਸਿੰਗਲਾ, ਪਾਰੁਲ ਚੋਪੜਾ, ਏਜਲ, ਆਇਰਾ ਬਾਂਸਲ, ਨੂਰ, ਅਦਿੱਤੀ ਪੁਰੀ, ਨੂਪੁਰ ਤੇ ਹਰਚਰਨ ਕੌਰ ਨੇ ਡੀ.ਐਮ.ਐਸ ਸਕੂਲ, ਜਲੰਧਰ ਵਿੱਚ ਖੇਡਦੇ ਹੋਏ ਤੀਜੀ ਪੁਜੀਸ਼ਨ ਪ੍ਰਾਪਤ ਕੀਤੀ। ਕਰਾਟੇ ਦੇ ਮੁਕਾਬਲੇ ਡੀ.ਏ.ਵੀ ਸਕੂਲ, ਪੱਖੋਵਾਲ ਲੁਧਿਆਣਾ ਵਿੱਚ ਕਰਾਏ ਗਏ। ਇਸ ਵਿੱਚ ਡੀ.ਏ.ਵੀ ਸਕੂਲ ਵੱਲੋਂ ਕਰਾਟੇ ਅੰਡਰ 19 ਸਾਲਾ ਲੜਕੀਆਂ ਵਿੱਚ ਪਰਾਚੀ ਨੇ ਗੋਲਡ ਮੈਡਲ, ਜਪਜੀਤ ਤੇ ਹਰਨੂਰ ਕੌਰ ਨੇ ਸਿਲਵਰ ਮੈਡਲ, ਜੈਸਿਕਾ, ਅਵਨੀਤ ਕੌਰ, ਪ੍ਰਤਿਭਾ ਵਰਮਾ ਤੇ ਕਸ਼ਿਸ਼ ਨੇ ਕਾਂਸੀ ਦੇ ਤਗਮੇ ਪ੍ਰਾਪਤ ਕਰਕੇ ਸਕੂਲ ਦਾ ਨਾਂਅ ਰੌਸ਼ਨ ਕੀਤਾ। ਕਰਾਟੇ ਤੇ ਤੀਰਅੰਦਾਜ਼ੀ ਦੇ ਖਿਡਾਰੀ ਅੱਗੇ ਡੀ.ਏ.ਵੀ ਨੈਸ਼ਨਲ ਖੇਡਾਂ ਲਈ ਵੀ ਚੁਣੇ ਗਏ ਤੇ ਇਹ ਖਿਡਾਰੀ ਆਪਣੀ ਖੇਡ ਦਾ ਪ੍ਰਦਰਸ਼ਨ ਉੱਥੇ ਵੀ ਕਰਨਗੇ।

# ਡਿਜੀਟਲ ਮੋਬਾਇਲ ਵੈਨ ਹਰੀ ਝੰਡੀ ਦੇ ਕੇ ਰਵਾਨਾ

**ਲੁਧਿਆਣਾ (ਰਾਜ ਸਿੰਗਲਾ)**

ਡਿਪਟੀ ਕਮਿਸ਼ਨਰ ਲੁਧਿਆਣਾ-ਕਮ-ਜ਼ਿਲ੍ਹਾ ਚੋਣ ਅਫ਼ਸਰ ਸ੍ਰੀਮਤੀ ਸੁਰਭੀ ਮਲਿਕ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਤਹਿਤ ਲੋਕ ਸਭਾ ਚੋਣਾਂ-2024 ਦੇ ਮੱਦੇਨਜ਼ਰ, ਜ਼ਿਲ੍ਹਾ ਲੁਧਿਆਣਾ ਦੀ ਆਮ ਜਨਤਾ ਨੂੰ ਵੋਟਾਂ ਪ੍ਰਤੀ ਜਾਗਰੂਕ ਕਰਨ ਦੇ ਮੰਤਵ ਨਾਲ ਸਥਾਨਕ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਵਧੀਕ ਡਿਪਟੀ ਕਮਿਸ਼ਨਰ ਜਗਰਾਉਂ ਮੇਜਰ ਅਮਿਤ ਸਰੀਨ ਵਲੋਂ ਡਿਜ਼ੀਟਲ ਮੋਬਾਇਲ ਵੈਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਇਸ ਮੌਕੇ ਮੀਡੀਆ ਨੂੰ ਮੁਖ਼ਾਤਬ ਹੁੰਦਿਆਂ ਵਧੀਕ ਡਿਪਟੀ ਕਮਿਸ਼ਨਰ ਮੇਜਰ ਅਮਿਤ ਸਰੀਨ ਨੇ ਦੱਸਿਆ ਕਿ



ਸਾਡਾ ਮੁਲਕ ਭਾਰਤ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦੇਸ਼ਾਂ ਵਿੱਚੋਂ ਇੱਕ ਹੈ। ਉਨ੍ਹਾਂ ਦੱਸਿਆ ਕਿ ਡਿਜੀਟਲ ਮੋਬਾਇਲ ਰਾਹੀਂ ਆਮ ਲੋਕਾਂ ਨੂੰ ਆਪਣੇ ਵੋਟ ਦੇ ਅਧਿਕਾਰ ਦੀ ਵਰਤੋਂ ਸਬੰਧੀ ਜਾਗਰੂਕ ਕੀਤਾ ਜਾਵੇਗਾ। ਇਸ ਤੋਂ ਇਲਾਵਾ ਜਿਨ੍ਹਾਂ ਨਾਗਰਿਕਾਂ ਦੀ ਵੋਟ ਨਹੀਂ ਬਣੀ ਹੈ, ਵੋਟ ਕਿਵੇਂ ਪਾਣੀ ਹੈ, ਬਾਰੇ ਵੀ ਜਾਣਕਾਰੀ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਹ ਵੈਨ ਈ.ਵੀ.ਐਮ., ਵੀ.ਵੀ.ਪੈਟ, ਐਲ.ਈ.ਡੀ. ਨਾਲ ਲੈਸ ਹੈ, ਜੋ ਵੱਖ-ਵੱਖ ਸਕੂਲਾਂ, ਕਾਲਜਾਂ ਤੇ ਮੁਹੱਲਿਆਂ ਵਿੱਚ ਜਾਵੇਗੀ। ਆਮ ਲੋਕਾਂ ਵਲੋਂ ਡੈਮੋ ਵੋਟਾਂ ਪਾ ਕੇ ਵੀ ਵੇਖੀਆਂ ਜਾ ਸਕਦੀਆਂ ਹਨ ਐਲ.ਈ.ਡੀ. ਵਿੱਚ ਵੋਟਾਂ ਦੇ ਸਬੰਧ ਵਿੱਚ ਵੀਡੀਓ ਵੀ ਦਿਖਾਈਆਂ ਜਾਣਗੀਆਂ, ਜਿਸ ਰਾਹੀਂ ਆਮ ਜਨਤਾ ਨੂੰ ਵੋਟਾਂ ਦੇ ਮਹੱਤਵ ਬਾਰੇ ਜਾਣਕਾਰੀ ਸਾਂਝੀ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਵੋਟਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ 1950 'ਤੇ ਵੀ ਸੰਪਰਕ ਕੀਤਾ ਜਾ ਸਕਦਾ ਹੈ।

ਉਨ੍ਹਾਂ ਦੱਸਿਆ ਕਿ ਮੁੱਖ ਚੋਣ ਅਫ਼ਸਰ, ਪੰਜਾਬ ਵਲੋਂ ਜਾਰੀ ਹੁਕਮਾਂ ਤਹਿਤ 24 ਦਸੰਬਰ ਤੋਂ 02 ਜਨਵਰੀ ਤੱਕ ਵੱਖ-ਵੱਖ 14 ਵਿਧਾਨ ਸਭਾ ਹਲਕਿਆਂ ਵਿੱਚ ਇਸ ਡਿਜ਼ੀਟਲ ਮੋਬਾਇਲ ਵੈਨ ਰਾਹੀਂ ਲੋਕਾਂ ਨੂੰ ਜਾਗਰੂਕ ਕੀਤਾ ਜਾਵੇਗਾ, ਜਿਸਦੇ ਤਹਿਤ ਹਲਕਾ 64-ਲੁਧਿਆਣਾ (ਪੱਛਮੀ) ਵਿੱਚ ਮਿੰਨੀ ਸਕੱਤਰੇਤ, ਲੁਧਿਆਣਾ, ਫ਼ਿਰੋਜ਼ਪੁਰ ਰੋਡ ਤੋਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਘੁਮਾਰ ਮੰਡੀ, ਹੈਬੋਵਾਲ ਕਲਾਂ, ਰਿਸ਼ੀ ਨਗਰ, ਕਿਚਲੂ ਨਗਰ, ਟੈਗੋਰ ਨਗਰ, ਹੈਬੋਵਾਲ ਖੁਰਦ, ਡੇਅਰੀ ਕੰਪਲੈਕਸ, ਹੰਬੜਾਂ ਰੋਡ ਲੁਧਿਆਣਾ ਵਿਖੇ 02 ਵਜੇ ਤੱਕ ਜਦਕਿ 66-ਗਿੱਲ (ਐਸ.ਸੀ) ਅਧੀਨ ਪ੍ਰਤਾਪ ਸਿੰਘ ਵਾਲਾ, ਬੱਲੋਕੇ, ਜੱਸੀਆਂ, ਭੱਟੀਆਂ ਅਤੇ ਬਹਾਦੁਰਕੇ ਵਿਖੇ ਸ਼ਾਮ 02 ਤੋਂ 05 ਵਜੇ ਤੱਕ ਨਾਗਰਿਕਾਂ ਨੂੰ ਵੋਟ ਦੇ ਮਹੱਤਵ ਅਤੇ ਅਧਿਕਾਰ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

# ਡੀ ਸੀ ਦਫ਼ਤਰ ਅੱਗੇ ਕਿਸਾਨ 3 ਨੂੰ ਦੇਣਗੇ ਧਰਨਾ



**ਚੀਮਾ ਮੰਡੀ (ਰਵਿੰਦਰ ਚੀਮਾ)**

ਭਾਰਤੀ ਕਿਸਾਨ ਯੂਨੀਅਨ ਏਕਤਾ ਉਗਰਾਹਾਂ ਦੇ ਬਲਾਕ ਸੁਨਾਮ ਦੀ ਮੀਟਿੰਗ ਬਲਾਕ ਪ੍ਰਧਾਨ ਜਸਵੰਤ ਸਿੰਘ ਤੋਲਾਵਾਲ ਦੀ ਅਗਵਾਈ ਹੇਠ ਡੇਰਾ ਟੀਕਮ ਦਾਸ ਉਗਰਾਹਾਂ ਵਿਖੇ ਹੋਈ। ਮੀਟਿੰਗ ਵਿੱਚ ਆਉਣ ਵਾਲੇ ਸੰਘਰਸ਼ਾਂ ਦੀ ਰੂਪ-ਰੇਖਾ ਉਲੀਕੀ ਗਈ। ਆਗੂਆਂ ਨੇ ਕਿਹਾ ਕਿ ਕੇਂਦਰ ਤੇ ਪੰਜਾਬ ਸਰਕਾਰ ਨਾਲ ਸਬੰਧਤ ਮੰਗਾਂ ਨੂੰ ਲੈ ਕੇ ਆਉਣ ਵਾਲੇ ਸੰਘਰਸ਼ਾਂ ਦੀ ਵੱਡੀ ਤਿਆਰੀ ਪੰਜਾਬ ਵਿੱਚ ਕੀਤੀ ਜਾਵੇਗੀ, ਕੇਂਦਰ ਨਾਲ ਸੰਬੰਧਤ ਮੁੱਖ ਮੰਗਾਂ ਗਾਰੰਟੀ ਕਾਨੂੰਨ, ਲਖੀਮਪੁਰ ਖੀਰੀ ਕਾਂਡ ਦੇ ਦੋਸ਼ੀ ਕੇਂਦਰੀ ਰਾਜ ਮੰਤਰੀ ਅਜੇ ਮਿਸ਼ਰਾ ਟੈਣੀ ਨੂੰ ਅਹੁਦੇ ਤੋਂ ਬਰਖਾਸਤ ਕਰਕੇ ਜੇਲ੍ਹ ਭੇਜਿਆ ਜਾਵੇ, ਦਿੱਲੀ ਘੋਲ ਦੇ ਸ਼ਹੀਦਾਂ ਨੂੰ ਨੌਕਰੀ ਤੇ ਮੁਆਵਜ਼ਾ ਦਿੱਤਾ ਜਾਵੇ, ਦਿੱਲੀ ਘੋਲ ਦੌਰਾਨ ਪਾਏ ਕੇਸ ਰੱਦ ਕੀਤੇ ਜਾਣ। ਇਸੇ ਤਰ੍ਹਾਂ ਪੰਜਾਬ ਨਾਲ ਸਬੰਧਤ ਮੰਗਾਂ ਫ਼ਸਲਾਂ ਦਾ ਬੀਮਾ, ਪੂਰਾ ਕਰਜ਼ਾ ਮੁਆਫ਼ੀ, 60 ਸਾਲ ਤੋਂ ਉਪਰ ਹਰ ਕਿਸਾਨ ਮਜ਼ਦੂਰ ਨੂੰ 10000 ਰੁਪਏ ਪੈਨਸ਼ਨ ਦਿੱਤੀ ਜਾਵੇ, ਕਿਸਾਨਾਂ ਦੀਆਂ ਕੁਰਕੀਆਂ ਬੰਦ ਕੀਤੀਆਂ ਜਾਣ, ਕਰਜ਼ੇ ਬਦਲੇ ਕਿਸਾਨਾਂ-ਮਜ਼ਦੂਰਾਂ ਨੂੰ ਜ਼ਲੀਲ ਕਰਨਾ ਬੰਦ ਕੀਤਾ ਜਾਵੇ। ਉਪਰੋਕਤ ਮੰਗਾਂ ਨੂੰ ਲੈ ਕੇ ਆਉਣ ਵਾਲੇ ਦਿਨਾਂ ਵਿੱਚ ਸਖਤ ਸੰਘਰਸ਼ਾਂ ਦੀ ਤਿਆਰੀ ਕੀਤੀ ਜਾਵੇਗੀ।

ਇਸ ਮੌਕੇ ਆਗੂਆਂ ਨੇ ਕਿਹਾ 3 ਜਨਵਰੀ ਨੂੰ ਪਿੰਡ ਜਹਾਂਗੀਰ ਅਤੇ ਜੌਲੀਆਂ ਦੀ ਜ਼ਮੀਨ ਨੂੰ ਲੈ ਕੇ ਡੀ.ਸੀ ਸੰਗਰੂਰ ਵਿਖੇ ਧਰਨਾ ਦਿੱਤਾ ਜਾਵੇਗਾ, ਕਿਉਂਕਿ ਇਹ ਦੋ ਪਿੰਡਾਂ ਦੀ ਜ਼ਮੀਨ ਦਾ ਜੋ ਰੌਲਾ ਹੈ, ਭੂ-ਮਾਫ਼ੀਆ ਨਾਲ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਸ਼ਰੇਆਮ ਭੂ-ਮਾਫੀਆ ਦੀ ਮੱਦਦ ਕਰ ਰਹੇ ਹਨ, ਪ੍ਰਸ਼ਾਸਨ ਸ਼ਰੇਆਮ ਵਾਅਦਾਖਿਲਾਫ਼ੀ ਕਰ ਰਿਹਾ ਹੈ, ਇਸ ਲਈ ਡੀ.ਸੀ ਦਫ਼ਤਰ 'ਤੇ ਇਹ ਧਰਨਾ ਦਿੱਤਾ ਜਾਵੇਗਾ।

ਇਸ ਮੌਕੇ ਰਾਮ ਸਰਨ ਸਿੰਘ ਉਗਰਾਹਾਂ, ਗੋਬਿੰਦ ਸਿੰਘ ਚੱਠਾ, ਸੁਖਪਾਲ ਮਾਣਕ ਕਣਕਵਾਲ, ਪਾਲ ਸਿੰਘ ਦੋਲੇਵਾਲ, ਅਜੈਬ ਜਖੇਪਲ, ਮਹਿੰਦਰ ਸਿੰਘ ਨਮੋਲ, ਮਨੀ ਸਿੰਘ ਭੈਣੀ, ਲਾਲੀ ਦੋਲੇਵਾਲ, ਗਗਨ ਚੱਠਾ, ਜਸਵੀਰ ਕੌਰ ਉਗਰਾਹਾਂ, ਸੁਖਵਿੰਦਰ ਕੌਰ ਚੱਠਾ ਤੇ ਚਰਨਜੀਤ ਕੌਰ ਜਖੇਪਲ ਆਦਿ ਹਾਜ਼ਰ ਸਨ।

# ਸ਼ਾਹੀ ਪਰਵਾਰ ਨੇ ਕਰਾਇਆ ਸਫ਼ਰ-ਏ-ਸ਼ਹਾਦਤ ਕੀਰਤਨ ਦਰਬਾਰ



**ਨਾਭਾ (ਵਰਿੰਦਰ ਵਰਮਾ)**

ਧਰਮੀ ਮਹਾਰਾਜਿਆਂ ਦੇ ਨਾਂਅ 'ਤੇ ਜਾਣੇ ਜਾਂਦੇ ਰਿਆਸਤ ਨਾਭਾ ਦੇ ਮਹਾਰਾਜਾ ਹੀਰਾ ਸਿੰਘ ਅਤੇ ਮਹਾਰਾਜਾ ਰਿਪਦੁਮਨ ਸਿੰਘ ਜੀ ਦੇ ਵੰਸ਼ਜ ਮਹਾਰਾਜਾ ਹਿੰਮਤ ਸਿੰਘ ਮਹਾਰਾਣੀ ਉਮਾ ਸਿੰਘ ਰਾਜਾ ਭਾਨੂੰ ਪ੍ਰਤਾਪ ਸਿੰਘ ਰਾਣੀ ਪ੍ਰੀਤੀ ਸਿੰਘ ਅਤੇ ਕੁੰਵਰ ਅਵੀ ਉਦੇ ਪ੍ਰਤਾਪ ਸਿੰਘ ਸਮੁੱਚੇ ਪ੍ਰੀਵਾਰ ਵੱਲੋਂ ਦਸਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਲਖ਼ਤੇ ਜਿਗਰ ਚਾਰੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜੋਰਾਵਰ ਸਿੰਘ ਅਤੇ ਬਾਬਾ ਫਤਿਹ ਸਿੰਘ ਅਤੇ ਮਾਤਾ ਗੁਜਰ ਕੌਰ ਦੀ ਲਾਸਾਨੀ ਤੇ ਅਦੁੱਤੀ ਸ਼ਹਾਦਤ ਨੂੰ ਸਮਰਪਤ ਸਮਾਗਮ ਹੀਰਾ ਮਹਿਲ ਵਿਖੇ ਕਰਾਇਆ ਗਿਆ। ਸਫ਼ਰ ਏ ਸ਼ਹਾਦਤ ਕੀਰਤਨ ਦਰਬਾਰ ਰੂਹਾਨੀ ਰੰਗ ਬਿਖੇਰਦਾ ਸੰਪੰਨ ਹੋਇਆ, ਜਿਸ ਵਿੱਚ ਪੰਥ ਦੇ ਮਹਾਨ ਕੀਰਤਨੀਏ ਭਾਈ ਗੁਰ ਇਕਬਾਲ ਸਿੰਘ ਜੀ ਦੇ ਜਥੇ ਭਾਈ ਗੁਰ ਕਿਰਪਾਲ ਸਿੰਘ ਜੀ ਬੀਬੀ ਕੌਲਾਂ ਭਲਾਈ ਕੇਂਦਰ ਵਾਲਿਆਂ ਨੇ ਸਮਾਗਮ ਦੀ ਪ੍ਰਾਰੰਭਤਾ ਕੀਤੀ ਉਪਰੰਤ ਧੰਨ ਧੰਨ ਗੁਰੂ ਰਾਮਦਾਸ ਜੀ ਮਹਾਰਾਜ ਦੀ ਪਾਵਨ ਨਗਰੀ ਤੋਂ ਹਜ਼ੂਰੀ ਰਾਗੀ ਭਾਈ ਨਿਰਭੈ ਸਿੰਘ ਜੀ ਸੱਚਖੰਡ ਸ੍ਰੀ ਦਰਬਾਰ ਸਾਹਿਬ, ਭਾਈ ਤਾਰਬਲਵੀਰ ਸਿੰਘ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲਿਆਂ ਨੇ ਇਲਾਹੀ ਬਾਣੀ ਦੇ ਰਸਭਿੰਨੇ ਕੀਰਤਨ ਰਾਹੀਂ ਸੰਗਤਾਂ ਨੂੰ ਗੁਰੂ ਚਰਨਾਂ ਨਾਲ ਜੋੜੀ ਰੱਖਿਆ। ਅਖੀਰ ਭਾਈ ਅਰਵਿੰਦਰ ਸਿੰਘ ਨੂਰ ਹਜ਼ੂਰੀ ਰਾਗੀ ਸੱਚਖੰਡ ਸ੍ਰੀ ਦਰਬਾਰ ਸਾਹਿਬ ਨੇ 'ਮਿੱਤਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਿਣਾ' ਦਾ ਸ਼ਬਦ ਆਪਣੀ ਮਿੱਠੀ ਰਸਨਾ ਤੋਂ ਐਸਾ ਵੈਰਾਗ ਵਿੱਚ ਭਿੱਜ ਕੇ ਗਾਇਨ ਕੀਤਾ ਕਿ ਪੰਡਾਲ ਵਿੱਚ ਬੈਠੀਆਂ ਸੰਗਤਾਂ ਦੀਆਂ ਅੱਖਾਂ ਵਿੱਚੋਂ ਦਸਮੇਸ਼ ਪਿਤਾ ਮਾਤਾ ਗੁਜਰੀ ਅਤੇ ਗੁਰੂ ਕੇ ਲਾਲਾਂ ਦੀ ਯਾਦ ਵਿੱਚ ਜੁੜ ਕੇ ਆਪ ਮੁਹਾਰੇ ਪ੍ਰੇਮ ਦਾ ਜਲ ਵਗਣ ਲੱਗਾ। ਸਟੇਜ ਸਕੱਤਰ ਦੀ ਸੇਵਾ ਗੁਰਮੁਖ ਸਿੰਘ ਭੋਜੋਮਾਜਰੀ ਦੁਆਰਾ ਬਾਖੂਬੀ ਨਿਭਾਈ ਗਈ ਤੇ ਰਾਣੀ ਪ੍ਰੀਤੀ ਸਿੰਘ ਨੇ ਸਮੁੱਚੇ ਸ਼ਾਹੀ ਪਰਵਾਰ ਵੱਲੋਂ ਆਈਆਂ ਸੰਗਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਡੇ ਵੱਡੇ ਭਾਗ ਹਨ ਕਿ ਗੁਰੂ ਕਲਗੀਧਰ ਪਾਤਸ਼ਾਹ ਜੀ ਨੇ ਆਪ ਤਰੁੱਠ ਕੇ ਅੱਜ ਦੇ ਸਮਾਗਮ ਦੀ ਸੇਵਾ ਆਪ ਹੀ ਲਈ ਹੈ। ਗਿਆਨੀ ਪ੍ਰਨਾਮ ਸਿੰਘ ਜੀ ਹੈਡ ਗ੍ਰੰਥੀ ਗੁਰਦੁਆਰਾ ਦੂਖ ਨਿਵਾਰਣ ਸਾਹਿਬ ਪਟਿਆਲਾ, ਬਾਬਾ ਨਰਿੰਦਰ ਸਿੰਘ ਸਿੱਧਸਰ ਅਲਹੌਰਾਂ ਡਾ. ਮਨਿੰਦਰ ਸਿੰਘ ਕਥਾਵਾਚਕ ਗੁਰਦੁਆਰਾ ਡੇਰਾ ਬਾਬਾ ਅਜਾਪਾਲ ਸਿੰਘ ਘੋੜਿਆਂ ਵਾਲਾ ਨਾਭਾ, ਸਤਵਿੰਦਰ ਸਿੰਘ ਟੌਹੜਾ ਮੈਂਬਰ ਐਸ ਜੀ ਪੀ ਸੀ ਅੰਮ੍ਰਿਤਸਰ, ਗੁਰਦੇਵ ਸਿੰਘ ਦੇਵ ਮਾਨ ਹਲਕਾ ਵਿਧਾਇਕ ਨਾਭਾ, ਜਸਵੀਰ ਸਿੰਘ ਜੱਸੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਪਟਿਆਲਾ, ਉੱਘੇ ਕਲਾਕਾਰ ਹੌਬੀ ਧਾਲੀਵਾਲ, ਚਰਨ ਸਿੰਘ ਐਮ ਡੀ ਮਲਕੀਤ ਐਗਰੋਟੈਕ ਲਿਮਿਟਡ ਨਾਭਾ, ਪ੍ਰੋਫੈਸਰ ਰਾਵਿੰਦਰ ਸਿੰਘ ਚੇਅਰਮੈਨ ਡਿਵਾਈਨ ਏਂਜਲ ਚੈਰੀਟੇਬਲ ਟਰੱਸਟ, ਸਾਬਕਾ ਪ੍ਰਧਾਨ ਗੁਰਦੁਆਰਾ ਸੰਗਤਸਰ ਹੀਰਾ ਮਹਿਲ ਕਾਹਨ ਸਿੰਘ ਖੈਹਿਰਾ, ਪਾਖਰ ਸਿੰਘ, ਧਨੰਜੈ ਵਾਲੀਆ, ਅਵਤਾਰ ਸਿੰਘ ਸੇਰਗਿੱਲ, ਰਵਿੰਦਰ ਸਿੰਘ ਸਿਮਰਨ, ਵੇਦ ਚੰਦ ਮੰਡੋੜ, ਸੁਰਜੀਤ ਸਿੰਘ ਪ੍ਰੀਤ ਟੈਕਸਟਾਈਲ ਨਾਭਾ ਤੇ ਹੋਰ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

# ਸੰਧਵਾਂ ਵੱਲੋਂ ਪੱਤਰਕਾਰਾਂ ਦੀਆਂ ਸਾਰੀਆਂ ਮੰਗਾਂ ਜਲਦ ਮੰਨਣ ਦਾ ਭਰੋਸਾ

**ਕੋਟਕਪੂਰਾ (ਰਛਪਾਲ ਭੁੱਲਰ)**

ਆਪਣੀ ਜਾਨ ਜ਼ੋਖ਼ਮ ਵਿੱਚ ਪਾ ਕੇ ਜਿੱਥੇ ਸਮਾਜਿਕ ਤਾਣੇ-ਬਾਣੇ ਨੂੰ ਦਰੁਸਤ ਰੱਖਣ ਲਈ ਪੱਤਰਕਾਰ ਭਾਈਚਾਰਾ ਵਧੀਆ ਸੇਵਾ ਕਾਰਜ ਕਰ ਰਿਹਾ ਹੈ, ਉੱਥੇ ਮੈਨੂੰ ਸਪੀਕਰ ਦੇ ਅਹੁਦੇ ਤੱਕ ਪੁਚਾਉਣ ਵਿੱਚ ਪੱਤਰਕਾਰ ਭਾਈਚਾਰੇ ਦਾ ਵੀ ਵਡਮੁੱਲਾ ਯੋਗਦਾਨ ਹੈ। ਪੰਜਾਬ ਚੰਡੀਗੜ੍ਹ ਜਰਨਲਿਸਟ ਯੂਨੀਅਨ ਦੀ ਮੀਟਿੰਗ ਦੌਰਾਨ ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਕੁਲਤਾਰ ਸਿੰਘ ਸੰਧਵਾਂ ਸਪੀਕਰ ਪੰਜਾਬ ਵਿਧਾਨ ਸਭਾ ਨੇ ਜਿੱਥੇ ਪੱਤਰਕਾਰਾਂ ਦੀਆਂ ਲਗਭਗ ਸਾਰੀਆਂ ਮੰਗਾਂ ਮੰਨਣ ਦਾ ਵਿਸ਼ਵਾਸ ਦਿਵਾਇਆ, ਉੱਥੇ ਨਿਰਪੱਖ ਪੱਤਰਕਾਰਾਂ ਦੀ ਸਰਗਰਮੀ ਦੀ ਪ੍ਰਸੰਸਾ ਵੀ ਕੀਤੀ।

ਮੀਟਿੰਗ ਦੀ ਸ਼ੁਰੂਆਤ ਤੋਂ ਪਹਿਲਾਂ ਯੂਨੀਅਨ ਦੇ ਸਰਗਰਮ ਮੈਂਬਰ ਡਾ. ਸੁਰਿੰਦਰ ਕੁਮਾਰ ਦਿਵੇਦੀ ਦੇ ਵਿਛੋੜੇ 'ਤੇ ਦੋ ਮਿੰਟ ਦਾ ਮੌਨ ਧਾਰ ਕੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਯੂਨੀਅਨ ਦੇ ਕੌਮੀ ਸਕੱਤਰ ਜਨਰਲ ਅਤੇ ਸੂਬਾਈ ਚੇਅਰਮੈਨ ਬਲਵਿੰਦਰ ਸਿੰਘ ਜੰਮੂ ਨੇ ਪੱਤਰਕਾਰਾਂ ਨੂੰ ਆਉਂਦੀਆਂ ਮੁਸ਼ਕਿਲਾਂ, ਸਮੱਸਿਆਵਾਂ ਤੇ ਪ੍ਰੇਸ਼ਾਨੀਆਂ ਤੋਂ ਜਾਣੂ ਕਰਾਉਂਦਿਆਂ ਆਖਿਆ ਕਿ ਤਤਕਾਲੀਨ ਰਵਾਇਤੀ ਪਾਰਟੀਆਂ ਦੀਆਂ ਸਮੇਂ-ਸਮੇਂ ਬਣਦੀਆਂ ਸਰਕਾਰਾਂ ਦੀ ਤਰ੍ਹਾਂ ਸੱਤਾਧਾਰੀ ਧਿਰ ਵੀ ਪੱਤਰਕਾਰਾਂ ਨੂੰ ਪ੍ਰੇਸ਼ਾਨੀਆਂ ਤੋਂ ਨਿਜ਼ਾਤ ਦਿਵਾਉਣ ਲਈ ਗੰਭੀਰ ਨਹੀਂ ਅਤੇ ਨਾ ਹੀ ਪੱਤਰਕਾਰਾਂ ਦੀਆਂ ਵਾਜਬ ਮੰਗਾਂ ਅਤੇ ਲੋੜਾਂ ਵੱਲ ਧਿਆਨ ਦੇਣ ਦੀ ਜ਼ਰੂਰਤ ਸਮਝੀ ਜਾ ਰਹੀ ਹੈ। ਯੂਨੀਅਨ ਦੇ ਕਾਰਜਕਾਰੀ ਸੂਬਾਈ ਪ੍ਰਧਾਨ ਜੈ ਸਿੰਘ ਛਿੱਬਰ ਨੇ ਯੂਨੀਅਨ ਦੀ ਹੁਣ ਤੱਕ ਦੀ ਕਾਰਗੁਜ਼ਾਰੀ ਅਤੇ ਪ੍ਰਾਪਤੀਆਂ ਤੋਂ ਜਾਣੂ ਕਰਾਇਆ।

ਸਟੇਜ ਸੰਚਾਲਨ ਕਰਦਿਆਂ ਗੁਰਿੰਦਰ ਸਿੰਘ ਮਹਿੰਦੀਰੱਤਾ ਨੇ ਬਲਾਕ ਕੋਟਕਪੂਰਾ ਜਥੇਬੰਦੀ ਦੇ ਇਕ ਸਾਲ ਦੇ ਸੇਵਾ ਕਾਰਜਾਂ ਦੀ ਸੰਖੇਪ ਵਿੱਚ ਰਿਪੋਰਟ ਸਾਹਮਣੇ ਰੱਖੀ। ਪੰਜਾਬੀ ਨਿਊਜ਼ ਆਨਲਾਈਨ ਤੋਂ ਸੁਖਨੈਬ ਸਿੱਧੂ ਨੇ ਵੀ ਆਪਣੇ ਵਿਚਾਰ ਸਾਂਝੇ ਕੀਤੇ ਅਤੇ ਪ੍ਰਧਾਨ ਹਰਪ੍ਰੀਤ ਸਿੰਘ ਚਾਨਾ ਨੇ ਸਾਰਿਆਂ ਦਾ ਧੰਨਵਾਦ ਕੀਤਾ। ਸੂਬਾਈ ਜਥੇਬੰਦੀ ਵਲੋਂ ਪੱਤਰਕਾਰਾਂ ਲਈ ਲਿਆਂਦੇ ਸ਼ਾਨਦਾਰ ਸ਼ਨਾਖਤੀ ਕਾਰਡ ਸਪੀਕਰ ਸੰਧਵਾਂ ਰਾਹੀਂ ਪੱਤਰਕਾਰਾਂ ਨੂੰ ਵੰਡੇ ਗਏ। ਇਸ ਮੌਕੇ ਬਲਾਕ ਕੋਟਕਪੂਰਾ ਦੀ ਸਮੁੱਚੀ ਕਾਰਜਕਾਰਨੀ ਸਮੇਤ ਬਠਿੰਡਾ ਤੋਂ ਗੁਰਤੇਜ ਸਿੰਘ ਸਿੱਧੂ ਤੇ ਮਨਿੰਦਰ ਸਿੰਘ ਆਦਿ ਵੀ ਹਾਜ਼ਰ ਸਨ।

# ਹੁੱਡਾ ਦੀ ਰੈਲੀ ਦੌਰਾਨ ਜਨਤਾ ਦਾ ਜੋਸ਼ ਤੇ ਪਿਆਰ ਵੇਖ ਕਾਂਗਰਸੀ ਬਾਗੋ-ਬਾਗ



**ਸਿਰਸਾ (ਸੁਰਿੰਦਰ ਪਾਲ ਸਿੰਘ)**

ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਭੁਪਿੰਦਰ ਸਿੰਘ ਹੁੱਡਾ ਅਤੇ ਉਨ੍ਹਾਂ ਦੇ ਸੰਸਦ ਮੈਂਬਰ ਸਪੁੱਤਰ ਦਪਿੰਦਰ ਹੁੱਡਾ ਸਮੇਤ ਸਮੂਹ ਕਾਂਗਰਸੀਆਂ ਵੱਲੋਂ ਸਿਰਸਾ ਦੇ ਹੁੱਡਾ ਗਰਾਊਂਡ ਵਿੱਚ ਕੀਤੀ ਗਈ ਕਿਸਾਨ-ਮਜ਼ਦੂਰ ਜਨਤਕ ਰੋਹ ਰੈਲੀ ਦੌਰਾਨ 25 ਏਕੜ ਦਾ ਪੰਡਾਲ ਵੀ ਛੋਟਾਂ ਪੈ ਗਿਆ। ਇਸ ਰੈਲੀ ਨੂੰ ਸੰਬੋਧਨ ਕਰਦਿਆਂ ਹੁੱਡਾ ਨੇ ਕਿਹਾ ਕਿ ਇਹ ਇਤਿਹਾਸਕ ਰੈਲੀ ਸੂਬਾ ਸਰਕਾਰ ਦੇ ਕੱਫਣ ਦਾ ਕਿੱਲ ਸਾਬਤ ਹੋਵੇਗੀ।

ਉਨ੍ਹਾਂ ਕਿਹਾ ਕਿ ਜਜਪਾ ਭਾਜਪਾ ਦੀ ਉਲਟੀ ਗਿਣਤੀ ਸ਼ੁਰੂ ਹੋ ਗਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਸੂਬੇ ਚ ਸਰਕਾਰ ਬਣਾਉਣ ਲਈ ਉਨ੍ਹਾਂ ਨੂੰ ਪਹਿਲਾਂ ਨਾਲੋਂ ਜ਼ਿਆਦਾ ਮਿਹਨਤ ਕਰਨੀ ਪਵੇਗੀ ਅਤੇ ਉਨ੍ਹਾਂ ਨੂੰ ਆਪਣੀ ਤਾਕਤ ਦਾ ਹੋਰ ਮੁਜ਼ਾਹਰਾ ਕਰਨਾ ਹੋਵੇਗਾ। ਇਸ ਰੈਲੀ ਦੌਰਾਨ ਹੁੱਡਾ ਦੀ ਅਗਵਾਈ ਵਿਚ ਦਰਜਨਾਂ ਪਰਿਵਾਰਾਂ ਨੇ ਦੂਜੀਆਂ ਪਾਰਟੀਆਂ ਛੱਡ ਕੇ ਕਾਂਗਰਸ ਪਾਰਟੀ ਵਿੱਚ ਵਿਸ਼ਵਾਸ ਪ੍ਰਗਟ ਕੀਤਾ ਅਤੇ ਪਾਰਟੀ ਵਿੱਚ ਸ਼ਾਮਲ ਹੋਣ ਵਾਲਿਆਂ ਨੂੰ ਸਨਮਾਨਤ ਕੀਤਾ ਗਿਆ ਅਤੇ ਪੂਰਾ ਮਾਨ ਸਤਿਕਾਰ ਦੇਣ ਦਾ ਭਰੋਸਾ ਦਿੱਤਾ ਗਿਆ। ਸੰਸਦ ਮੈਂਬਰ ਦਪਿੰਦਰ ਨੇ ਕਿਹਾ ਕਿ ਕਾਂਗਰਸ ਪਾਰਟੀ ਹੀ ਅਜਿਹੀ ਪਾਰਟੀ ਹੈ, ਜੋ ਸਾਰੇ ਵਰਗਾਂ ਦਾ ਸਤਿਕਾਰ ਕਰਦੀ ਹੈ। ਉਨ੍ਹਾਂ ਕਿਹਾ ਕਿ ਕਾਂਗਰਸ ਪਾਰਟੀ ਵਿੱਚ ਕੋਈ ਵੀ ਵੱਡਾ ਜਾਂ ਛੋਟਾ ਨਹੀਂ ਹੈ ਅਤੇ ਨਾ ਹੀ ਕਿਸੇ ਅਧਿਕਾਰੀ ਜਾਂ ਵਰਕਰ ਨਾਲ ਕਿਸੇ ਤਰ੍ਹਾਂ ਦਾ ਵਿਤਕਰਾ ਕੀਤਾ ਜਾਂਦਾ ਹੈ। ਉਨ੍ਹਾਂ ਯੁਵਾ ਏਕੇ 'ਤੇ ਜ਼ੋਰ ਦਿੱਤਾ। ਹਲਕਾ ਕਾਲਾਂਵਾਲੀ ਦੇ ਵਿਧਾਇਕ ਸੀਸ਼ਪਾਲ ਕੇਹਰਵਾਲਾ ਨੇ ਕਿਹਾ ਕਿ ਮੌਜੂਦਾ ਸਰਕਾਰ ਦੀਆਂ ਕਰਤੂਤਾਂ ਦਾ ਖਮਿਆਜ਼ਾ ਸੂਬੇ ਦੇ ਲੋਕ ਭੁਗਤ ਰਹੇ ਹਨ। ਇਸ ਵੇਲੇ ਮਾਹੌਲ ਪੂਰੀ ਤਰ੍ਹਾਂ ਕਾਂਗਰਸ ਪਾਰਟੀ ਦੇ ਹੱਕ ਵਿੱਚ ਹੈ। ਇਸ ਰੈਲੀ ਨੂੰ ਸੰਬੋਧਨ ਕਰਨ ਵਾਲਿਆ ਵਿਚ ਪ੍ਰਹਿਲਾਦ ਗਿੱਲਾਖੇੜਾ, ਸੁਸ਼ੀਲ ਇੰਦੌਰਾ, ਵਿਧਾਇਕ ਅਮਿਤ ਸਿਹਾਗ, ਡਾਕਟਰ ਕੇਵੀ ਸਿੰਘ, ਅਮਿਤ ਬਹਿਨੀਵਾਲ, ਮਲਕੀਤ ਖੋਸਾ, ਭਰਤ ਬਹਿਨੀਵਾਲ, ਰਾਮ ਸਿੰਘ ਸੋਲੰਕੀ ਅਮੀਰ ਚੰਦ ਚਾਵਲਾ, ਰਾਣਾਪੁਰੀ, ਅਜੀਤ ਇੰਦਰ ਸਿੰਘ ਮੋਫਰ ਤੇ ਬਿਨਾਂ ਸੋਹਨ ਸਿੰਘ ਸਰਪੰਚ ਸੁਭਾਸ਼ ਗੋਇਲ ਅਵਤਾਰ ਸਿੰਘ ਸੂਰਤੀਆ, ਮਹੇਸ਼ ਝੋਰੜ ਸਮੇਤ ਪ੍ਰਮੁੱਖ ਮਹਿਲਾ ਆਗੂ ਅਤੇ ਪਾਰਟੀ ਦੇ ਯੁਵਾ ਕਰਜ ਕਰਤਾ ਵੀ ਵੱਡੀ ਗਿਣਤੀ ਵਿੱਚ ਸ਼ਾਮਲ ਸਨ।

# 5 ਕਿਸਾਨ ਜਥੇਬੰਦੀਆਂ ਵੱਲੋਂ 18 ਨੂੰ ਚੰਡੀਗੜ੍ਹ 'ਚ ਪੱਕਾ ਮੋਰਚਾ ਲਾਉਣ ਦਾ ਐਲਾਨ



**ਝਬਾਲ** (ਹਰਜਿੰਦਰ ਸਿੰਘ ਸੋਨੀ)-ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੀ ਵਿਸ਼ੇਸ਼ ਮੀਟਿੰਗ ਪਿੰਡ ਢੰਡ ਵਿਖੇ ਸਥਿਤ ਗੁਰਦੁਆਰਾ ਸ੍ਰੀ ਹਰਗੋਬਿੰਦ ਸਾਹਿਬ ਵਿਖੇ ਹੋਈ। ਇਸ ਮੀਟਿੰਗ ਦੀ ਪ੍ਰਧਾਨਗੀ ਜ਼ੋਨ ਪ੍ਰਧਾਨ ਅਵਤਾਰ ਸਿੰਘ ਤੇ ਸਕੱਤਰ ਰਤਨ ਸਿੰਘ ਨੇ ਕੀਤੀ। ਇਸ ਮੀਟਿੰਗ ਵਿੱਚ ਜ਼ੋਨ ਕਮੇਟੀਆਂ ਅਤੇ ਇਕਾਈ ਕਮੇਟੀਆਂ ਦੇ ਪ੍ਰਧਾਨਾਂ ਅਤੇ ਸਕੱਤਰਾਂ ਤੋਂ ਇਲਾਵਾ ਆਗੂ ਸਾਹਿਬਾਨ ਅਤੇ ਵਰਕਰ ਵੱਡੀ ਗਿਣਤੀ ਵਿਚ ਪਹੁੰਚੇ। ਇਸ ਮੀਟਿੰਗ ਦਾ ਮੁੱਖ ਅਜੰਡਾ 18 ਨੂੰ ਚੰਡੀਗੜ੍ਹ ਵਿਖੇ ਪੰਜ ਕਿਸਾਨ ਜਥੇਬੰਦੀਆਂ ਵੱਲੋਂ ਪੰਜਾਬ ਦੇ ਪਾਣੀਆਂ, ਸੰਘੀ ਢਾਂਚਾ, ਵਾਤਾਵਰਣ, ਕਰਜ਼ਾ ਆਦਿ ਮੰਗਾਂ ਨੂੰ ਲੈ ਕੇ ਪੱਕਾ ਮੋਰਚਾ ਲਾਉਣਾ ਸੀ।

ਮੀਟਿੰਗ ਵਿਚ ਜਥੇਬੰਦੀ ਦੇ ਸੂਬਾ ਪ੍ਰਧਾਨ ਹਰਜਿੰਦਰ ਸਿੰਘ ਟਾਂਡਾ ਨੇ ਵੀ ਹਾਜ਼ਰੀ ਭਰੀ। ਇਸ ਮੌਕੇ ਹਰਜਿੰਦਰ ਸਿੰਘ ਟਾਂਡਾ ਨੇ ਮੀਟਿੰਗ ਨੂੰ ਸੰਬੋਧਨ ਕਰਦਿਆਂ ਅਤੇ ਸਮੂਹ ਪੰਜਾਬੀਆਂ ਨੂੰ ਵੀ ਅਪੀਲ ਕੀਤੀ ਕਿ 18 ਜਨਵਰੀ ਨੂੰ ਚੰਡੀਗੜ੍ਹ ਲੱਗ ਰਹੇ ਪੱਕੇ ਮੋਰਚੇ ਦਾ ਸਾਥ ਦਿਓ। ਇਸ ਮੌਕੇ ਲਾਲੀ ਨੌਸ਼ਹਿਰਾ, ਭਿੰਦਾ ਨੌਸ਼ਹਿਰਾ, ਕਾਬਲ ਸਿੰਘ ਚਾਹਲ, ਵਿਰਸਾ ਸਿੰਘ, ਪੱਪੂ ਚਾਹਲ, ਗੁਰਲਾਲ ਸਿੰਘ ਲਹੀਆਂ, ਅਜੀਤ ਸਿੰਘ, ਕਾਰਜ ਸਿੰਘ ਸਰਾਂ, ਗੁਰਵਿੰਦਰ ਸਿੰਘ ਕੋਟ, ਰਾਜਾ ਸੁਰਸਿੰਘ, ਕਾਲਾ ਬਘਿਆੜੀ, ਟੋਨੀ ਬਘਿਆੜੀ, ਸਾਹਿਬ ਸਿੰਘ ਮੀਆਂਪੁਰ, ਅਜਮੇਰ ਸਿੰਘ, ਅਵਤਾਰ ਸਿੰਘ ਢੰਡ, ਰਣਜੀਤ ਸਿੰਘ ਢੰਡ, ਹਰਪਾਲ ਸਿੰਘ ਠੱਠਗੜ੍ਹ, ਸਾਹਿਬ ਸਿੰਘ ਸਾਂਘਣਾ, ਕੰਵਲ ਸਾਂਘਣਾ, ਮੋਹਨ ਸਿੰਘ ਜੋਸ, ਜਗਬੀਰ ਸਿੰਘ ਮੁਹਾਰ, ਗੁਰਸੇਵਕ ਸੈਦਪੁਰ, ਰਾਣਾ ਸਰਪੰਚ ਕਲਸ, ਬਹਾਲ ਸਿੰਘ ਕਲਸ, ਅੰਮ੍ਰਿਤ ਬੈਂਕਾ, ਗੁਰਪਾਲ ਸਿੰਘ, ਹਰਜਿੰਦਰ ਸਿੰਘ, ਕੁਲਦੀਪ ਸਿੰਘ ਕਲਸ, ਭੋਲਾ ਭੁਸੇ, ਮੋਹਨ ਸਿੰਘ, ਮਨਜੀਤ ਸਿੰਘ ਢੰਡ ਆਦਿ ਆਗੂ ਹਾਜ਼ਰ ਸਨ।

# ਫਲਸਤੀਨੀਆਂ 'ਤੇ ਠੋਸੀ ਜੰਗ ਖਿਲਾਫ ਪਹਿਲੀ ਜਨਵਰੀ ਨੂੰ ਸੂਬੇ ਭਰ 'ਚ ਵਿਰੋਧ ਪ੍ਰਦਰਸ਼ਨ : ਦਰਾਜਕੇ/ਪੰਡੋਰੀ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਪੰਜਾਬ ਦੀਆਂ ਸੱਤ ਖੱਬੀਆਂ, ਇਨਕਲਾਬੀ ਪਾਰਟੀਆਂ ਤੇ ਜਥੇਬੰਦੀਆਂ ਵੱਲੋਂ ਸੂਬੇ ਦੇ ਜੁਝਾਰੂ ਲੋਕਾਂ ਨੂੰ ਨਵੇਂ ਸਾਲ 2024 ਦੇ ਪਹਿਲੇ ਦਿਨ ਇਜ਼ਰਾਈਲ ਵਲੋਂ ਨਿਰਦੋਸ਼ ਫਲਿਸਤੀਨੀਆਂ ਦੀ ਕੀਤੀ ਜਾ ਰਹੀ ਵਹਿਸ਼ੀ ਕਤਲੋਗਾਰਤ ਖਿਲਾਫ ਜਿਲ੍ਹਾ ਅਤੇ ਤਹਿਸੀਲ ਪੱਧਰ 'ਤੇ ਵਿਸ਼ਾਲ ਮੁਜ਼ਾਹਰੇ ਕਰਕੇ ਜ਼ੋਰਦਾਰ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ ਹੈ। ਇਹ ਜਾਣਕਾਰੀ ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰਐੱਮਪੀਆਈ) ਦੇ ਜ਼ਿਲ੍ਹਾ ਪ੍ਰਧਾਨ ਚਮਨ ਲਾਲ ਦਰਾਜਕੇ, ਜ਼ਿਲ੍ਹਾ ਸਕੱਤਰ ਮੁਖਤਾਰ ਸਿੰਘ ਮੱਲਾ, ਬਲਦੇਵ ਸਿੰਘ ਪੰਡੋਰੀ ਨੇ ਇੱਕ ਸਾਂਝੇ ਪ੍ਰੈੱਸ ਬਿਆਨ ਰਾਹੀਂ ਦਿੱਤੀ ਹੈ। ਇਨ੍ਹਾਂ ਆਗੂਆਂ ਨੇ ਮੰਗ ਕੀਤੀ ਹੈ ਕਿ ਇਹ ਨਿਹੱਕੀ ਜੰਗ ਤੁਰੰਤ ਰੋਕੀ ਜਾਵੇ ਅਤੇ ਸੰਸਾਰ ਭਰ ਦੇ ਇਨਸਾਫ ਪਸੰਦ ਲੋਕਾਂ ਦੇ ਜ਼ਬਰਦਸਤ ਵਿਰੋਧ ਨੂੰ ਅਣਡਿੱਠ ਕਰਕੇ ਯੂਐੱਨਓ ਦੇ ਸ਼ਾਂਤੀ ਮਤਿਆਂ ਨੂੰ ਪੈਰਾਂ ਹੇਠ ਮਧੋਲ ਰਹੇ ਇਜ਼ਰਾਈਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੂੰ ਜੰਗੀ ਅਪਰਾਧੀ ਐਲਾਨਿਆ ਜਾਵੇ। ਉਨ੍ਹਾਂ ਲੋਕਾਈ ਨੂੰ ਇਜ਼ਰਾਈਲੀ ਵਸਤਾਂ ਦਾ ਬਾਈਕਾਟ ਕਰਨ ਦਾ ਵੀ ਸੱਦਾ ਦਿੱਤਾ ਹੈ। ਇਸ ਮੌਕੇ ਸੀਪੀਆਈ ਦੇ ਆਗੂ ਬਲਕਾਰ ਸਿੰਘ ਵਲਟੋਹਾ, ਦਵਿੰਦਰ ਸੋਹਲ ਸੀਪੀਆਈ ਐੱਮਐੱਲ ਲਿਬਰੇਸ਼ਨ ਦੇ ਆਗੂ ਦਲਵਿੰਦਰ ਸਿੰਘ ਪੰਨੂ ਆਦਿ ਹਾਜ਼ਰ ਸਨ।

# ਚਾਈਨਾ ਡੋਰ ਦੇ 22 ਗੱਟੂ ਬਰਾਮਦ, ਪਰਚਾ ਦਰਜ

ਕਲਾਨੌਰ, (ਮਨਦੀਪ ਕੋਹਲੀ)-ਡਿਪਟੀ ਕਮਿਸ਼ਨਰ ਗੁਰਦਾਸਪੁਰ ਡਾ. ਹਿਮਾਂਸ਼ੂ ਅਗਰਵਾਲ ਦੀਆਂ ਸਖਤ ਹਦਾਇਤਾਂ ਹਨ ਕਿ ਚਾਈਨਾ ਡੋਰ ਦੀ ਵਿਕਰੀ 'ਤੇ ਮੁਕੰਮਲ ਪਾਬੰਦੀ ਲਗਾਈ ਜਾਵੇ। ਇੱਕ ਹੈਲਪਲਾਈਨ ਨੰਬਰ 18001801852 ਜਾਰੀ ਕੀਤਾ ਹੋਇਆ ਹੈ। ਅੱਜ ਕਲਾਨੌਰ ਪੁਲਸ ਵੱਲੋਂ ਇੱਕ ਮੁਖਬਰ ਦੀ ਇਤਲਾਹ 'ਤੇ ਦੁਕਾਨ 'ਤੇ ਛਾਪਾ ਮਾਰ ਕੇ ਚਾਈਨਾ ਡੋਰ ਦੇ 22 ਗੱਟੂ ਬਰਾਮਦ ਕੀਤੇ ਗਏ। ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਪੁਲਸ ਥਾਣਾ ਕਲਾਨੌਰ ਦੇ ਐੱਸਐੱਚਓ ਮੇਜਰ ਸਿੰਘ ਨੇ ਦੱਸਿਆ ਕਿ ਇੱਕ ਮੁਖਬਰ ਨੇ ਇਤਲਾਹ ਦਿੱਤੀ ਕਿ ਇੱਕ ਵਿਅਕਤੀ ਜਿਸ ਦੀ ਦੁਕਾਨ ਇੱਕ ਮੁਹੱਲੇ ਵਿੱਚ ਹੈ ਉਹ ਚਾਈਨਾ ਡੋਰ ਦੀ ਵਿਕਰੀ ਕਰਦਾ ਹੈ ਜੇਕਰ ਉਸ 'ਤੇ ਰੇਡ ਕੀਤੀ ਜਾਵੇ ਤਾਂ ਚਾਈਨਾ ਡੋਰ ਦੇ ਗੱਟੂ ਵੀ ਬਰਾਮਦ ਕੀਤੇ ਜਾ ਸਕਦੇ ਹਨ ਜਿਸ 'ਤੇ ਤੁਰੰਤ ਕਾਰਵਾਈ ਕਰਦਿਆਂ ਏਐੱਸਆਈ ਰਣਧੀਰ ਸਿੰਘ, ਏਐੱਸਆਈ ਵੈਸਨ ਦਾਸ ਆਦਿ ਨੇ ਛਾਪਾ ਮਾਰ ਕੇ ਚਾਈਨਾ ਡੋਰ ਦੇ 22 ਗੱਟੂਆਂ ਸਮੇਤ ਇੱਕ ਵਿਅਕਤੀ ਸੁਖਵਿੰਦਰ ਸਿੰਘ ਨੂੰ ਕਾਬੂ ਕਰ ਲਿਆ ਜਿਸ 'ਤੇ ਪੁਲਸ ਨੇ ਆਈਪੀਸੀ ਦੀ ਧਾਰਾ 188 ਤਹਿਤ ਮੁਕੱਦਮਾ ਦਰਜ ਕਰ ਦਿੱਤਾ ਹੈ।

# ਪੰਜ ਪਿਆਰਿਆਂ ਦੀ ਅਗਵਾਈ 'ਚ ਗੁਰਮਤਿ ਚੇਤਨਾ ਮਾਰਚ ਕੱਢਿਆ



ਝਬਾਲ (ਹਰਜਿੰਦਰ ਸਿੰਘ ਸੋਨੀ)-ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੇ ਦਿਸ਼ਾ-ਨਿਰਦੇਸ਼ ਅਨੁਸਾਰ ਬਾਬਾ ਬੁੱਢਾ ਪਬਲਿਕ ਸਕੂਲ ਬੀੜ ਸਾਹਿਬ ਵੱਲੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਸਮੇਤ ਸਮੂਹ ਸ਼ਹੀਦ ਸਿੰਘਾਂ-ਸਿੰਘਣੀਆਂ ਦੀ ਸ਼ਹਾਦਤ ਨੂੰ ਸਮਰਪਿਤ ਗੁਰਮਤਿ ਚੇਤਨਾ ਮਾਰਚ ਪੰਜ ਪਿਆਰਿਆਂ ਦੀ ਅਗਵਾਈ ਅਤੇ ਗੁਰਦੁਆਰਾ ਬੀੜ ਸਾਹਿਬ ਦੇ ਮੈਨੇਜਰ ਰਜਿੰਦਰ ਸਿੰਘ ਟੌਹੜਾ ਤੇ ਪ੍ਰਿੰਸੀਪਲ ਤਰਨਜੀਤ ਸਿੰਘ ਦੀ ਦੇਖਰੇਖ ਹੇਠ ਕੱਢਿਆ ਗਿਆ। ਗੁਰਮਤਿ ਚੇਤਨਾ ਮਾਰਚ ਸ਼ੁਰੂ ਕਰਨ ਤੋਂ ਪਹਿਲਾਂ ਸਕੂਲ ਵਿਦਿਆਰਥੀਆਂ ਵੱਲੋਂ ਸ੍ਰੀ ਜਪੁਜੀ ਸਾਹਿਬ, ਸ੍ਰੀ ਚੌਪਈ ਸਾਹਿਬ ਦੇ ਜਾਪ ਕਰਨ ਤੋਂ ਬਾਅਦ ਰੱਬੀ ਬਾਣੀ ਦਾ ਕੀਰਤਨ ਕੀਤਾ ਗਿਆ। ਉਪਰੰਤ ਅਰਦਾਸ ਕਰਕੇ ਚੇਤਨਾ ਮਾਰਚ ਦੀ ਸ਼ੁਰੂਆਤ ਕੀਤੀ ਗਈ। ਇਹ ਗੁਰਮਤਿ ਚੇਤਨਾ ਮਾਰਚ ਸਕੂਲ ਤੋਂ ਸ਼ੁਰੂ ਹੋ ਕੇ ਗੁਰਦੁਆਰਾ ਬੀੜ ਸਾਹਿਬ, ਪਿੰਡ ਬਗਿਆੜੀ, ਕਸਬਾ ਝਬਾਲ ਤੋਂ ਹੁੰਦਾ ਹੋਇਆ ਗੁਰਦੁਆਰਾ ਬੀਬੀ ਵੀਰੋ ਜੀ ਝਬਾਲ ਵਿਖੇ ਨਤਮਸਤਕ ਹੋਣ ਤੋਂ ਬਾਅਦ ਵਾਪਸ ਸਕੂਲ ਵਿੱਚ ਪਹੁੰਚ ਕੇ ਸਮਾਪਤ ਹੋਇਆ। ਚੇਤਨ ਮਾਰਚ ਦੌਰਾਨ ਵਿਦਿਆਰਥੀਆਂ ਵੱਲੋਂ ਵਾਹਿਗੁਰੂ ਦਾ ਜਾਪ ਕਰਦਿਆਂ ਕਲਗੀਧਰ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦੇ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫਤਿਹ ਸਿੰਘ, ਮਾਤਾ ਗੁਜਰ ਕੌਰ, ਬੀਬੀ ਹਰਸਰਨ ਕੌਰ, ਬਾਬਾ ਮੋਤੀ ਰਾਮ ਮਹਿਰਾ ਆਦਿ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਮੈਨੇਜਰ ਰਜਿੰਦਰ ਸਿੰਘ ਟੌਹੜਾ ਤੇ ਪ੍ਰਿੰ. ਤਰਨਜੀਤ ਸਿੰਘ ਨੇ ਆਖਿਆ ਕਿ ਇਸ ਗੁਰਮਤਿ ਚੇਤਨਾ ਮਾਰਚ ਦਾ ਮੁੱਖ ਉਦੇਸ਼ ਸਾਡੀ ਨੌਜਵਾਨ ਪੀੜ੍ਹੀ ਨੂੰ ਆਪਣੇ ਗੌਰਵਮਈ ਇਤਿਹਾਸ ਤੋਂ ਜਾਣੂ ਕਰਵਾਉਣਾ ਹੈ। ਇਸ ਮੌਕੇ ਡੀ. ਪੀ. ਗੁਰਮੀਤ ਸਿੰਘ, ਮਨਿੰਦਰ ਸਿੰਘ, ਤਰਸੇਮ ਸਿੰਘ, ਭੁਪਿੰਦਰ ਸਿੰਘ, ਜਗਮੀਤ ਸਿੰਘ, ਰਜਿੰਦਰ ਕੌਰ, ਦਵਿੰਦਰਪਾਲ ਕੌਰ, ਕੁਲਜਿੰਦਰ ਕੌਰ, ਅਕਵਿੰਦਰ ਕੌਰ, ਗੁਰਦੀਪ ਕੌਰ, ਰੁਪਿੰਦਰਬੀਰ ਕੌਰ, ਸਤਨਾਮ ਕੌਰ ਆਦਿ ਸਕੂਲ ਸਟਾਫ ਤੇ ਵਿਦਿਆਰਥੀ ਹਾਜ਼ਰ ਸਨ।

# ਦਾਸਤਾਨ-ਏ-ਸ਼ਹਾਦਤ ਦਿਹਾੜੇ ਨੂੰ ਸਮਰਪਿਤ ਸਮਾਗਮ ਕਰਵਾਇਆ



ਚੋਹਲਾ ਸਾਹਿਬ (ਰਮਨ ਚੱਢਾ)-ਇਲਾਕੇ ਦੀ ਨਾਮਵਰ ਵਿੱਦਿਅਕ ਸੰਸਥਾ ਸ਼ਾਹ ਹਰਬੰਸ ਸਿੰਘ ਇੰਟਰਨੈਸ਼ਨਲ ਪਬਲਿਕ ਸਕੂਲ ਰਾਣੀ ਵਲਾਹ ਵਿਖੇ ਦਾਸਤਾਨ-ਏ-ਸ਼ਹਾਦਤ ਦਿਹਾੜੇ ਨੂੰ ਸਮਰਪਿਤ ਸਰਬੰਸਦਾਨੀ ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਾਹਿਬ ਤੋਂ ਚਮਕੌਰ ਸਾਹਿਬ ਸਰਹੰਦ ਤੇ ਮਾਛੀਵਾੜਾ ਦੇ ਕੁਰਬਾਨੀਆਂ ਭਰੇ ਇਤਿਹਾਸ ਨੂੰ ਯਾਦ ਕਰਦਿਆਂ ਸਕੂਲ ਵਿੱਚ ਬੱਚਿਆਂ ਵਲੋਂ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਨ ਉਪਰੰਤ ਸ਼ਬਦ ਕੀਰਤਨ, ਕਵਿਤਾਵਾਂ ਪੇਸ਼ ਕੀਤੀਆਂ ਗਈਆਂ ਅਤੇ ਸਤਿਨਾਮੁ ਵਾਹਿਗੁਰੂ ਦਾ ਜਾਪ ਕੀਤਾ ਗਿਆ। ਚਾਰ ਸਾਹਿਬਜ਼ਾਦੇ ਫਿਲਮ ਵੀ ਵਿਖਾਈ ਗਈ। ਸਕੂਲ ਦੇ ਮੈਨੇਜਿੰਗ ਡਾਇਰੈਕਟਰ ਗੁਲਵਿੰਦਰ ਸਿੰਘ ਸੰਧੂ, ਐਜੂਕੇਸ਼ਨ ਡਾਇਰੈਕਟਰ ਮੈਡਮ ਨਵਦੀਪ ਕੌਰ ਸੰਧੂ, ਪ੍ਰਿੰ. ਸੁਮਨ ਡਡਵਾਲ ਅਤੇ ਪ੍ਰਿੰ. ਨਿਰਭੈ ਸਿੰਘ ਸੰਧੂ ਵੱਲੋਂ ਬੱਚਿਆਂ ਨੂੰ ਆਪਣੇ ਕੁਰਬਾਨੀਆਂ ਭਰੇ ਇਤਿਹਾਸਕ ਵਿਰਸੇ ਤੋਂ ਜਾਣੂ ਕਰਵਾਉਂਦਿਆਂ ਕਿਹਾ ਕਿ ਸਾਨੂੰ ਆਪਣੇ ਵਿਰਸੇ 'ਤੇ ਮਾਣ ਮਹਿਸੂਸ ਕਰਨਾ ਚਾਹੀਦਾ ਤੇ ਗੁਰੂ ਸਾਹਿਬ ਵੱਲੋਂ ਦੱਸੇ ਮਾਰਗ 'ਤੇ ਚੱਲਣਾ ਚਾਹੀਦਾ ਹੈ।

## ਸਫਰ-ਏ-ਸ਼ਹਾਦਤ ਨੂੰ ਸਿਜਦਾ



ਗੁਰਦਾਸਪੁਰ, (ਦਿਨੇਸ਼ ਕੁਮਾਰ)-ਸਥਾਨਕ ਬਹਿਰਾਮਪੁਰ ਰੋਡ ਤੇ ਸਥਿਤ ਟੈਗੋਰ ਕਾਲੇਜ ਆਫ ਐਜੂਕੇਸ਼ਨ ਫਾਰ ਵੂਮੈਨ ਵਿਖੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਵਿਸ਼ੇਸ਼ ਸਮਾਗਮ ਸਫਰ-ਏ-ਸ਼ਹਾਦਤ ਕਰਵਾਇਆ ਗਿਆ। ਇਸ ਮੌਕੇ ਵਿਦਿਆਰਥੀਆਂ ਨੇ ਸ਼ਹੀਦੀ ਦਿਨਾਂ ਨੂੰ ਯਾਦ ਕਰਦੇ ਹੋਏ ਕਵਿਤਾਵਾਂ, ਸ਼ਬਦ, ਸਿੱਖ ਇਤਿਹਾਸ ਸੰਬੰਧੀ ਭਾਸ਼ਣ ਆਦਿ ਪੇਸ਼ ਕੀਤੇ। ਇਸ ਮੌਕੇ ਕਾਲੇਜ ਦੇ ਚੇਅਰਮੈਨ ਰਵਿੰਦਰ ਸ਼ਰਮਾ ਨੇ ਵਿਦਿਆਰਥੀਆਂ ਨੂੰ ਸਾਹਿਬਜ਼ਾਦਿਆਂ ਵਾਂਗ ਸੱਚ ਦੇ ਮਾਰਗ 'ਤੇ ਚਲਣ, ਹੌਸਲਾ ਬੁਲੰਦ ਰੱਖਣ ਅਤੇ ਜੀਵਨ ਵਿੱਚ ਚੰਗੇ ਨਾਗਰਿਕ ਬਣਨ ਲਈ ਪ੍ਰੇਰਿਤ ਕੀਤਾ।

# ਬਾਬਾ ਜੀਵਨ ਸਿੰਘ ਜੀ ਦੀ ਸ਼ਹੀਦੀ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ



ਧਾਰੀਵਾਲ (ਮਨਦੀਪ ਸਿੰਘ ਵਿੱਕੀ)-ਸ਼੍ਰੋਮਣੀ ਸ਼ਹੀਦ ਰੰਗਰੇਟਾ ਗੁਰੂ ਕਾ ਬੇਟਾ ਬਾਬਾ ਜੀਵਨ ਸਿੰਘ ਜੀ ਅਤੇ ਛੋਟੇ ਸਾਹਿਬ-ਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਿਤ ਪਿੰਡ ਖੁੰਡਾ ਵਿਖੇ ਗੁਰਦੁਆਰਾ ਬਾਬਾ ਜੀਵਨ ਜੀ ਦੀ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਵਾਸੀ ਸੰਗਤਾਂ ਦੇ ਸਹਿਯੋਗ ਨਾਲ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਅਤੇ ਪੰਜਾਂ ਪਿਆਰਿਆਂ ਦੀ ਅਗਵਾਈ ਵਿੱਚ ਨਗਰ ਕੀਰਤਨ ਸਜਾਇਆ ਗਿਆ।

ਨਗਰ ਕੀਰਤਨ ਦੌਰਾਨ ਢਾਡੀ ਜਥਾ ਲਖਵਿੰਦਰ ਸਿੰਘ ਸੋਹਲ ਅਤੇ ਸਾਥੀਆਂ ਨੇ ਬਾਬਾ ਜੀਵਨ ਸਿੰਘ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਜੀਵਨ ਸਬੰਧੀ ਵਾਰਾਂ ਪੇਸ਼ ਕਰਦਿਆਂ ਉਨ੍ਹਾਂ ਦੇ ਜੀਵਨ ਬਾਰੇ ਚਾਨਣਾ ਕਰਵਾਉਂਦੇ ਹੋਏ ਸੰਗਤਾਂ ਨੂੰ ਗੁਰੂ ਚਰਨਾ ਨਾਲ ਜੋੜਿਆ।

ਨਗਰ ਕੀਰਤਨ ਦੌਰਾਨ ਗੱਤਕਾ ਖਿਡਾਰੀਆਂ ਨੇ ਗੱਤਕੇ ਦੇ ਆਕਰਸ਼ਕ ਜੌਹਰ ਵਿਖਾਏ। ਨਗਰ ਕੀਰਤਨ ਦਾ ਵੱਖ-ਵੱਖ ਥਾਂਵਾਂ ਤੇ ਸ਼ਰਧਾਲੂਆਂ ਵਲੋਂ ਭਰਵਾਂ ਸਵਾਗਤ ਕੀਤਾ ਅਤੇ ਸੰਗਤਾਂ ਲਈ ਲੰਗਰ ਲਗਾਏ ਗਏ। ਨਗਰ ਕੀਰਤਨ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਤੋਂ ਆਰੰਭ ਹੋ ਕੇ ਪਿੰਡ ਦੀਆਂ ਵੱਖ-ਵੱਖ ਗਲੀਆਂ ਵਿੱਚੋਂ ਹੁੰਦਾ ਹੋਇਆ ਪਿੰਡ ਦੀ ਪ੍ਰਕਰਮਾ ਕਰਨ ਦੇ ਬਾਅਦ ਮੁੜ ਵਾਪਸ ਆਰੰਭਿਕ ਸਥਾਨ ਤੇ ਸਮਾਪਤ ਹੋਇਆ। ਨਗਰ ਕੀਰਤਨ ਦੌਰਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਮਿਸਤਰੀ ਲਖਬੀਰ ਸਿੰਘ, ਗ੍ਰੰਥੀ ਬਾਬਾ ਸਵਿੰਦਰ ਸਿੰਘ, ਬਲਕਾਰ ਸਿੰਘ, ਐੱਨਆਰਆਈ. ਜਸਬਿੰਦਰ ਸਿੰਘ ਸ਼ੇਰਗਿੱਲ, ਐੱਨਆਰਆਈ ਰਾਜਵਿੰਦਰ ਸਿੰਘ, ਸਾਬਕਾ ਸਰਪੰਚ ਭੁਪਿੰਦਰ ਸਿੰਘ ਮਾਨ, ਲਖਬੀਰ ਸਿੰਘ ਖੁੰਡਾ, ਜਗਜੋਤ ਸਿੰਘ ਮਾਨ, ਐਡਵੋਕੇਟ ਬਲਜੀਤਪਾਲ ਸਿੰਘ, ਡਾ: ਕਮਲਜੀਤ ਸਿੰਘ ਕੇਜੇ, ਮੈਨੇਜਰ ਪ੍ਰਿਥੀਪਾਲ ਸਿੰਘ ਮਾਨ, ਐਡਵੋਕੇਟ ਸ਼ਿਵਚਰਨ ਸਿੰਘ ਮਾਨ, ਰੂਪ ਸਿੰਘ, ਤਰਲੋਕ ਸਿੰਘ, ਅਮਰਜੀਤ ਸਿੰਘ, ਭਗਵਾਨ ਸਿੰਘ, ਕਸ਼ਮੀਰ ਸਿੰਘ, ਨਰਿੰਦਰਪਾਲ ਸਿੰਘ, ਨਿਸ਼ਾਨ ਸਿੰਘ, ਮੰਗਲ ਸਿੰਘ, ਦਵਿੰਦਰ ਸਿੰਘ ਫੌਜੀ, ਗੁਰਨਾਮ ਸਿੰਘ, ਬਲਦੇਵ ਸਿੰਘ ਫੌਜੀ, ਮਨਜੀਤ ਸਿੰਘ, ਨੰਬਰਦਾਰ ਹਰਨਾਮ ਸਿੰਘ, ਨਿਸ਼ਾਨ ਸਿੰਘ, ਵਰਿੰਦਰ ਸਿੰਘ ਸੋਨੂੰ, ਗੁਰਪ੍ਰੀਤ ਸਿੰਘ, ਸਤਨਾਮ ਸਿੰਘ ਆਦਿ ਸ਼ਰਧਾਲੂਆਂ ਤੋਂ ਇਲਾਵਾ ਵੀ ਸੰਗਤਾਂ ਹਾਜ਼ਰ ਸਨ।

# ਸੈਕਟਰ 76-80 ਦੇ ਅਲਾਟੀਆਂ ਨੂੰ ਗਮਾਡਾ ਵੱਲੋਂ ਪਾਈ ਅਨਹਾਂਸਮੈਂਟ ਦਾ ਨਿਪਟਾਰਾ ਜਲਦੀ

ਮੋਹਾਲੀ: (ਗੁਰਜੀਤ ਬਿੱਲਾ) ਸੈਕਟਰ 76-80 ਦੇ ਅਲਾਟੀਆਂ ਨੂੰ ਗਮਾਡਾ ਵੱਲੋਂ ਪਾਈ ਗਈ ਅਨਹਾਂਸਮੈਂਟ (ਪ੍ਰਤੀ ਵਰਗ ਗਜ਼ 'ਤੇ ਵਾਧੂ ਵਸੂਲੇ ਜਾਣ ਵਾਲੇ ਪੈਸੇ) ਪੰਜਾਬ ਸਰਕਾਰ ਜਲਦੀ ਹੀ ਹੱਲ ਕਰੇਗੀ, ਜਿਸ ਦਾ ਨਿਪਟਾਰਾ ਜਨਵਰੀ ਮਹੀਨੇ 'ਚ ਹੋ ਜਾਵੇਗਾ। ਇਹ ਵਿਚਾਰ ਹਲਕਾ ਵਿਧਾਇਕ ਕੁਲਵੰਤ ਸਿੰਘ ਨੇ ਕਮੇਟੀ ਦੇ ਕਨਵੀਨਰ ਸੁਖਦੇਵ ਸਿੰਘ ਪਟਵਾਰੀ ਦੀ ਅਗਵਾਈ 'ਚ ਐਂਟੀ ਅਨਹਾਂਸਮੈਂਟ ਕਮੇਟੀ ਸੈਕਟਰ 76-80 ਨਾਲ ਹੋਈ ਮੀਟਿੰਗ ਤੋਂ ਬਾਅਦ ਪ੍ਰਗਟ ਕੀਤੇ।

ਉਨ੍ਹਾਂ ਕਿਹਾ ਕਿ ਹੁਣ ਤੱਕ ਉਨ੍ਹਾਂ ਦੀਆਂ ਗਮਾਡਾ ਤੇ ਪੰਜਾਬ ਸਰਕਾਰ ਦੇ ਹੋਰ ਉੱਚ ਅਧਿਕਾਰੀਆਂ ਨਾਲ ਇਸ ਮਸਲੇ ਬਾਰੇ ਕਈ ਮੀਟਿੰਗਾਂ ਹੋ ਚੁੱਕੀਆਂ ਹਨ। ਉਨ੍ਹਾਂ ਦੱਸਿਆ ਕਿ ਮੁੱਖ ਮੰਤਰੀ ਨਾਲ ਵੀ ਉਨ੍ਹਾਂ ਦੀ ਇਸ ਮਸਲੇ ਬਾਰੇ ਗੱਲ ਹੋਈ ਹੈ।

ਉਨ੍ਹਾਂ ਕਿਹਾ ਕਿ ਇਸ ਗੱਲ ਦੀ ਪੂਰੀ ਸੰਭਾਵਨਾ ਹੈ ਕਿ ਮਸਲਾ ਜਨਵਰੀ ਮਹੀਨੇ 'ਚ ਹੱਲ ਹੋ ਜਾਵੇ ਅਤੇ ਅਲਾਟੀਆਂ ਨੂੰ ਇਸ ਨਾਲ ਭਾਰੀ ਰਾਹਤ ਮਿਲੇਗੀ। ਕਮੇਟੀ ਦੇ ਕਨਵੀਨਰ ਸੁਖਦੇਵ ਸਿੰਘ ਪਟਵਾਰੀ ਨੇ ਦੱਸਿਆ ਕਿ ਲੋਕ ਸਭਾ ਹਲਕਾ ਆਨੰਦਪੁਰ ਸਾਹਿਬ ਦੇ ਇੰਚਾਰਜ ਤੇ ਆਪ ਦੇ ਮੁੱਖ ਬੁਲਾਰੇ ਮਲਵਿੰਦਰ ਸਿੰਘ ਕੰਗ ਨਾਲ ਵੀ ਕਮੇਟੀ ਦੇ ਮੈਂਬਰਾਂ ਦੀ ਗੱਲਬਾਤ ਹੋਈ ਸੀ, ਜਿਸ ਤੋਂ ਬਾਅਦ ਉਨ੍ਹਾਂ ਨੇ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਕੀਤੀ ਸੀ। ਮੁੱਖ ਮੰਤਰੀ ਨੇ ਆਪਣੇ ਇੱਕ ਓ ਐਸ ਡੀ ਦੀ ਇਸ ਮਸਲੇ ਨੂੰ ਹੱਲ ਕਰਨ ਦੀ ਡਿਊਟੀ ਲਗਾ ਦਿੱਤੀ ਹੈ।

ਮੀਟਿੰਗ 'ਚ ਮੈਂਬਰਾਂ ਨੇ ਵਿਧਾਇਕ ਨੂੰ ਕਿਹਾ ਕਿ ਲੰਬਾ ਸਮਾਂ ਹੋਣ ਕਾਰਨ ਲੋਕਾਂ 'ਚ ਭਾਰੀ ਰੋਸ ਹੈ ਅਤੇ ਹੁਣ ਪੰਚਾਇਤ ਤੇ ਨਗਰ ਕੌਂਸਲਾਂ ਦੀਆਂ ਚੋਣਾਂ ਆਉਣ ਕਾਰਨ ਕੋਡ ਆਫ ਕੰਡਕਟ ਲੱਗਣ ਦਾ ਖਦਸ਼ਾ ਹੈ। ਫਿਰ ਲੋਕ ਸਭਾ ਚੋਣਾਂ ਕਾਰਨ ਦੁਬਾਰਾ ਫਿਰ ਕੋਡ ਆਫ ਕੰਡਕਟ ਲੱਗ ਜਾਵੇਗਾ, ਜਿਸ ਕਾਰਨ ਮਸਲਾ 'ਚ ਹੀ ਲਟਕ ਸਕਦਾ ਹੈ। ਦੂਜੇ ਪਾਸੇ ਗਮਾਡਾ ਵੱਲੋਂ ਮੁੜ ਨੋਟਿਸ ਸ਼ੁਰੂ ਕਰਨ ਕਰਕੇ ਲੋਕਾਂ 'ਚ ਰੋਸ ਹੈ। ਸਾਰੇ ਮੈਂਬਰਾਂ ਨੇ ਵਿਧਾਇਕ ਕੁਲਵੰਤ ਸਿੰਘ ਦਾ ਧੰਨਵਾਦ ਕਰਦਿਆਂ ਉਨ੍ਹਾਂ ਵੱਲੋਂ ਕੀਤੀਆਂ ਜਾ ਰਹੀਆਂ ਕੋਸ਼ਿਸ਼ਾਂ 'ਤੇ ਤਸੱਲੀ ਪ੍ਰਗਟ ਕੀਤੀ। ਮੀਟਿੰਗ 'ਚ ਸੁਖਦੇਵ ਸਿੰਘ ਪਟਵਾਰੀ, ਮੇਜਰ ਸਿੰਘ, ਹਰਜੀਤ ਸਿੰਘ (ਭੋਲੂ), ਸੁਖਚੈਨ ਸਿੰਘ, ਜਰਨੈਲ ਸਿੰਘ, ਅਨੋਖ ਸਿੰਘ, ਚਰਨਜੀਤ ਕੌਰ, ਜਸਪਾਲ ਸਿੰਘ, ਸੁਰਿੰਦਰ ਸਿੰਘ ਕੰਗ, ਹਰਦਿਆਲ ਬਡਬਰ, ਭਗਵੰਤ ਸਿੰਘ, ਐਮ ਪੀ ਸਿੰਘ, ਮੇਜਰ ਸਿੰਘ, ਸੁੱਚਾ ਸਿੰਘ, ਜੀ ਐਸ ਪਠਾਨੀਆ, ਸਰਦੂਲ ਸਿੰਘ, ਬਲਵਿੰਦਰ ਸਿੰਘ ਆਦਿ ਹਾਜ਼ਰ ਸਨ।

# ਪ੍ਰਭੂ ਯਸੂ ਮਸੀਹ ਦੇ ਜਨਮ ਦਿਹਾੜੇ ਨੂੰ ਸਮਰਪਿਤ ਸਮਾਗਮ ਕਰਵਾਇਆ



ਮਜੀਠਾ (ਸੋਇਮ ਆਨੰਦ)-ਮਜੀਠਾ ਦੇ ਸੈਕਰਡ ਹਾਰਟ ਕਾਨਵੈਂਟ ਸਕੂਲ ਮਜੀਠਾ ਵਿਖੇ ਪ੍ਰਿੰ. ਸਿਸਟਰ ਬੈਟਸੀ ਦੀ ਅਗਵਾਈ ਵਿਚ ਪ੍ਰਭੂ ਯਸੂ ਮਸੀਹ ਦੇ ਜਨਮ ਦਿਨ ਨੂੰ ਸਮਰਪਿਤ ਸਕੂਲ ਵਿਖੇ ਇੱਕ ਪ੍ਰੋਗਰਾਮ ਕਰਵਾਇਆ ਗਿਆ ਜਿਸ ਵਿੱਚ ਸਕੂਲ ਦੇ ਵਿਦਿਆਰਥੀਆਂ ਵੱਲੋਂ ਪ੍ਰਭੂ ਯਸੂ ਮਸੀਹ ਦੇ ਅਧਾਰਿਤ ਸੱਭਿਆਚਾਰ ਪਰੋਗ ਰਾਮ ਕੀਤਾ। ਇਸ ਮੌਕੇ ਸਕੂਲੀ ਬੱਚਿਆਂ ਵੱਲੋਂ ਸੁੰਦਰ ਪੋਸ਼ਾਕਾਂ ਪਾ ਕੇ ਉਨ੍ਹਾਂ ਦੀ ਜੀਵਨੀ ਤੇ ਕੋਰੀਓਗਰਾਫੀ ਕੀਤੀ ਅਤੇ ਅਖੀਰ ਵਿੱਚ ਵਿਦਿਆਰਥਨਾਂ ਵੱਲੋ ਸੱਭਿਆਚਾਰ ਨੂੰ ਦਰਸਾਉਂਦਾ ਗਿੱਧਾ ਪੰਜਾਬੀ ਰਵਾਇਤੀ ਬੋਲੀਆਂ ਪੇਸ਼ ਕਰਕੇ ਸਰੋਤਿਆਂ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਇਸ ਮੌਕੇ ਪ੍ਰਿੰ. ਸਿਸਟਰ ਬੈਸਟੀ ਨੇ ਪ੍ਰਭੂ ਯਸੂ ਮਸੀਹ ਦੇ ਜੀਵਨੀ 'ਤੇ ਚਾਨਣਾ ਪਾਉਂਦਿਆਂ ਕ੍ਰਿਸਮਸ ਦੇ ਤਿਓਹਾਰ ਨੂੰ ਮਿਲ ਬੈਠ ਕੇ ਅਤੇ ਆਪਸੀ ਭਾਈਚਾਰਕ ਸਾਂਝ ਨਾਲ ਮਨਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਪ੍ਰਭੂ ਯਸੂ ਮਸੀਹ ਨੇ ਸਮੂਹ ਕਲੀਸੀਆਂ ਨੂੰ ਸੱਚ ਦੇ ਮਾਰਗ 'ਤੇ ਚੱਲਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਪ੍ਰਿੰ. ਸਿਸਟਰ ਬੈਸਟੀ ਨਾਲ ਮਦਰ ਵਿਮਲ ਰੋਜ਼, ਸਿਸਟਰ ਆਰਥੀ, ਨਵਨੀਤ ਕੌਰ, ਇਕਬਾਲ ਕੌਰ, ਜਸਮੀਤ ਕੌਰ, ਅਰਵਿੰਦਰ ਸਿੰਘ ਸਮੇਤ ਸਮੂਹ ਸਕੂਲ ਸਟਾਫ ਹਾਜ਼ਰ ਸੀ।

# ਕਰਾਲ ਤੇ ਨਵਾਂ ਨੌਸ਼ਹਿਰਾ ਦੇ ਸਰਪੰਚ ਕਾਂਗਰਸ ਨੂੰ ਛੱਡ ਕੇ 'ਆਪ' 'ਚ ਸ਼ਾਮਲ



ਦੀਨਾਨਗਰ (ਬਲਵਿੰਦਰ ਸਿੰਘ ਬਿੱਲਾ)-ਦੀਨਾਨਗਰ ਹਲਕੇ ਅੰਦਰ ਕਾਂਗਰਸ ਪਾਰਟੀ ਨੂੰ ਝਟਕੇ ਲੱਗਣ ਦਾ ਸਿਲਸਿਲਾ ਲਗਾਤਾਰ ਜਾਰੀ ਹੈ। ਕਈ ਸਰਪੰਚਾਂ ਅਤੇ ਹੋਰ ਲੋਕਾਂ ਵੱਲੋਂ ਕਾਂਗਰਸ ਪਾਰਟੀ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਮਗਰੋਂ ਕਾਂਗਰਸ ਪਾਰਟੀ ਨਾਲ ਸਬੰਧਤ ਕਰਾਲ ਅਤੇ ਨਵਾਂ ਨੌਸ਼ਹਿਰਾ ਪਿੰਡਾਂ ਦੇ ਸਰਪੰਚਾਂ ਨੇ ਵੀ ਕਾਂਗਰਸ ਪਾਰਟੀ ਨੂੰ ਅਲਵਿਦਾ ਕਹਿੰਦਿਆਂ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।

ਪਿੰਡ ਕਰਾਲ ਦੇ ਸਰਪੰਚ ਮਜੀਦਾ ਅਤੇ ਨਵਾਂ ਨੌਸ਼ਹਿਰਾ ਦੇ ਸਰਪੰਚ ਪ੍ਰੇਮ ਲਾਲ ਨੂੰ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਕਰਵਾਉਣ ਮੌਕੇ ਹਲਕਾ ਇੰਚਾਰਜ ਸਮਸ਼ੇਰ ਸਿੰਘ ਨੇ ਕਿਹਾ ਕਿ ਕਾਂਗਰਸ ਦੀਆਂ ਨੀਤੀਆਂ ਤੋਂ ਅੱਕੇ ਲੋਕ ਲਗਾਤਾਰ ਕਾਂਗਰਸ ਪਾਰਟੀ ਨੂੰ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਰਹੇ ਹਨ ਕਿਉਂਕਿ ਆਮ ਆਦਮੀ ਪਾਰਟੀ ਦੀ ਸਰਕਾਰ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਸੂਬੇ ਦੇ ਸਾਰੇ ਵਰਗਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ। ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਰਵਿੰਦਰ, ਜਗਤਾਰ ਮਸੀਹ, ਸਿਕੰਦਰ, ਮਾਣ੍ਹੀ, ਸੁਖਵਿੰਦਰ, ਰਕੇਸ਼ ਕੁਮਾਰ, ਵਿਸ਼ਾਲ, ਅਭੀਸ਼ੇਕ, ਸਮੀਰ ਅਤੇ ਅਨਵਰ ਮਸੀਹ ਦੇ ਇਲਾਵਾ ਆਪ ਬਲਾਕ ਪ੍ਰਧਾਨ ਨਿਸ਼ਾਨ ਸਿੰਘ ਗੁੰਝੀਆਂ, ਬਲਾਕ ਪ੍ਰਧਾਨ ਬਲਬੀਰ ਸਿੰਘ, ਬਲਜੀਤ ਸਿੰਘ ਖਾਲਸਾ, ਪੰਕਜ ਬਹਿਰਾਮਪੁਰ, ਬੀਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਦਰਮੇਸ਼ ਪਾਲ, ਗੋਲਡੀ ਧਕਾਲਾ, ਮਨਦੀਪ ਸਿੰਘ ਸ਼ਮਸ਼ੇਰਪੁਰ, ਮੋਨੂੰ ਝਬਕਰਾ, ਸੁਖਰਾਜ ਅਤੇ ਹੈਪੀ ਵੀ ਹਾਜ਼ਰ ਸਨ।


**YES BANK**

Regd. Office: YES BANK House, Off Western Express Highway, Santacruz (East), Mumbai – 400055
Branch Office: YES BANK LIMITED.| B-XX 2427 – 928, 1st Floor, Gobind Nagar, Ferozepur Road, Ludhiana – 141001, website: www.yesbank.in

**[(ਰੂਲ-8 (1)] ਸੰਕੇਤਕ ਕਬਜ਼ਾ ਨੋਟਿਸ**

ਜਦਕਿ, ਨਿਮਨਹਸਤਾਖਰੀ ਨੇ ਯੈੱਸ ਬੈਂਕ ਲਿਮ: ਦੇ ਅਧਿਕਾਰਤ ਅਫਸਰ ਵਜੋਂ ਸਕਿਉਰਿਟਾਈਜੇਸ਼ਨ ਐਂਡ ਰੀਕੰਸਟਰੱਕਸ਼ਨ ਆਫ ਫਾਇਨੈਂਸ਼ੀਅਲ ਐੱਸਟਸ ਅਤੇ ਇਨਫੋਰਸਮੈਂਟ ਆਫ ਸਕਿਉਰਿਟੀ ਇੰਟਰੈੱਸਟ ਐਕਟ, 2002 (2002 ਦਾ 54) ਅਤੇ ਸਕਿਉਰਿਟੀ ਇੰਟਰੈਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 9 ਨਾਲ ਪੜ੍ਹੇ ਜਾਂਦੇ ਸੈਕਸ਼ਨ 13 (12) ਤਹਿਤ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਕਰਜ਼ਦਾਰ, ਰਹਿਣਕਾਰ ਅਤੇ ਗਰੰਟਰ ਨੂੰ ਨੋਟਿਸ 'ਚ ਦਰਸਾਈ ਰਕਮ ਅਤੇ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਖਰਚੇ, ਨੋਟਿਸ ਦੀ ਪ੍ਰਾਪਤੀ ਮਿਤੀ ਤੋਂ 60 ਦਿਨਾਂ ਦੇ ਅੰਦਰ ਵਾਪਸ ਮੋੜਨ ਲਈ ਡਿਮਾਂਡ ਨੋਟਿਸ ਜਾਰੀ ਕੀਤਾ ਸੀ।

ਕਰਜ਼ਦਾਰ ਅਤੇ ਗਰੰਟਰ ਪੂਰੀ ਰਕਮ ਵਾਪਸ ਮੋੜਨ 'ਚ ਅਸਫਲ ਰਹੇ ਹਨ। ਕਰਜ਼ਦਾਰਾਂ, ਗਰੰਟਰਾਂ ਅਤੇ ਆਮ ਜਨਤਾ ਨੂੰ ਨੋਟਿਸ ਦਿੱਤਾ ਜਾਂਦਾ ਹੈ ਕਿ ਨਿਮਨਹਸਤਾਖਰੀ ਨੇ ਹੇਠਾਂ ਦਰਸਾਈਆਂ ਜਾਇਦਾਦਾਂ ਦਾ ਰੂਲ 8 ਨਾਲ ਪੜ੍ਹੇ ਜਾਂਦੇ ਐਕਟ ਦੇ ਸੈਕਸ਼ਨ 13 (4) ਅਧੀਨ ਮਿਲੇ ਅਧਿਕਾਰਾਂ ਦੀ ਵਰਤੋਂ ਕਰਦਿਆਂ ਸੰਕੇਤਕ ਕਬਜ਼ਾ ਪ੍ਰਾਪਤ ਕਰ ਲਿਆ ਹੈ। ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਖਾਸ ਕਰਕੇ ਅਤੇ ਆਮ ਜਨਤਾ ਨੂੰ ਇਹਨਾਂ ਜਾਇਦਾਦਾਂ ਸੰਬੰਧੀ ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਤੋਂ ਖਬਰਦਾਰ ਕੀਤਾ ਜਾਂਦਾ ਹੈ, ਕਿਸੇ ਤਰ੍ਹਾਂ ਦੀ ਸੌਦੇਬਾਜ਼ੀ ਹੇਠ ਦਰਸਾਈ ਬਕਾਇਆ ਰਕਮ ਅਤੇ ਇਸ ਉੱਪਰ ਵਿਆਜ ਅਤੇ ਲਾਗਤਾਂ ਸਮੇਤ ਯੈੱਸ ਬੈਂਕ ਲਿਮ: ਦੀ ਵਸੂਲੀ ਹੇਠ ਹੋਵੇਗੀ।

ਉਪਲੱਬਧ ਸਮੇਂ 'ਚ ਸਕਿਉਰਡ ਐੱਸਟਸ ਦੇ ਪੁਨਰ ਗ੍ਰਹਿਣ ਲਈ ਕਰਜ਼ਦਾਰਾਂ ਦਾ ਧਿਆਨ ਐਕਟ ਦੇ ਸੈਕਸ਼ਨ 13 ਦੇ ਸਬ-ਸੈਕਸ਼ਨ (8) ਦੀਆਂ ਵਿਵਸਥਾਵਾਂ ਵੱਲ ਦਿਵਾਇਆ ਜਾਂਦਾ ਹੈ।

| ਐੱਨ ਪੀ ਏ ਖਾਤੇ ਦਾ ਨਾਂਅ | ਅਚੱਲ ਜਾਇਦਾਦ ਦਾ ਵੇਰਵਾ | 13 (2) ਨੋਟਿਸ ਮਿਤੀ | ਕਬਜ਼ੇ ਦੀ ਮਿਤੀ | ਬਕਾਇਆ ਰਕਮ |
|---|---|---|---|---|
| (1) ਘਾਰਾ ਬ੍ਰਦਰਜ਼ ਸੁਪਰ ਮਾਰਕਿਟ ਰਾਹੀਂ ਇਸ ਦੇ ਭਾਈਵਾਲਾਂ ਪਤਾ : ਪਿੰਡ ਚਾਨਚੱਕ ਚਾਨਚੱਕ, ਕਪੂਰਥਲਾ, ਪਿੰਨ ਕੋਡ : 144622 ਨਾਲ ਹੀ : ਗਰਾਊਂਡ ਫਲੋਰ 32/102 ਨੇੜੇ ਤਹਿਸੀਲ ਸਾਹਮਣੇ ਬੱਸ ਸਟੈਂਡ ਕਰਤਾਰਪੁਰ ਰੋਡ ਭੁਲੱਥ ਕਪੂਰਥਲਾ ਪੰਜਾਬ-144622 (2) ਸ੍ਰੀ ਸੁਖਜਿੰਦਰ ਸਿੰਘ ਮਾਰਫਤ ਅਮਰ ਸਿੰਘ ਪਤਾ : ਪਿੰਡ ਚਾਨਚੱਕ ਚਾਨਚੱਕ ਕਪੂਰਥਲਾ ਪਿੰਨ ਕੋਡ 144622, ਨਾਲ ਹੀ : ਚਾਨਚੱਕ ਭੁਲੱਥ ਕਪੂਰਥਲਾ ਪੰਜਾਬ-144622 (3) ਸ੍ਰੀ ਜਰਨੈਲ ਸਿੰਘ ਪੁੱਤਰ ਅਮਰ ਸਿੰਘ ਪਤਾ : ਪਿੰਡ ਚਾਨਚੱਕ, ਚਾਨਚੱਕ ਕਪੂਰਥਲਾ ਪਿੰਨ ਕੋਡ 144622, ਨਾਲ ਹੀ : ਚਾਨਚੱਕ ਭੁਲੱਥ ਕਪੂਰਥਲਾ ਪੰਜਾਬ-144622 (4) ਸ੍ਰੀਮਤੀ ਮਨਜੀਤ ਕੌਰ ਪਤਨੀ ਸੁਖਜਿੰਦਰ ਸਿੰਘ ਪਤਾ : ਪਿੰਡ ਚਾਨਚੱਕ ਚਾਨਚੱਕ ਕਪੂਰਥਲਾ ਪਿੰਨ ਕੋਡ 144622, ਨਾਲ ਹੀ : ਪਿੰਡ ਚਾਨਚੱਕ ਭੁਲੱਥ ਕਪੂਰਥਲਾ ਪੰਜਾਬ-144622 | ਗੈਰ-ਖੇਤੀਬਾੜੀ ਵਾਲੀ ਜਾਇਦਾਦ ਰਕਬਾ 8 ਮਰਲੇ, ਵਾਕਿਆ ਰਕਬਾ ਸਿਧਵਾਂ, ਖਸਰਾ ਨੰ. 21//2/2/1-6, 22/1/1-16, 18//1/2/2/ 0-6, 2/1/2/0-8 ਕਿੱਤੇ 4, ਸਿਧਵਾਂ ਚਾਨਚੱਕ, ਤਹਿਸੀਲ ਭੁਲੱਥ, ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਉੱਤਰ : ਅਜੀਤ ਸਿੰਘ, ਦੱਖਣ : ਸ਼ਿਵਦੇਵ ਸਿੰਘ, ਪੂਰਬ : ਚੰਚਲ ਸਿੰਘ, ਪੱਛਮ : ਗਲੀ। ਰਹਿਣਕਾਰ : ਸ੍ਰੀਮਤੀ ਮਨਜੀਤ ਕੌਰ ਪਤਨੀ ਸੁਖਜਿੰਦਰ ਸਿੰਘ | 01.09.2023 | 20.12.2023 | 28 ਅਗਸਤ 23 ਨੂੰ ਰੁਪਏ 51,80,504.78/- ਸਮੇਤ 20 ਦਸੰਬਰ 2023 ਤੋਂ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ |
| (1) ਸ੍ਰੀਮਤੀ ਜਸਵਿੰਦਰ ਕੌਰ ਪਤਨੀ ਸੋਢੀ ਲਾਲ ਪਤਾ : ਮਕਾਨ ਨੰ. 349, ਸਟਰੀਟ ਨੰ. 13, ਸੰਤੋਖਪੁਰਾ, ਫਗਵਾੜਾ, ਕਪੂਰਥਲਾ ਪੰਜਾਬ-144401 (2) ਸ੍ਰੀ ਜਸਕਰਨ ਪੁੱਤਰ ਸੋਢੀ ਲਾਲ ਪਤਾ : ਮਕਾਨ ਨੰ. 349, ਸਟਰੀਟ ਨੰ. 13, ਸੰਤੋਖਪੁਰਾ, ਫਗਵਾੜਾ, ਕਪੂਰਥਲਾ ਪੰਜਾਬ-144401 | ਰਿਹਾਇਸ਼ੀ ਜਾਇਦਾਦ ਰਕਬਾ 10 ਮਰਲੇ, ਖਸਰਾ ਨੰ. 248/1-18, 249/7-0, 251/7-13, 411/5-0, 412/4-6, 413/5-2, 416/4-11, 417/4-9, 418/4-9, 425/0-15, ਸਤਨਾਮਪੁਰਾ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਉੱਤਰ : ਜਸਵੰਤ ਸਿੰਘ, ਦੱਖਣ : ਹਰਭਜਨ, ਪੂਰਬ : ਰਸਤਾ, ਪੱਛਮ : ਹੋਰ। ਰਹਿਣਕਾਰ : ਸ੍ਰੀਮਤੀ ਜਸਵਿੰਦਰ ਕੌਰ ਪਤਨੀ ਸੋਢੀ ਲਾਲ। | 01.09.2023 | 20.12.2023 | 28 ਅਗਸਤ 23 ਨੂੰ ਰੁਪਏ 39,05,006.58/- ਸਮੇਤ ਇਸ ਉਪਰ 20 ਦਸੰਬਰ 2023 ਤੋਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ |
| (1) ਸ੍ਰੀ ਜਸਵਿੰਦਰ ਸਿੰਘ ਮੰਡ ਪੁੱਤਰ ਸੇਵਾ ਸਿੰਘ ਮੰਡ ਪਤਾ : ਪਿੰਡ ਚਾਚੋਕੀ ਚਾਚੋਕੀ, ਕਪੂਰਥਲਾ ਪੰਜਾਬ-144632 (2) ਸ੍ਰੀਮਤੀ ਸੁਰਿੰਦਰ ਕੌਰ ਮੰਡ ਪਤਨੀ ਸੇਵਾ ਸਿੰਘ ਪਤਾ : ਪਿੰਡ ਨੇੜੇ ਭਾਰਾ ਹਸਪਤਾਲ ਚਾਚੋਕੀ ਚਾਚੋਕੀ ਕਪੂਰਥਲਾ ਪੰਜਾਬ-144632 | ਜ਼ਮੀਨ ਰਕਬਾ 4 ਮਰਲੇ, ਜੋ ਕਿ ਇੱਕ ਮਰਲਾ, ਇੱਕ ਕਨਾਲ 16 ਮਰਲੇ ਦਾ 1/35 ਹਿੱਸਾ ਹੈ, ਖਸਰਾ ਨੰ. 745/1-16, ਕਿੱਤੇ 1, ਖੱਤਾ ਨੰ. 417/621 ਅਤੇ 3 ਮਰਲੇ, ਜੋ ਕਿ 2 ਕਨਾਲ 13 ਮਰਲੇ ਦਾ 2/35 ਹਿੱਸਾ ਹੈ। ਖਸਰਾ ਨੰ. 755/2-10, 1601/754/0-3, ਕਿੱਤੇ 2, ਖੱਤਾ ਨੰ. 415/619, ਚਾਚੋਕੀ, ਤਹਿਸੀਲ ਫਗਵਾੜਾ, ਜ਼ਿਲ੍ਹਾ ਕਪੂਰਥਲਾ ਨਾਲ ਸੰਬੰਧਤ ਸਭ ਕੁੱਝ। ਹੱਦਾਂ : ਉੱਤਰ : ਸੜਕ, ਦੱਖਣ : ਮਾਲਕ ਦੀ ਜਾਇਦਾਦ, ਪੂਰਬ : ਸੜਕ, ਪੱਛਮ : ਹੋਰ। ਰਹਿਣਕਾਰ : ਸ੍ਰੀ ਜਸਵਿੰਦਰ ਸਿੰਘ ਮੰਡ ਪੁੱਤਰ ਸੇਵਾ ਸਿੰਘ ਮੰਡ। | 24.07.2023 | 20.12.2023 | 24 ਜੁਲਾਈ 2023 ਨੂੰ ਰੁਪਏ 18,92,527.41/- ਸਮੇਤ ਇਸ ਉਪਰ 20 ਦਸੰਬਰ 2023 ਤੋਂ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ |
| (1) ਸ੍ਰੀ ਦਵਿੰਦਰ ਸਿੰਘ ਪੁੱਤਰ ਸ੍ਰੀ ਗਿਆਨ ਸਿੰਘ ਪਤਾ : ਮਕਾਨ ਨੰ. 7817/6 ਗਲੀ ਨੰ. 19, ਨਿਊ ਗੁਰੂ ਅੰਗਦ ਦੇਵ ਕਾਲੋਨੀ ਜਨਤਾ ਨਗਰ, ਲੁਧਿਆਣਾ-141003 (2) ਸ੍ਰੀ ਬਲਜੀਤ ਕੌਰ ਪਤਨੀ ਗਿਆਨ ਸਿੰਘ ਪਤਾ : ਮਕਾਨ ਨੰ. 7817/6 ਗਲੀ ਨੰ. 19, ਨਿਊ ਗੁਰੂ ਅੰਗਦ ਦੇਵ ਕਾਲੋਨੀ ਜਨਤਾ ਨਗਰ, ਲੁਧਿਆਣਾ-141003 (3) ਸ੍ਰੀਮਤੀ ਮਾਇਆ ਮਾਧੁਰੀ ਵਾਰਾ ਪਤਨੀ ਸ੍ਰੀ ਦਵਿੰਦਰ ਸਿੰਘ ਪਤਾ : ਮਕਾਨ ਨੰ. 7817/6 ਗਲੀ ਨੰ. 19, ਨਿਊ ਗੁਰੂ ਅੰਗਦ ਦੇਵ ਕਾਲੋਨੀ ਜਨਤਾ ਨਗਰ, ਲੁਧਿਆਣਾ-141003 | ਜਾਇਦਾਦ ਰਕਬਾ 121.33 ਵਰਗ ਗਜ਼, ਖਸਰਾ ਨੰ. 637-651, ਖੱਤਾ ਨੰ. 1075/1619, ਜਮ੍ਹਾਂਬੰਦੀ ਸਾਲ 1985-86 ਖੱਤਾ ਨੰ. 1308/1791-1309/1792, ਸਫਾ ਨੰ. 1661-1669, ਜਮ੍ਹਾਂਬੰਦੀ ਸਾਲ 2010-2011, ਪਿੰਡ ਗਿੱਲ ਨੰ. 2, ਹਦਬਸਤ ਨੰ. 263, ਤਹਿਸੀਲ ਅਤੇ ਜ਼ਿਲ੍ਹਾ ਲੁਧਿਆਣਾ ਨਾਲ ਸੰਬੰਧਤ ਸਭ ਕੁੱਝ ਹੱਦਾਂ : ਪੱਛਮ : ਗੁਆਂਢ, ਉੱਤਰ : ਦਲਬੀਰ ਸਿੰਘ, ਪੂਰਬ : ਗਲੀ, ਦੱਖਣ : ਕੰਚਨ ਸਿੰਘ ਰਹਿਣਕਾਰ : ਸ੍ਰੀਮਤੀ ਬਲਜੀਤ ਕੌਰ ਪਤਨੀ ਸ੍ਰੀ ਗਿਆਨ ਸਿੰਘ | 21.09.2023 | 22.12.2023 | 20 ਸਤੰਬਰ 23 ਨੂੰ ਰੁਪਏ 17,95,641.22/- ਸਮੇਤ 22 ਦਸੰਬਰ 2023 ਤੋਂ ਇਸ ਉਪਰ ਭਵਿੱਖੀ ਵਿਆਜ ਅਤੇ ਹੋਰ ਚਾਰਜਿਜ਼ |

ਮਿਤੀ : 26 ਦਸੰਬਰ 2023
ਸਥਾਨ : ਪੰਜਾਬ

ਵਾਸਤੇ ਯੈੱਸ ਬੈਂਕ ਲਿਮਟਿਡ
ਸ੍ਰੀ ਗੌਰਵ ਮਹਾਜਨ
ਅਧਿਕਾਰਤ ਅਫਸਰ


# ਕਲਾਸੀਫਾਈਡ ਇਸ਼ਤਿਹਾਰ


## Public Notice

I, Aarti Gupta D/o Om Parkash Gupta R/o 372, Kacha Dalip Nagar, Mandi Gobindgarh, Po- Mandi Gobindgarh, Distt- Fatehgarh Sahib, Punjab- 147301. Declare that Name of Mine & My Father and My Mother has been wrongly written as Aarty Rani & Om Prkash and Rita Devi in my 10th Class Certificate. The actual name of Mine & My Father and My Mother are Aarti Gupta & Om Parkash Gupta and Meera Devi, which may be amended accordingly. All Please Note.

## ਆਮ ਸੂਚਨਾ

ਰਾਮ ਸਿੰਘ ਪੁੱਤਰ ਬੀਰ ਸਿੰਘ, ਪਿੰਡ ਬਾਦਸ਼ਾਹਪੁਰ ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ.ਐਨ-392 ਏ.ਪੀ (17.5 ਹਾਰਸਪਾਵਰ) ਨੂੰ ਸੁਖਵਿੰਦਰ ਸਿੰਘ ਪੁੱਤਰ ਰਾਮ ਸਿੰਘ, ਪਿੰਡ ਬਾਦਸ਼ਾਹਪੁਰ ਹਾਲ ਅਬਾਦ ਜੀਰਕਪੁਰ ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਦਿਹਾਤੀ ਧੂਰੀ ਦੇ ਇਤਰਾਜ ਪੇਸ਼ ਕਰੇ।

ਰਾਮ ਸਿੰਘ ਪੁੱਤਰ ਬੀਰ ਸਿੰਘ, ਪਿੰਡ ਬਾਦਸ਼ਾਹਪੁਰ ਦੇ ਨਾਮ ਚੱਲਦੇ ਮੋਟਰ ਕੁਨੈਕਸ਼ਨ ਖਾਤਾ ਨੰਬਰ ਏ.ਐਨ-433 ਏ.ਪੀ (17.5 ਹਾਰਸਪਾਵਰ) ਨੂੰ ਸੁਖਵਿੰਦਰ ਸਿੰਘ ਪੁੱਤਰ ਰਾਮ ਸਿੰਘ, ਪਿੰਡ ਬਾਦਸ਼ਾਹਪੁਰ ਹਾਲ ਅਬਾਦ ਜੀਰਕਪੁਰ ਨੇ ਆਪਣੇ ਨਾਮ ਤਬਦੀਲ ਕਰਵਾਉਣ ਲਈ ਅਪਲਾਈ ਕੀਤਾ ਹੈ। ਇਤਰਾਜੀ 15 ਦਿਨਾਂ ਅੰਦਰ ਐੱਸ.ਡੀ.ਓ, ਪਾਵਰਕਾਮ, ਉਪ ਮੰਡਲ ਦਿਹਾਤੀ ਧੂਰੀ ਦੇ ਇਤਰਾਜ ਪੇਸ਼ ਕਰੇ।

## ਬੇਦਖਲੀ ਨੋਟਿਸ

ਮੈਂ, ਬਲਵੀਰ ਸਿੰਘ ਪੁੱਤਰ ਜਰਨੈਲ ਸਿੰਘ ਵਾਸੀ ਪਿੰਡ ਜੌੜਾ, ਤਹਿਸੀਲ ਤੇ ਜ਼ਿਲ੍ਹਾ ਤਰਨ ਤਾਰਨ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਨਰਿੰਦਰਜੀਤ ਸਿੰਘ ਅਤੇ ਨੂੰਹ ਰਮਨਦੀਪ ਕੌਰ, ਜੋ ਮੇਰੇ ਕਹਿਣੇ ਵਿੱਚ ਨਹੀਂ ਹਨ। ਇਸ ਲਈ ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਆਪਣੇ ਨਫੇ-ਨੁਕਸਾਨ ਦਾ ਖੁਦ ਜ਼ਿੰਮੇਵਾਰ ਹੋਵੇਗਾ। ਸੰਬੰਧਤ ਨੋਟ ਕਰਨ। (ਨਾਰੰਗ)

ਮੈਂ ਧਰਮ ਪਾਲ ਪੁੱਤਰ ਰਾਮ ਸਲਾਮ ਦਾਸ ਵਾਸੀ ਮਕਾਨ ਨੰਬਰ. 262, ਮੁਹੱਲਾ ਪ੍ਰੇਮ ਨਗਰ, ਦਾਰਾ ਸਲਾਮ ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਪੁੱਤਰ ਟੀਂਕਾ ਸਰਮਾ ਅਤੇ ਇਸਦੀ ਪਤਨੀ ਨੀਤੂ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦੇ ਹਨ । ਮੈਂ ਇਹਨਾਂ ਦੋਵਾਂ ਨੂੰ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ । ਮੇਰਾ ਅਤੇ ਮੇਰੇ ਪਰਿਵਾਰ ਦਾ ਇਹਨਾਂ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ । ਸੰਬੰਧਤ ਨੋਟ ਕਰਨ।

ਮੈਂ ਸੁਭਾਸ ਚੰਦਰ ਪੁੱਤਰ ਖਜਾਨ ਚੰਦ ਵਾਸੀ ਮਕਾਨ ਨੰਬਰ: 1253 ਬੀ/5, ਚੰਦਰ ਨਗਰ, ਬਟਾਲਾ, ਤਹਿਸੀਲ ਬਟਾਲਾ, ਜ਼ਿਲ੍ਹਾ ਗੁਰਦਾਸਪੁਰ। ਮੇਰਾ ਲੜਕਾ ਰਾਜੇਸ ਕੁਮਾਰ ਮੇਰੇ ਕਹਿਣੇ ਸੁਣਨੇ ਤੋਂ ਬਾਹਰ ਹੈ ਅਤੇ ਆਪਣੀ ਮਨਮਰਜ਼ੀ ਕਰਦਾ ਹੈ। ਮੈ ਆਪਣੇਂ ਲੜਕੇ ਰਾਜੇਸ ਕੁਮਾਰ ਨੂੰ ਆਪਣੀ ਚਲ ਅੱਚਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ, ਲੈਣ ਦੇਣ ਕਰਨ ਵਾਲੇ ਖੁਦ ਜ਼ਿੰਮੇਵਾਰ ਹੋਣਗੇ। ਮੇਰਾ ਅਤੇ ਮੇਰੇ ਪਰਿਵਾਰ ਦਾ ਇਸ ਨਾਲ ਕੋਈ ਤਲਕ ਵਾਸਤਾ ਨਹੀਂ ਰਿਹਾ । ਸੰਬੰਧਤ ਨੋਟ ਕਰਨ।

ਮੈਂ, ਰਾਜੂ ਪੁੱਤਰ ਸ੍ਰੀ ਰਾਮ ਅੱਵਧ ਵਾਸੀ ਪਿੰਡ ਦਿਆਲਪੁਰ, ਡਾਕਖਾਨਾ ਬੇਗੋਵਾਲ, ਜ਼ਿਲ੍ਹਾ ਅੰਮ੍ਰਿਤਸਰ ਸੂਚਿਤ ਕਰਦਾ ਹਾਂ ਕਿ ਮੇਰਾ ਲੜਕਾ ਵੀਰੂ ਵਲਰਮਾ ਅਤੇ ਉਸਦੀ ਪਤਨੀ ਕਾਲਜਦੀਪ ਕੌਰ ਮੇਰੇ ਕਹਿਣੇ ਤੋਂ ਬਾਹਰ ਹਨ। ਮੈਂ ਇਨ੍ਹਾਂ ਨੂੰ ਆਪਣੀ ਚੱਲ-ਅਚੱਲ ਜਾਇਦਾਦ ਤੋਂ ਬੇਦਖਲ ਕਰਦਾ ਹਾਂ। ਇਨ੍ਹਾਂ ਨਾਲ ਲੈਣ-ਦੇਣ ਕਰਨ ਵਾਲਾ ਖੁਦ ਜ਼ਿੰਮੇਵਾਰ ਹੋਵੇਗਾ। ਮੇਰਾ ਅਤੇ ਮੇਰੇ ਪਰਵਾਰ ਦਾ ਇਨ੍ਹਾਂ ਨਾਲ ਕੋਈ ਤਾਲੁਕ ਵਾਸਤਾ ਨਹੀਂ ਹੈ।

## ਨਾਂਅ ਦੀ ਬਦਲੀ

ਕੰਚਨ ਸਹੋਤਰਾ ਪਤਨੀ ਵਿਜੇ ਪ੍ਰੇਮ ਸਾਗਰ ਸਹੋਤਰਾ ਵਾਸੀ ਮਕਾਨ ਨੰਬਰ. 218-ਏ, ਗਲੀ ਨੰ. 6, ਨੇੜੇ ਓਬਰਾਏ ਮੈਡੀਕਲ ਸਟੋਰ, ਬਾਬਾ ਬੁੱਢਾ ਜੀ ਇਨਕਲੇਵ, ਦਕੋਹਾ, ਜਲੰਧਰ-144023, ਪੰਜਾਬ, ਭਾਰਤ ਨੇ ਆਪਣਾ ਨਾਮ ਕੰਚਨ ਦੇਵੀ ਤੋਂ ਬਦਲ ਕੇ ਕੰਚਨ ਸਹੋਤਰਾ ਰੱਖ ਲਿਆ ਹੈ। ਸਾਰੇ ਸੰਬੰਧਤ ਕਿਰਪਾ ਕਰਕੇ ਨੋਟ ਕਰੋ।

ਮੈਂ, ਮਨਪ੍ਰੀਤ ਸਿੰਘ ਸ਼ੇਰਗਿੱਲ ਪੁੱਤਰ ਸੁਖਦੇਵ ਸਿੰਘ ਵਾਸੀ ਗਲੀ ਨੰ. 12, ਬੀੜ ਰੋਡ ਬਠਿੰਡਾ ਨੇ ਆਪਣਾ ਨਾਂਅ ਬਦਲ ਕੇ ਮਨਪ੍ਰੀਤ ਸਿੰਘ ਰੱਖ ਲਿਆ ਹੈ।

## Change of Name

I Vishali Salaria W/o Akash Mahajan R/o H.No. 38 Surya Vihar, near DAV college, Jalandhar-144008 have changed my name from Vishali Salaria to Vishali Mahajan , after marriage. (Surname as Mahajan).

I, Sukhdev Singh S/o Sawinder Singh R/o H.No. 11, Golden Avenue, Maqsudan, Jalandhar-144008, Punjab have changed my name to Sukhdev Singh Randhawa.

I Nirmaljit Wife Of Bharwinder Kumar R/O Hno 229 Nai Abadi Jallowal Po Model Town Jalandhar Punjab Have Changed My Name Nirmaljit To Jit Nirmal, Surname - Jit, Name - Nirmal

I Nirmaljit Wife Of Bharwinder Kumar R/O Hno 229 Nai Abadi Jallowal Po Model Town Jalandhar Punjab Have Changed My Name Nirmaljit To Jit Nirmal, (Last Name) Surname - Jit, (First Name) Name - Nirmalna

I, Sweety W/o Gaurav Dhawan R/o H No 108, Nagar Nigam Colony, Outside Gilwali Gate, Amritsar have changed my name from Sweety to Sweety Dhawan after Marriage .

I Gurbir Singh S/O Sadhu Singh R/O Vill. Rakh Nag, Po Nag Kalan, Amritsar Have Changed The Name Of My Minor Son From Arshdeep Singh To Arshdeep Singh Sangha.

I, Jatinder Kaur Bhandari W/o Onkar Monga R/o H.NO.120,Street No.4, Kanshi Nagari, Ferozepur 152002 have changed my name from Jatinder Kaur Bhandari to Jatinder Kaur Monga. After Marriage

I Sukhwinder Kumar S/O Bhagwan Dass R/O Gali Baba Ram Dial O/S Kasuri Gate Ferozepur Have Cahnged My Name To Sukhwinder Khanna

I, Gagandeep Singh S/o Jagtar Singh R/o Village Kotla Majhewala Tehsil Majitha District Amritsar have changed my name Gagandeep is my Given name and Singh is my Surname

I,Sawinderjit Singh S/O Rawel Singh R/O Village Udhoke Kalan,Tehsil Baba Bakala,Distt.Amritsar,Punjab have changed my name to Sawinderjit as my Given name and Singh as my Surname.Concerned note .

I,Veeru Kumar S/O Chuni Lal R/O 4/348,Gali No.5,Krishna Nagar,Jaura Fatak,Amritsar,Punjab have changed my name from Veeru Kumar to Veeru.Concerned note.

I, Nisha Rani W/o Manish Kumar Aeri R/o VPO Parsowal Tehsil Garhshankar Distt. Hoshiarpur Punjab have changed my name from Nisha Rani to Nisha Rani Aeri. Concerned note.

I, Mr. Nirmal Singh S/o Gurbachan Singh Bhatti R/o H.No. 27/28/10, Ranjit Nagar Adampur, Distt. Jalandhar 144102 Punjab have changed my name from Nirmal Singh to Nirmal Singh Bhatti. Concerned note.

## Change of Name

I, Kirti w/o Kewal Krishan Guglani r/o H.No. 68, Durga Colony, Jalandhar, Punjab have changed my name from Kirti to Kirti Guglani. All Please Note.

I, Joginder Paul S/o Yog Dhian R/o H.No. W.J-178, Dabbi Pura, Basti Guzan, Jalandhar-144001, Punjab have changed my name from Joginder Paul to Joginder Pal. All Please Note.

I, Harnish S/o Harbans Lal R/o VPO. Raipur Dabba, Nawanshahr, SBS Nagar, Punjab- 144511, have changed my name and shall hereafter be Known as Harnish Banger. All Please Note.

I, Harpreet S/o Harbans Lal Raipuri R/o Raipur Dabba, Teh. Nawanshahr, S B S Nagar, Punjab-144511, have changed my name and shall hereafter be Known as Harpreet Harry. All Please Note.

I, Navneet Kaur D/o Sanjeev Kumar R/o Village Singhpur, Po. Nurpur Bedi, Tehsil Anandpur Sahib, Singhpur, Rupnagar, Punjab- 140117. Declare that name of my father has been wrongly written as Sanjeev Singh in my 10th Class Certificate and 12th Class Certificate. The actual name of my father is Sanjeev Kumar, which may be amended accordingly.

I, Manish S/o Kulwinder Singh R/o P.O. Jadla, Uttal, Nawanshahr, Punjab- 144515, have changed my name and shall hereafter be Known as Manish Singh. All Please Note.

I, Lakhwinder Singh Kooner S/o Sadhu Singh R/o VPO. Daduwal, Distt. Jalandhar-144032, Punjab have changed my name from Lakhwinder Singh Kooner To Lakhwinder Singh. All Please Note.

I, Manjit Kaur W/o Jagdish Kumar R/o Village Pandori Raj Puttan, Po. Kangniwal, Distt. Jalandhar, Punjab have changed my minor daughter name from Sanjna to Sanjna Kumari. All Please Note.

I, Satish Ghai s/o Gujjar Mall r/o B3/162, 20, Mutiar Pura Mohalla Mehli Gate, Phagwara, Distt. Kapurthala (Punjab) declare that Satish Ghai and Satish Kumar both are my names & one and the same person. All Please Note.

I, Monika Ghai w/o Satish Ghai r/o H.No. B3/162, 20, Mutiar Pura Mohalla Mehli Gate, Phagwara Distt. Kapurthala (Punjab) declare that Monika Ghai and Monika both are my names & one and the same person. All Please Note.

I Malkit kaur w/o Harvinder Paul R/o H.No 4260,Bouli wala Mohalla ,Kartarpur jalandhar declare that Malkit kaur and Malkeet kaur are my correct Names and are one and the same person.

I, Sukhdev Singh S/O Jarnail Singh R/O Plot No. 48, Gali No. 2, New Ranjitpura, Chheharta, Amritsar Have Changed My Name Sukhdev Singh Sekhon To Sukhdev Singh. Please Concern Note.

I, Mr. Balbir Lal S/o Anant Ram R/o Vill. Arjanwal, PO Adampur Doaba, Jalandhar 144102 Punjab have changed my name from Balbir Lal to Balvir Lal. Concerned note.


## ਇਸ਼ਤਿਹਾਰਾਂ ਸੰਬੰਧੀ ਜ਼ਰੂਰੀ ਬੇਨਤੀ

'ਨਵਾਂ ਜ਼ਮਾਨਾ' ਅਖਬਾਰ ਵਿੱਚ ਛਪੇ ਇਸ਼ਤਿਹਾਰਾਂ (ਡਿਸਪਲੇ/ ਕਲਾਸੀਫਾਈਡ) ਦੇ ਤੱਥਾਂ ਤੇ ਦਾਅਵਿਆਂ ਦੀ ਜ਼ਿੰਮੇਵਾਰੀ ਨਹੀਂ ਲੈਂਦਾ। ਸਾਡਾ ਅਖਬਾਰ ਇਹਨਾਂ ਨੂੰ ਤਸਦੀਕ ਨਹੀਂ ਕਰਦਾ। ਪਾਠਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਇਹਨਾਂ ਇਸ਼ਤਿਹਾਰਾਂ 'ਤੇ ਕਾਰਵਾਈ ਤੇ ਭਰੋਸੇ ਤੋਂ ਪਹਿਲਾਂ ਤੱਥਾਂ ਦੀ ਪੁਸ਼ਟੀ ਕਰ ਲੈਣ।

# ਪਾਬਲਾ ਨੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਲੀ ਬੱਸ ਨੂੰ ਦਿਖਾਈ ਹਰੀ ਝੰਡੀ



ਹੁਸ਼ਿਆਰਪੁਰ ( ਓ ਪੀ ਰਾਣਾ, ਬਲਵੀਰ ਸਿੰਘ ਸੈਣੀ) ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੁੱਖ ਮੰਤਰੀ ਤੀਰਥ ਯਾਤਰਾ ਸਕੀਮ' ਤਹਿਤ ਡਾਇਰੈਕਟਰ ਪੰਜਾਬ ਸਟੇਟ ਕੰਟੇਨਰ ਐਂਡ ਵੇਅਰਹਾਊਸ ਕਾਰਪੋਰੇਸ਼ਨ ਗੁਰਵਿੰਦਰ ਸਿੰਘ ਪਾਬਲਾ ਨੇ ਮਾਤਾ ਨੈਨਾ ਦੇਵੀ, ਸ਼੍ਰੀ ਅਨੰਦਪੁਰ ਸਾਹਿਬ, ਮਾਤਾ ਚਿੰਤਪੁਰਨੀ ਅਤੇ ਮਾਤਾ ਜਵਾਲਾ ਦੇਵੀ ਦੇ ਦਰਸ਼ਨਾਂ ਲਈ ਜਾਣ ਵਾਲੀ ਬੱਸ ਨੂੰ ਹਰੀ ਝੰਡੀ ਦਿਖਾ ਕੇ ਰਵਾਨਾ ਕੀਤਾ। ਡਾਇਰੈਕਟਰ ਪੰਜਾਬ ਸਟੇਟ ਕੰਟੇਨਰ ਐਂਡ ਵੇਅਰਹਾਊਸ ਕਾਰਪੋਰੇਸ਼ਨ ਨੇ ਕਿਹਾ ਕਿ ਬਹੁਤ ਹੀ ਖੁਸ਼ੀ ਦਾ ਦਿਨ ਹੈ ਕਿ ਸ਼ਾਮਚੁਰਾਸੀ ਵਿਧਾਨ ਸਭਾ ਹਲਕੇ ਦੇ ਲੋਕਾਂ ਤੀਰਥ ਸਥਾਨਾਂ ਦੇ ਦਰਸ਼ਨਾਂ ਲਈ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸੂਬੇ ਦੀ ਜਨਤਾ ਨਾਲ ਜੋ ਵਾਅਦੇ ਕੀਤੇ ਸਨ, ਉਨ੍ਹਾਂ ਨੂੰ ਨਿਭਾਇਆ ਹੈ। ਉਨ੍ਹਾਂ ਪੰਜਾਬ ਵਾਸੀਆਂ ਨੂੰ ਤੀਰਥ ਯਾਤਰਾ ਕਰਵਾਉਣ ਦਾ ਵਾਅਦਾ ਵੀ ਕੀਤਾ ਸੀ, ਜਿਸ ਨੂੰ ਪੂਰਾ ਕੀਤਾ ਹੈ ਅਤੇ ਪੂਰੇ ਸੂਬੇ ਤੋਂ ਲੋਕ ਵੱਖ-ਵੱਖ ਤੀਰਥ ਸਥਾਨਾਂ ਦੇ ਦਰਸ਼ਨਾ ਲਈ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਇਸ ਸਕੀਮ ਤਹਿਤ ਯਾਤਰਾ 'ਤੇ ਜਾਣ ਵਾਲੇ ਯਾਤਰੀਆਂ ਦਾ ਖਰਚਾ ਪੰਜਾਬ ਸਰਕਾਰ ਕਰੇਗੀ, ਜਿਸ ਵਿਚ ਉਨ੍ਹਾਂ ਦੇ ਆਣ-ਜਾਣ, ਠਹਿਰਨ ਤੇ ਖਾਣ-ਪੀਣ ਦਾ ਸਾਰਾ ਖਰਚਾ ਸ਼ਾਮਲ ਹੈ।

# ਨੈਸ਼ਨਲ ਗੇਮਜ਼ ਅਥਲੈਟਿਕਸ ਦਾ ਆਯੋਜਨ



ਜਗਰਾਉਂ (ਨਛੱਤਰ ਸੰਧੂ)-ਏ.ਵੀ ਨੈਸ਼ਨਲ ਗੇਮਸ ਅਥਲੈਟਿਕਸ ਦਾ ਪੁਲਸ ਡੀ.ਏ.ਵੀ ਸਕੂਲ, ਲੁਧਿਆਣਾ ਵਿਖੇ ਆਯੋਜਨ ਕੀਤਾ ਗਿਆ, ਜਿਸ 'ਚ ਡੀ.ਏ.ਵੀ ਸੈਂਟਨਰੀ ਪਬਲਿਕ ਸਕੂਲ ਦੇ ਵਿਦਿਆਰਥੀਆਂ ਨੇ ਬੜੇ ਜੋਸ਼ ਨਾਲ ਭਾਗ ਲਿਆ। ਪ੍ਰਿੰਸੀਪਲ ਸਾਹਿਬ ਸ੍ਰੀ ਵੇਦ ਵਰਤ ਪਲਾਹ ਨੇ ਦੱਸਿਆ ਕਿ ਸਕਸ਼ਮ ਜੈਨ ਨੇ 100 ਮੀਟਰ ਰੇਸ ਵਿੱਚ ਸਿਲਵਰ ਮੈਡਲ, ਸੁਖਮਨ ਲਾਲ ਨੇ 400 ਮੀਟਰ ਰੇਸ ਵਿੱਚ ਸਿਲਵਰ ਮੈਡਲ ਜਿੱਤਿਆ। ਰੀਲੇਅ ਰੇਸ ਵਿੱਚ ਸਕਸ਼ਮ ਜੈਨ, ਸੁਖਮਨ ਲਾਲ, ਗੁਰਸ਼ਾਨ ਦੀਪ ਸਿੰਘ, ਆਸ਼ੂਤੋਸ਼ ਨੇ ਸਿਲਵਰ ਮੈਡਲ ਪ੍ਰਾਪਤ ਕੀਤਾ। ਅਮਰਿੰਦਰ ਜੀਤ ਸਿੰਘ ਨੇ ਸ਼ਾਟਪੁੱਟ ਰੇਸ ਵਿੱਚ ਸਿਲਵਰ ਮੈਡਲ ਪ੍ਰਾਪਤ ਕੀਤਾ। ਵਿਦਿਆਰਥੀਆਂ ਦੀ ਜਿੱਤ 'ਤੇ ਪ੍ਰਿੰਸੀਪਲ ਨੇ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਤੇ ਭਵਿੱਖ ਵਿੱਚ ਵੀ ਹੋਰ ਮਿਹਨਤ ਕਰਨ ਲਈ ਪ੍ਰੇਰਤ ਕੀਤਾ।

# ਛੱਤਬੀੜ ਜੂ ਤੇ ਚੱਪੜਚਿੜੀ ਦਾ ਵਿਦਿਅਕ ਟੂਰ ਕਰਾਇਆ




ਮਾਛੀਵਾੜਾ ਸਾਹਿਬ (ਜਗਦੀਸ਼ ਰਾਏ, ਸ਼ੈਂਕੀ ਸ਼ਰਮਾ)

ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਦੇ ਵਿਦਿਆਰਥੀਆਂ ਦਾ ਵਿਦਿਅਕ ਟੂਰ ਲੈ ਕੇ ਗਏ, ਜਿਸ ਵਿੱਚ ਵਿਦਿਆਰਥਨਾਂ ਨੂੰ ਚੱਪੜਚਿੜੀ ਅਤੇ ਛੱਤ ਬੀੜ ਜੂ ਦਾ ਦੌਰਾ ਕਰਾਇਆ ਗਿਆ। ਇਸ ਸਮੇਂ ਵਿਦਿਆਰਥੀਆਂ ਦੇ ਨਾਲ ਉਨ੍ਹਾਂ ਦੇ ਇੰਚਾਰਜ ਵੀ ਹਾਜ਼ਰ ਸਨ। ਵਿਦਿਆਰਥਣਾਂ ਨੇ ਇਸ ਟੂਰ ਦਾ ਬਹੁਤ ਜ਼ਿਆਦਾ ਆਨੰਦ ਲਿਆ ਅਤੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਰਿਫਰੈਸ਼ਮੈਂਟ ਦੇ ਲਈ ਵਿਦਿਆਰਥਣਾਂ ਨੂੰ ਰਾਜਾ ਢਾਬਾ ਵਿਖੇ ਲੈ ਕੇ ਗਏ, ਜਿੱਥੇ ਬੱਚਿਆਂ ਨੇ ਬਹੁਤ ਆਨੰਦ ਮਾਣਿਆ। ਇਸ ਸਮੇਂ ਬੱਚਿਆਂ ਦੇ ਨਾਲ ਹਰਦੀਪ ਕੌਰ, ਮਨਦੀਪ ਕੌਰ, ਜਸਪ੍ਰੀਤ ਕੌਰ, ਪ੍ਰਦੀਪ ਸਿੰਘ, ਗੁਰਮੀਤ ਸਿੰਘ, ਪਰਵੀਨ ਸਰਮਾ, ਦੀਪਕ ਚੋਪੜਾ, ਬਲਜੀਤ ਕੌਰ , ਮਨਵਿੰਦਰਜੀਤ ਕੌਰ, ਅਮਨਦੀਪ ਕੌਰ ਤੇ ਸੁਖਵਿੰਦਰ ਕੌਰ ਹਾਜ਼ਰ ਸਨ।

# ਵਿਦਿਆਰਥੀਆਂ 'ਚ ਵਿਗਿਆਨਕ ਨਜ਼ਰੀਆ ਵਿਕਸਤ ਕਰਨਾ ਸਮੇਂ ਦੀ ਮੁੱਖ ਲੋੜ : ਡਾ. ਦੀਪ



**ਸੰਗਰੂਰ (ਪ੍ਰਵੀਨ ਸਿੰਘ)**-ਤਰਕਸ਼ੀਲ ਸੁਸਾਇਟੀ ਪੰਜਾਬ ਵੱਲੋਂ ਸੰਸਾਰ ਪ੍ਰਸਿੱਧ ਵਿਗਿਆਨੀ ਚਾਰਲਸ ਡਾਰਵਿਨ ਨੂੰ ਸਮਰਪਤ ਪੰਜਵੀਂ ਸੂਬਾਈ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਵਿੱਚ ਇਕਾਈ ਸੰਗਰੂਰ ਨੇ ਅਹਿਮ ਸਥਾਨ ਹਾਸਲ ਕਰਨ ਵਾਲੇ ਵਿਦਿਆਰਥੀਆਂ ਦਾ ਜ਼ੋਨ ਮੁਖੀ ਮਾਸਟਰ ਪਰਮਵੇਦ ਤੇ ਇਕਾਈ ਮੁਖੀ ਸੁਰਿੰਦਰ ਪਾਲ ਦੀ ਅਗਵਾਈ ਵਿੱਚ ਵਿਸ਼ੇਸ਼ ਸਨਮਾਨ ਸਮਾਗਮ ਕੀਤਾ ਗਿਆ, ਜਿਸ ਵਿੱਚ ਇਕਾਈ ਦੇ 38 ਵੱਖ-ਵੱਖ ਸਕੂਲਾਂ ਤੋਂ ਵੱਡੀ ਗਿਣਤੀ ਵਿਚ ਤਰਕਸ਼ੀਲ ਕਾਰਕੁੰਨਾਂ, ਵਿਦਿਆਰਥੀਆਂ ਅਤੇ ਸਕੂਲ ਅਧਿਆਪਕਾਂ ਨੇ ਸ਼ਮੂਲੀਅਤ ਕੀਤੀ। ਸਮਾਗਮ ਦੇ ਵਿਸ਼ੇਸ਼ ਮਹਿਮਾਨ ਵਿਦਵਾਨ ਡਾ. ਕੁਲਦੀਪ ਸਿੰਘ ਦੀਪ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਆਜ਼ਾਦੀ ਤੋਂ ਬਾਅਦ ਸੱਤਾਧਾਰੀ ਜਮਾਤਾਂ ਨੇ ਸਿੱਖਿਆ ਨੀਤੀ ਵਿਚ ਵਿਗਿਆਨਕ ਚੇਤਨਾ ਵਿਕਸਤ ਕਰਨ ਦੀ ਥਾਂ ਰੂੜੀਵਾਦੀ ਪਾਠਕ੍ਰਮ ਸ਼ਾਮਲ ਕਰਕੇ ਵਿਦਿਆਰਥੀਆਂ ਨੂੰ ਵਿਗਿਆਨਕ ਨਜ਼ਰੀਆ ਅਪਨਾਉਣ ਤੋਂ ਵਾਂਝਿਆਂ ਕੀਤਾ ਹੈ। ਇਸ ਤੋਂ ਪਹਿਲਾਂ ਤਰਕਸ਼ੀਲ ਸੁਸਾਇਟੀ ਪੰਜਾਬ ਜ਼ੋਨ ਸੰਗਰੂਰ-ਬਰਨਾਲਾ ਦੇ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਨੇ ਪਿਛਲੇ ਪੰਜ ਸਾਲਾਂ ਤੋਂ ਕਰਾਈ ਜਾ ਰਹੀ ਵਿਦਿਆਰਥੀ ਚੇਤਨਾ ਪਰਖ ਪ੍ਰੀਖਿਆ ਕਰਾਉਣ ਦੇ ਮਕਸਦ ਅਤੇ ਵਿਗਿਆਨਕ ਚੇਤਨਾ ਲਈ ਕੀਤੇ ਜਾ ਰਹੇ ਯਤਨਾਂ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਇਸ ਮੌਕੇ ਇਕਾਈ ਪੱਧਰ ਤੇ ਛੇਵੀਂ ਤੋਂ ਬਾਰ੍ਹਵੀਂ ਜਮਾਤਾਂ ਵਿੱਚ ਜੇਤੂ ਰਹੇ ਮਿਡਲ ਗਰੁੱਪ ਦੇ 45 ਅਤੇ ਸੈਕੰਡਰੀ ਗਰੁੱਪ ਦੇ 55 ਵਿਦਿਆਰਥੀਆਂ ਨੂੰ ਤਰਕਸ਼ੀਲ ਮੈਂਬਰਾਂ ਨੇ ਸਮੂਹਿਕ ਰੂਪ ਵਿੱਚ ਵਿਗਿਆਨਕ ਵਿਚਾਰਾਂ ਵਾਲੀਆਂ ਕਿਤਾਬਾਂ, ਪੜ੍ਹਨ ਸਮੱਗਰੀ ਅਤੇ ਸਨਮਾਨ ਪੱਤਰ ਦੇ ਕੇ ਅਤੇ ਲਗਭਗ 50 ਸਹਿਯੋਗੀ ਸਕੂਲ ਮੁਖੀਆਂ ਤੇ ਅਧਿਆਪਕਾਂ ਨੂੰ ਵਧੀਆ ਮਨੁੱਖੀ ਗੁਣਾਂ ਤੇ ਵਿਗਿਆਨਕ ਵਿਚਾਰਾਂ ਵਾਲੀਆਂ ਪੁਸਤਕਾਂ ਤੇ ਸਨਮਾਨ ਪੱਤਰ ਦੇ ਕੇ ਸਨਮਾਨਤ ਕੀਤਾ ਗਿਆ। ਮੰਚ ਸੰਚਾਲਨ ਦੀ ਜ਼ਿੰਮੇਵਾਰੀ ਤਰਕਸ਼ੀਲ ਆਗੂ ਕ੍ਰਿਸ਼ਨ ਸਿੰਘ ਨੇ ਬਾਖੂਬੀ ਨਿਭਾਈ।

# ਖੋਜ-ਪੱਤ੍ਰਿਕਾ ਲੋਕ ਅਰਪਣ ਨਾਲ ਵਰਲਡ 'ਵਰਸਿਟੀ 'ਚ ਪੁਸਤਕ ਮੇਲੇ ਦੀ ਸ਼ੁਰੂਆਤ



**ਸ੍ਰੀ ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗ੍ਰੰਥ ਸਾਹਿਬ ਵਰਲਡ ਯੂਨੀਵਰਸਿਟੀ ਫਤਿਹਗੜ੍ਹ ਸਾਹਿਬ ਵਿਖੇ ਸਾਹਿਬਜ਼ਾਦਾ ਜ਼ੋਰਾਵਰ ਸਿੰਘ, ਸਾਹਿਬਜ਼ਾਦਾ ਫਤਿਹ ਸਿੰਘ ਅਤੇ ਮਾਤਾ ਗੁਜਰੀ ਦੀ ਲਸਾਨੀ ਸ਼ਹਾਦਤ ਨੂੰ ਸਮਰਪਿਤ ਤਿੰਨ ਰੋਜ਼ਾ ਪੁਸਤਕ ਮੇਲੇ ਦਾ ਆਗਾਜ਼ ਕੀਤਾ ਗਿਆ।ਪੁਸਤਕ ਮੇਲੇ ਦੇ ਉਦਘਾਟਨ ਸਮੇਂ ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਕੀਤੀ ਜਾਂਦੀ ਖੋਜ-ਪਤ੍ਰਿਕਾ 'ਜਰਨਲ ਆਫ ਰਿਲੀਜ਼ਨ ਐਂਡ ਸਿੱਖ ਸਟਡੀਜ਼' ਦਾ ਨੌਵਾਂ ਅੰਕ ਸੰਗਤ ਅਰਪਣ ਕੀਤਾ ਗਿਆ।ਇਸ ਮੌਕੇ ਵਾਇਸ-ਚਾਂਸਲਰ, ਪ੍ਰੋਫੈਸਰ ਪਰਿਤ ਪਾਲ ਸਿੰਘ ਨੇ ਆਖਿਆ ਕਿ ਸਿੱਖ ਸੰਗਤਾਂ 'ਚ ਪੁਸਤਕ ਸੱਭਿਆਚਾਰ ਵਧਾਉਣ ਲਈ ਯੂਨੀਵਰਸਿਟੀ ਵੱਲੋਂ ਤਿੰਨ ਰੋਜ਼ਾ ਪੁਸਤਕ ਮੇਲਾ ਰੱਖਿਆ ਗਿਆ ਹੈ।ਉਹਨਾਂ ਦੱਸਿਆ ਕਿ ਇਸ ਪੁਸਤਕ ਮੇਲੇ 'ਚ 30 ਵੱਖ ਵੱਖ ਪ੍ਰਕਾਸ਼ਕ ਅਤੇ ਪੁਸਤਕ ਵਿਕਰੇਤਾ ਸ਼ਾਮਲ ਹੋ ਰਹੇ ਹਨ। ਇਸ ਮੌਕੇ ਪ੍ਰੋਫੈਸਰ ਸੁਖਵਿੰਦਰ ਸਿੰਘ ਬਿਲਿੰਗ, ਡੀਨ ਅਕਾਦਮਿਕ ਮਾਮਲੇ ਨੇ ਦੱਸਿਆ ਕਿ ਪਿਛਲੇ ਸਾਲ 20 ਪ੍ਰਕਾਸ਼ਕਾਂ ਨਾਲ ਸ਼ੁਰੂ ਕੀਤਾ ਇਹ ਪੁਸਤਕ ਮੇਲਾ ਇਸ ਵਾਰ ਗਿਣਤੀ ਅਤੇ ਮਿਆਰ ਪੱਖੋਂ ਵਧਾਇਆ ਗਿਆ ਹੈ।ਉਹਨਾਂ ਨੇ ਸੰਗਤ ਨੂੰ ਪੁਸਤਕ ਮੇਲੇ ਦਾ ਵੱਧ ਤੋਂ ਵੱਧ ਲਾਹਾ ਲੈਣ ਅਤੇ ਆਪਣੇ ਮਹਾਨ ਵਿਰਸੇ ਬਾਰੇ ਸਾਹਿਤ ਖਰੀਦਣ ਦੀ ਗੁਜ਼ਾਰਿਸ਼ ਕਰਦਿਆਂ ਆਖਿਆ ਕਿ ਸ਼ਬਦ ਗੁਰੂ ਦਾ ਸਿਧਾਂਤ ਮੰਨਣ ਵਾਲੇ ਸਿੱਖਾਂ ਅਤੇ ਪੰਜਾਬੀਆਂ ਲਈ ਪੁਸਤਕ ਸੱਭਿਆਚਾਰ ਦਾ ਖਾਸ ਮਹੱਤਵ ਹੈ।ਡੀਨ ਵਿਦਿਆਰਥੀ ਭਲਾਈ ਡਾਕਟਰ ਸਿਕੰਦਰ ਸਿੰਘ ਨੇ ਦੱਸਿਆ ਕਿ ਪੁਸਤਕ ਮੇਲੇ ਦੇ ਨਾਲ ਨਾਲ ਯੂਨੀਵਰਸਿਟੀ ਵੱਲੋਂ ਫਿਜਿਓਥਰੈਪੀ ਕੈਂਪ ਅਤੇ ਸਿੱਖ ਇਤਿਹਾਸ ਨਾਲ ਸੰਬੰਧਿਤ ਡਾਕੂਮੈਂਟਰੀ ਫਿਲਮਾਂ ਵਿਖਾਉਣ ਦਾ ਵੀ ਪ੍ਰਬੰਧ ਕੀਤਾ ਗਿਆ ਹੈ।ਅੱਜ ਜਾਰੀ ਕੀਤੀ ਗਈ ਖੋਜ-ਪੱਤ੍ਰਿਕਾ ਦੇ ਸੰਪਾਦਕ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਧਰਮ ਅਧਿਐਨ ਵਿਭਾਗ ਦੇ ਮੁਖੀ ਡਾ. ਹਰਦੇਵ ਸਿੰਘ ਨੇ ਦੱਸਿਆ ਕਿ ਖੋਜ-ਪੱਤ੍ਰਿਕਾ ਦੇ ਇਸ ਅੰਕ 'ਚ ਬਰਤਾਨਵੀ ਸਾਮਰਾਜੀ ਦੌਰ 'ਚ ਪੰਜਾਬ ਅਤੇ ਸਿੱਖ ਪੰਥ ਦੇ ਧਾਰਮਿਕ, ਰਾਜਨੀਤਿਕ, ਭਾਖਾਈ ਅਤੇ ਆਰਥਿਕ ਆਦਿ ਵੱਖ ਵੱਖ ਪੱਖਾਂ ਅਤੇ ਇਸ ਸਮੇਂ ਚੱਲੀਆਂ ਸੁਧਾਰ ਲਹਿਰਾਂ ਨਾਲ ਸੰਬੰਧਿਤ ਮੁਲਵਾਨ ਖੋਜ ਪਰਚੇ ਸ਼ਾਮਲ ਕੀਤੇ ਗਏ ਹਨ।ਇਸ ਮੌਕੇ ਹੋਰਨਾਂ ਤੋਂ ਇਲਾਵਾ ਸਹਾਇਕ ਪ੍ਰੋਫੈਸਰ ਕਿਰਨਪ੍ਰੀਤ ਸਿੰਘ, ਪੰਜਾਬੀ ਵਿਭਾਗ, ਸਹਾਇਕ ਪ੍ਰੋਫੈਸਰ, ਜਸਵੀਰ ਸਿੰਘ, ਧਰਮ ਅਧਿਐਨ ਵਿਭਾਗ ਅਤੇ ਪ੍ਰੋਫੈਸਰ ਬੀਰ ਵਿਕਰਮ ਸਿੰਘ ਗਿਮਟ ਯੂਨੀਵਰਸਿਟੀ ਵੀ ਹਾਜ਼ਰ ਸਨ।

## ਪ੍ਰਾਇਮਰੀ ਸਕੂਲ ਖਿੜਕੀਆਂਵਾਲਾ 'ਚ ਆਰ ਓ ਦਾ ਉਦਘਾਟਨ



**ਗਿੱਦੜਬਾਹਾ (ਜਸਵੰਤ ਗਿੱਲ ਛੱਤਿਆਣਾ)**-ਸ੍ਰੀ ਸੁਖਜਿੰਦਰ ਸਿੰਘ ਕਾਉਣੀ ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਸ੍ਰੀ ਮੁਕਤਸਰ ਸਾਹਿਬ ਨੇ ਆਪਣੇ ਅਖਤਿਆਰੀ ਕੋਟੇ 'ਚੋਂ ਇਕ ਲੱਖ ਲਾਗਤ ਨਾਲ ਸਰਕਾਰੀ ਪ੍ਰਾਇਮਰੀ ਸਕੂਲ ਖਿੜਕੀਆਂਵਾਲਾ ਦੇ ਸਕੂਲੀ ਬੱਚਿਆਂ ਨੂੰ ਪੀਣ ਯੋਗ ਪਾਣੀ ਉਪਲਬੱਧ ਕਰਵਾਉਣ ਲਈ ਆਰ. ਓ. ਦਾ ਉਦਘਾਟਨ ਕੀਤਾ। ਇਸ ਸਮੇਂ ਕਾਉਣੀ ਨੇ ਕਿਹਾ ਕਿ ਸਕੂਲੀ ਬੱਚਿਆਂ ਦੀ ਪਾਣੀ ਦੀ ਸਮੱਸਿਆ ਨੂੰ ਦੇਖਦੇ ਹੋਏ, ਇਸ ਸਕੂਲ ਲਈ ਆਰ. ਓ. ਲੱਗਣਾ ਬਹੁਤ ਜ਼ਰੂਰੀ ਸੀ। ਸਕੂਲ ਵਿੱਚ ਆਰ ਓ ਲੱਗਣ ਨਾਲ ਬੱਚਿਆਂ ਨੂੰ ਸਾਫ ਸੁਥਰਾ ਪਾਣੀ ਉਪਲਬੱਧ ਹੋਵੇਗਾ। ਇਸ ਮੌਕੇ ਅਜੇ ਸ਼ਰਮਾ ਜ਼ਿਲ੍ਹਾ ਸਿੱਖਿਆ ਅਫਸਰ ਪ੍ਰਾਇਮਰੀ, ਮੁੱਖ ਅਧਿਆਪਕ ਨਰਿੰਦਰਪਾਲ ਕੌਰ, ਰਾਜਾ ਮੱਲਣ ਮੈਂਬਰ ਲੇਬਰ ਵੈੱਲਫੇਅਰ ਬੋਰਡ ਪੰਜਾਬ, ਸਰਪੰਚ ਖੁਸ਼ਵਿੰਦਰ ਸਿੰਘ, ਸਾਬਕਾ ਸਰਪੰਚ ਇਕਬਾਲ ਸਿੰਘ, ਤਰਸੇਮ ਸਿੰਘ, ਜਗਦੇਵ ਸਿੰਘ, ਕਮਲਜੀਤ ਸਿੰਘ, ਦੀਪਾ ਸਿੰਘ, ਸਕਿੰਦਰ ਸਿੰਘ, ਗੁਰਮੇਲ ਸਿੰਘ, ਸੇਵਕ ਸੂਰੇਵਾਲਾ, ਮਨਦੀਪ ਧੂਲਕੋਟ, ਸੁੱਖੀ ਕਰਨੀਵਾਲਾ ਹਾਜ਼ਰ ਸਨ।

## ਜੌੜਾਮਾਜਰਾ ਨੂੰ ਮਿਲੇ ਨਵੇਂ ਮਹਿਕਮਿਆਂ ਲਈ ਅਖੰਡ ਪਾਠ ਦੇ ਭੋਗ ਪਾਏ



**ਸਮਾਣਾ (ਗੁਰਪਿਆਰ ਸਿੰਘ ਬੱਲ)**-ਕੈਬਨਿਟ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੂੰ ਆਪ ਪਾਰਟੀ ਹਾਈਕਮਾਂਡ ਅਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਦਿੱਤੇ ਤਿੰਨ ਹੋਰ ਅਹਿਮ ਮਹਿਕਮਿਆਂ ਦੀ ਖੁਸ਼ੀ ਦੇ ਚੱਲਦਿਆਂ ਗੁਰਮੀਤ ਸਿੰਘ ਢਿੱਲੋਂ ਵੱਲੋਂ ਗੁਰਦੁਆਰਾ ਢੱਕੀ ਸਾਹਿਬ ਕੁਲਬੁਰਛਾਂ ਵਿਖੇ ਵਾਹਿਗੁਰੂ ਜੀ ਦੇ ਸ਼ੁਕਰਾਨੇ ਵਜੋਂ ਸ੍ਰੀ ਆਖੰਡ ਪਾਠ ਸਾਹਿਬ ਦੇ ਪਾਠ ਦੇ ਭੋਗ ਪਵਾਏ ਗਏ। ਇਸ ਮੌਕੇ ਜੌੜਾਮਾਜਰਾ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ ਅਤੇ ਗੁਰੂ ਸਾਹਿਬ ਤੋਂ ਆਸ਼ੀਰਵਾਦ ਪ੍ਰਾਪਤ ਕੀਤਾ ਅਤੇ ਸਭ ਦਾ ਧੰਨਵਾਦ ਕੀਤਾ। ਇਸ ਮੌਕੇ ਬਿਜਲੀ ਵਿਭਾਗ ਤੋਂ ਐਸ ਈ ਧਨਵੰਤ ਸਿੰਘ, ਕੰਵਰਦੀਪ ਸਿੰਘ, ਐਸ ਕੇ ਜਿੰਦਲ, ਐਸ ਡੀ ਓ ਸੁਰਿੰਦਰ ਸਿੰਘ ਢੋਟ, ਐਸ.ਡੀ.ਓ ਤਰਸੇਮ ਚੰਦ, ਐਸ ਡੀ ਓ ਅਰਵਿੰਦ ਕੁਮਾਰ, ਸੁਆਮੀ ਅਮਰੀਕ ਕੁਮਾਰ, ਬਾਰ ਐਸੋਸੀਏਸ਼ਨ ਸਮਾਣਾ ਦੇ ਨਵੇਂ ਬਣੇ ਪ੍ਰਧਾਨ ਕਰਮਜੀਤ ਸਿੰਘ ਰੰਧਾਵਾ,ਪੀ ਏ ਗੁਰਦੇਵ ਸਿੰਘ ਟਿਵਾਣਾ, ਓ ਐਸ ਡੀ ਗੁਲਜ਼ਾਰ ਸਿੰਘ ਵਿਰਕ, ਲਖਵਿੰਦਰ ਸਿੰਘ ਕਾਕਾ ਜਵੰਦਾ, ਹਰਦੀਪ ਸਿੰਘ ਚੀਮਾ ਤੇ ਗੁਰਨੈਬ ਸਿੰਘ ਕੁਲਬੁਰਛਾਂ ਵੀ ਮੌਜੂਦ ਰਹੇ।

# ਵਿਜੇ ਇੰਦਰ ਸਿੰਗਲਾ ਦਾ ਸੰਯੁਕਤ ਖਜ਼ਾਨਚੀ ਬਣਨ 'ਤੇ ਸਨਮਾਨ



**ਸੰਗਰੂਰ (ਪ੍ਰਵੀਨ ਸਿੰਘ)**-ਪੰਜਾਬ ਤੇ ਸੰਗਰੂਰ ਤੋਂ ਲੋਕ ਸਭਾ ਮੈਂਬਰ ਰਹਿ ਚੁੱਕੇ ਸ੍ਰੀ ਵਿਜੇ ਇੰਦਰ ਸਿੰਗਲਾ ਨੂੰ ਆਲ ਇੰਡੀਆ ਕਾਂਗਰਸ ਕਮੇਟੀ ਦਾ ਸੰਯੁਕਤ ਖਜ਼ਾਨਚੀ ਬਣਨ 'ਤੇ ਵੱਡੀ ਜ਼ੁੰਮੇਵਾਰੀ ਸੌਂਪ ਕੇ ਮਾਣ ਸਨਮਾਨ ਦਿੱਤਾ ਗਿਆ ਹੈ। ਵਿਜੈ ਇੰਦਰ ਸਿੰਗਲਾ ਸ੍ਰੀ ਰਾਹੁਲ ਗਾਂਧੀ ਦੇ ਉਸ ਸਮੇਂ ਤੋਂ ਨਜ਼ਦੀਕੀ ਸਾਥੀ ਮੰਨੇ ਜਾਂਦੇ ਹਨ, ਜਦੋਂ ਉਹ ਯੂਥ ਕਾਂਗਰਸ ਪੰਜਾਬ ਦੇ ਪ੍ਰਧਾਨ ਸਨ ਤੇ 2020 ਤੋਂ ਏ.ਆਈ.ਸੀ.ਸੀ. ਦੇ ਸਕੱਤਰ ਵਜੋਂ ਕੰਮ ਕਰ ਰਹੇ ਸਨ, ਜਿਸ ਤਹਿਤ ਉਹ ਦੇਸ਼ ਵਿੱਚ ਪਾਰਟੀ ਦੀ ਜਾਇਦਾਦ ਤੇ ਵਿੱਤੀ ਸੰਪਤੀ ਦੇ ਪ੍ਰਮੁੱਖ ਕਾਰਜ ਦੀ ਦੇਖਭਾਲ ਕਰ ਰਹੇ ਸਨ। ਵਿਜੈ ਇੰਦਰ ਸਿੰਗਲਾ ਨੂੰ ਕਾਂਗਰਸ ਪਾਰਟੀ ਪ੍ਰਤੀ ਉਨ੍ਹਾਂ ਦੀ ਮਿਹਨਤ, ਵਫ਼ਾਦਾਰੀ ਲਈ ਤੋਹਫ਼ਾ ਦਿੱਤਾ ਗਿਆ ਹੈ। ਉਨ੍ਹਾ ਹਿਮਾਚਲ ਪ੍ਰਦੇਸ, ਕਰਨਾਟਕ ਤੇ ਤੇਲੰਗਾਨਾ ਵਰਗੇ ਰਾਜਾਂ ਵਿੱਚ ਚੋਣ ਦੇ ਕੰਮਾਂ ਨੂੰ ਸੰਭਾਲਿਆ ਸੀ, ਜਿੱਥੇ ਉਨ੍ਹਾਂ ਕਾਂਗਰਸ ਪਾਰਟੀ ਦੀ ਜਿੱਤ ਵਿੱਚ ਅਹਿਮ ਭੂਮਿਕਾ ਨਿਭਾਈ ਹੈ। ਆਪਣੇ ਲੋਕ, ਆਪਣੇ ਇਲਾਕੇ ਦੀ ਆਵਾਜ਼ ਬੁਲੰਦ ਕਰਨ ਵਾਲੇ ਇੱਕ ਪ੍ਰਮੁੱਖ ਆਗੂ ਸਿੰਗਲਾ ਨੇ ਹਮੇਸ਼ਾ ਹੀ ਪੰਜਾਬ ਨਾਲ ਸਬੰਧਤ ਮੁੱਦਿਆਂ ਲਈ ਪਾਰਲੀਮੈਂਟ ਤੇ ਵਿਧਾਨ ਸਭਾ ਵਿੱਚ ਲੜਾਈ ਲੜੀ।

# ਇਮਾਨਦਾਰੀ ਦੀ ਮਿਸਾਲ, 40 ਹਜ਼ਾਰ ਰੁਪਏ ਵਾਪਸ ਕੀਤੇ



**ਮਾਨਸਾ (ਪਮਾਰ)**-ਖਿਆਲਾਂ ਕਲਾਂ ਬੀਕੇਯੂ ਡਕੌਂਦਾ ਧਨੇਰ ਦੀ ਇਕਾਈ ਵੱਲੋਂ ਕਿਸਾਨ ਪਾਲ ਸਿੰਘ ਬੀਰ ਕਲਾਂ ਨੂੰ 40 ਹਜ਼ਾਰ ਰੁਪਏ ਵਾਪਸ ਕਰਕੇ ਇਮਾਨਦਾਰੀ ਦੀ ਮਿਸਾਲ ਕਾਇਮ ਕੀਤੀ। ਦੱਸਣਯੋਗ ਹੈ ਕਿ ਅਗਸਤ ਮਹੀਨੇ ਵਿੱਚ ਪਿੰਡ ਖਿਆਲਾਂ ਕਲਾਂ ਦੇ ਬੱਸ ਸਟੈਂਡ ਤੇ ਗੱਡੀ ਅਤੇ ਮੋਟਰਸਾਈਕਲ ਦਾ ਐਕਸੀਡੈਂਟ ਹੋ ਗਿਆ ਸੀ, ਜਿਸ ਵਿੱਚ ਨਾਹਰ ਸਿੰਘ ਦੀ ਪਤਨੀ ਗੰਭੀਰ ਜ਼ਖ਼ਮੀ ਹੋ ਗਈ ਸੀ, ਜਿਸ ਨੂੰ ਬਠਿੰਡਾ ਵਿਖੇ ਇਲਾਜ ਲਈ ਭੇਜ ਦਿੱਤਾ ਗਿਆ ਸੀ, ਜੋ ਗੱਡੀ ਵਾਲੇ ਕਿਸਾਨ ਪਾਲ ਸਿੰਘ ਖਿਆਲਾਂ ਕਲਾਂ ਇਕਾਈ ਕੋਲ ਆ ਕੇ ਉਸ ਔਰਤ ਦੇ ਇਲਾਜ ਕਰਾਉਣ ਲਈ ਕਿਹਾ। ਆਗੂਆਂ ਨੂੰ ਨਾਲ ਲੈ ਕੇ ਕਿਸਾਨ ਡਾਕਟਰ ਕੋਲ ਚਲੇ ਗਏ। ਡਾਕਟਰ ਨੇ ਕਿਹਾ ਕਿ ਮਰੀਜ ਦੇ ਸਿਰ ਦੀ ਸਰਜਰੀ ਹੋਈ ਤਾਂ ਦੋ ਲੱਖ ਰੁਪਏ ਖਰਚ ਹੋਣਗੇ। ਕਿਸਾਨ ਯੂਨੀਅਨ ਏਕਤਾ ਡਕੌਂਦਾ ਧਨੇਰ ਦੇ ਖਿਆਲਾਂ ਕਲਾਂ ਇਕਾਈ ਨੇ ਦੋਹਾਂ ਪਰਵਾਰਾਂ ਦਾ ਡੇਢ ਲੱਖ ਰੁਪਏ ਵਿਚ ਸਮਝੌਤਾ ਕਰਾਇਆ ਦਿੱਤਾ। ਮਰੀਜ਼ ਔਰਤ ਇਲਾਜ ਕਰਾ ਕੇ ਬਿਲਕੁਲ ਠੀਕ ਹੈ, ਉਸ ਦੇ ਇਲਾਜ ਤੇ ਇਕ ਲੱਖ ਦਸ ਹਜਾਰ ਰੁਪਏ ਖਰਚ ਹੋਏ, ਜੋ ਬਾਕੀ ਚਾਲੀ ਹਜ਼ਾਰ ਰੁਪਏ ਕਿਸਾਨ ਪਾਲ ਸਿੰਘ ਦੇ ਘਰ ਬੀਰ ਕਲਾਂ ਜਾ ਕੇ ਇਨਸਾਨੀਅਤ ਦਿਖਾਉਂਦੇ ਹੋਏ ਰੁਪਏ ਵਾਪਸ ਕਰ ਦਿੱਤੇ। ਇਸ ਲਈ ਧਨੇਰ ਜਥੇਬੰਦੀ ਦੇ ਆਗੂ ਅਤੇ ਵਰਕਰ ਵਧਾਈ ਦੇ ਪਾਤਰ ਹਨ। ਇਸ ਮੌਕੇ ਜ਼ਿਲ੍ਹਾ ਜਨਰਲ ਸਕੱਤਰ ਬਲਵਿੰਦਰ ਸ਼ਰਮਾ ਖਿਆਲਾ, ਸੇਵਕ ਸਿੰਘ ਖਿਆਲਾ, ਸਿਕੰਦਰ ਸਿੰਘ ਖਿਆਲਾਂ, ਬਰਿਆਮ ਸਿੰਘ ਖਿਆਲਾਂ, ਬਲਾਕ ਕਮੇਟੀ ਮੈਂਬਰ, ਲਾਭ ਸਿੰਘ ਖਿਆਲਾ, ਬਲਾਕ ਕਮੇਟੀ ਮੈਂਬਰ ਰੂਪ ਰਾਮ, ਭੋਲਾ ਸਿੰਘ ਚੇਤਾ ਸਿੰਘ, ਗੰਗੜ ਸਿੰਘ, ਕਾਕਾ ਸਿੰਘ, ਬਲਾਕ ਕਮੇਟੀ ਮੈਂਬਰ ਪ੍ਰਗਟ ਸਿੰਘ ਖਿਆਲਾਂ ਆਦਿ ਕਿਸਾਨ ਆਗੂ ਵੀ ਹਾਜ਼ਰ ਸਨ।

## ਸਰਕਾਰੀ ਸਕੂਲ ਛਾਪਾ ਵਿਖੇ ਸਾਹਿਤਕ ਮਿਲਣੀ ਕਰਵਾਈ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਛਾਪਾ ਵਿਖੇ ਸਾਹਿਤਕ ਮਿਲਣੀ ਕਰਵਾਈ ਗਈ, ਜਿਸ ਵਿੱਚ ਪ੍ਰਸਿੱਧ ਸਾਹਿਤਕਾਰ ਜਸਵੀਰ ਰਾਣਾ ਮੁੱਖ ਮਹਿਮਾਨ ਦੇ ਤੌਰ 'ਤੇ ਸ਼ਾਮਲ ਹੋਏ। ਜਸਵੀਰ ਰਾਣਾ ਨੇ ਵਿਦਿਆਰਥੀਆਂ ਨਾਲ ਆਪਣੇ ਜੀਵਨ ਅਨੁਭਵਾਂ ਨੂੰ ਸਾਂਝੇ ਕਰਦੇ ਹੋਏ ਦੱਸਿਆ ਕਿ ਬਚਪਨ ਵਿੱਚ ਆਪਣੀ ਮਾਤਾ ਜੀ ਦੀ ਪ੍ਰੇਰਨਾ ਨਾਲ ਉਨ੍ਹਾਂ ਦੇ ਮਨ ਵਿੱਚ ਸਾਹਿਤਕ ਕਿਤਾਬਾਂ ਪੜ੍ਹਨ ਦੀ ਰੁਚੀ ਪੈਦਾ ਹੋਈ ਤੇ ਇਸ ਰੁਚੀ ਸਦਕਾ ਹੀ ਉਨ੍ਹਾਂ ਨੇ ਸਾਹਿਤਕ ਖੇਤਰ ਵਿੱਚ ਆਪਣਾ ਬਣਦਾ ਮੁਕਾਮ ਹਾਸਲ ਕੀਤਾ। ਉਨ੍ਹਾ ਵਿਦਿਆਰਥੀਆਂ ਨੂੰ ਆਪਣੀ ਮਾਂ-ਬੋਲੀ ਤੇ ਵਿਰਸੇ ਨਾਲ ਜੁੜਨ ਲਈ ਪ੍ਰੇਰਿਤ ਕਰਦਿਆਂ ਕਿਹਾ ਕਿ ਵਿਦਿਆਰਥੀ ਜੀਵਨ ਵਿੱਚ ਸਿੱਖੀਆਂ ਹੋਈਆਂ ਚੰਗੀਆਂ ਆਦਤਾਂ ਸਾਰੀ ਉਮਰ ਨਾਲ ਨਿਭਦੀਆਂ ਹਨ। ਸਮਾਗਮ ਦੇ ਅਖ਼ੀਰ ਵਿੱਚ ਸੰਸਥਾ ਦੇ ਇੰਚਾਰਜ ਪ੍ਰਿੰਸੀਪਲ ਸੁਖਚੰਦਨ ਸਿੰਘ ਨੇ ਜਸਵੀਰ ਰਾਣਾ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਨੇ ਵਿਦਿਆਰਥੀਆਂ ਨਾਲ ਵੱਡਮੁੱਲੇ ਵਿਚਾਰ ਸਾਂਝੇ ਕੀਤੇ ਹਨ, ਜਿਨ੍ਹਾਂ ਤੋਂ ਸੇਧ ਲੈ ਕੇ ਵਿਦਿਆਰਥੀ ਪੁਸਤਕ ਸੱਭਿਆਚਾਰ ਨਾਲ ਜੁੜਨਗੇ। ਇਸ ਮੌਕੇ ਸੁਖਵਿੰਦਰ ਸਿੰਘ ਗੁਰਮ, ਨਵਜੋਤ ਸਿੰਘ, ਰਮਨਦੀਪ ਕੌਰ, ਸਰਬਜੀਤ ਕੌਰ, ਬੀਰਬਲ ਸਿੰਘ, ਹਰਪਾਲ ਕੌਰ, ਕਮਲਦੀਪ ਸਿੰਘ, ਲਖਬੀਰ ਸਿੰਘ, ਅਵਿਨਾਸ਼ ਕੌਸ਼ਲ, ਹਰਮੀਤ ਸਿੰਘ, ਸੁਮਨਦੀਪ ਕੌਰ, ਸੰਦੀਪ ਕੌਰ, ਸੁਖਦੇਵ ਸਿੰਘ, ਜਤਿੰਦਰ ਸਿੰਘ, ਅਲਕਾ ਸਿੰਗਲਾ, ਗੁਰਜੰਟ ਸਿੰਘ, ਹਰਮੇਲ ਸਿੰਘ ਆਦਿ ਸਟਾਫ ਮੈਂਬਰ ਹਾਜ਼ਰ ਸਨ।

## ਸੀ ਏ ਗੀਤਿਕਾ ਜਿੰਦਲ ਬੱਚਿਆਂ ਦੇ ਰੂਬਰੂ



**ਭੀਖੀ (ਧਰਮਵੀਰ ਸ਼ਰਮਾ)**-ਸਥਾਨਕ ਸਰਵਹਿੱਤਕਾਰੀ ਵਿੱਦਿਆ ਮੰਦਰ ਵਿਖੇ ਸਵੇਰ ਦੀ ਸਭਾ ਦੌਰਾਨ ਸੀ ਏ ਮਿਸ. ਗੀਤਿਕਾ ਜਿੰਦਲ ਭੀਖੀ ਨੇ ਉਚੇਚੇ ਤੌਰ 'ਤੇ ਸ਼ਿਰਕਤ ਕੀਤੀ। ਉਨ੍ਹਾ ਸਵੇਰ ਦੀ ਸਭਾ ਦੌਰਾਨ ਵਿਦਿਆਰਥੀਆਂ ਨੂੰ ਸੰਬੋਧਨ ਕਰਦਿਆਂ ਫਾਈਨਾਂਸ ਰਿਕਾਰਡ, ਸੀ ਏ ਦੇ ਅਹੁਦੇ ਦੀ ਮਹੱਤਤਾ ਤੇ ਇਸ ਦੇ ਮੁੱਖ ਪੜਾਵਾਂ ਬਾਰੇ ਅਹਿਮ ਜਾਣਕਾਰੀ ਬੱਚਿਆਂ ਨਾਲ ਸਾਂਝੀ ਕੀਤੀ। ਉਨ੍ਹਾ ਬੱਚਿਆਂ ਨੂੰ ਹਰ ਖੇਤਰ ਵਿੱਚ ਮਿਹਨਤ ਕਰਨ, ਹਰ ਕੰਮ ਤਨਦੇਹੀ ਨਾਲ ਨੇਪਰੇ ਚਾੜ੍ਹਨ ਦਾ ਸੁਨੇਹਾ ਦਿੱਤਾ। ਉਨ੍ਹਾ ਵੱਲੋਂ ਸਕੂਲ ਦੇ ਇਮਾਰਤੀ ਵਾਤਾਵਰਨ, ਚਾਰ-ਦੀਵਾਰੀ ਤੇ ਸਵੇਰ ਦੀ ਸਭਾ ਦੀ ਬਹੁਤ ਪ੍ਰਸ਼ੰਸਾ ਕੀਤੀ ਗਈ। ਸਕੂਲ ਪ੍ਰਬੰਧਕ ਕਮੇਟੀ, ਸਕੂਲ ਪ੍ਰਿੰਸੀਪਲ ਡਾ. ਗਗਨਦੀਪ ਪਰਾਸ਼ਰ ਤੇ ਸਮੂਹ ਸਟਾਫ਼ ਵੱਲੋਂ ਉਨ੍ਹਾਂ ਦਾ ਵਿੱਦਿਆ ਮੰਦਰ ਵਿੱਚ ਪਹੁੰਚਣ 'ਤੇ ਹਾਰਦਿਕ ਸਵਾਗਤ ਤੇ ਧੰਨਵਾਦ ਕੀਤਾ ਗਿਆ।

## ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਨੇ ਜੈਕਟਾਂ ਵੰਡੀਆਂ



**ਜਲਾਲਾਬਾਦ (ਜੀਤ ਕੁਮਾਰ)**-ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਵੱਲੋਂ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਚੱਕ ਸੈਦੋਕੇ ਵਿਖੇ ਜ਼ਰੂਰਤਮੰਦ ਵਿਦਿਆਰਥੀਆਂ ਨੂੰ ਜੈਕਟ ਵੰਡੇ ਗਏ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਅਨੀਤਾ ਰਾਣੀ ਨੇ ਦਾਨੀ ਸੱਜਣਾਂ ਨਾਲ ਗੱਲਬਾਤ ਕਰਦੇ ਹੋਏ ਉਨ੍ਹਾਂ ਦੀ ਇਸ ਪਹਿਲਕਦਮੀ ਦਾ ਸਵਾਗਤ ਕੀਤਾ। ਜ਼ਿਕਰਯੋਗ ਹੈ ਕਿ ਅੱਜਕੱਲ੍ਹ ਠੰਡ ਬਹੁਤ ਪੈ ਰਹੀ ਹੈ ਤੇ ਇਨ੍ਹਾਂ ਗਰਮ ਜੈਕਟਾਂ ਨਾਲ ਵਿਦਿਆਰਥੀਆਂ ਨੂੰ ਠੰਡ ਤੋਂ ਬਚਾਓ ਲਈ ਬਹੁਤ ਮਦਦ ਮਿਲੇਗੀ। ਸਟੱਡੀ ਸਰਕਲ ਦੇ ਮੈਂਬਰ ਜਸਵੀਰ ਸਿੰਘ, ਸੁਖਮੰਦਰ ਸਿੰਘ, ਬਲਵਿੰਦਰ ਸਿੰਘ, ਸੁਖਪਾਲ ਕੌਰ ਨੇ ਦੱਸਿਆ ਕਿ ਇਹ ਭੇਟ ਉਨ੍ਹਾਂ ਵੱਲੋਂ ਦਸਵੰਦ ਦੇ ਰੂਪ ਵਿੱਚ ਜ਼ਰੂਰਤਮੰਦ ਬੱਚਿਆਂ ਲਈ ਖਰਚ ਕੀਤੀ ਜਾ ਰਹੀ ਹੈ। ਇਸ ਮੌਕੇ ਸਮੂਹ ਸਟਾਫ ਤੇ ਵਿਦਿਆਰਥੀਆਂ ਨੇ ਉਨ੍ਹਾਂ ਦੇ ਇਸ ਕੰਮ ਦੀ ਸ਼ਲਾਘਾ ਕੀਤੀ।

# ਦੇਸ਼ ਭਗਤ 'ਵਰਸਿਟੀ ਨੇ ਮਾਤਾ ਗੁਜਰੀ ਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਲੰਗਰ ਲਾਇਆ



**ਫਤਿਹਗੜ੍ਹ ਸਾਹਿਬ (ਪ੍ਰਮੋਦ ਭਾਰਦਵਾਜ)**-ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ, ਬਾਬਾ ਜੁਝਾਰ ਸਿੰਘ, ਬਾਬਾ ਜ਼ੋਰਾਵਰ ਸਿੰਘ, ਬਾਬਾ ਫ਼ਤਹਿ ਸਿੰਘ ਅਤੇ ਮਾਤਾ ਗੁਜਰੀ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕਰਦਿਆਂ ਦੇਸ਼ ਭਗਤ ਯੂਨੀਵਰਸਿਟੀ, ਮੰਡੀ ਗੋਬਿੰਦਗੜ੍ਹ ਵੱਲੋਂ ਗੁਰੂ ਕਾ ਲੰਗਰ ਲਗਾਇਆ ਗਿਆ। ਇਹ ਸ਼ਹੀਦੀ ਦਿਹਾੜਾ 21 ਤੋਂ 28 ਦਸੰਬਰ ਤੱਕ ਬੜੀ ਸ਼ਰਧਾ ਭਾਵਨਾ ਨਾਲ ਮਨਾਈਆ ਜਾਂਦਾ ਹੈ।ਇਸ ਮੌਕੇ ਡਾ. ਜ਼ੋਰਾ ਸਿੰਘ, ਚਾਂਸਲਰ ਦੇਸ਼ ਭਗਤ ਯੂਨੀਵਰਸਿਟੀ ਨੇ ਦੱਸਿਆ ਕਿ ਇਹ ਦਿਨ ਸਿੱਖ ਧਰਮ ਅਤੇ ਹਿੰਦੂ ਧਰਮ ਦੀ ਰੱਖਿਆ ਲਈ ਕੁਰਬਾਨੀਆਂ ਕਰਨ ਵਾਲੇ ਸਿੱਖਾਂ ਦੇ ਦਸਵੇਂ ਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਚਾਰ ਸਾਹਿਬਜ਼ਾਦਿਆਂ ਅਤੇ ਮਾਤਾ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਹਨ। ਡਾ. ਜ਼ੋਰਾ ਸਿੰਘ ਨੇ ਇਹ ਵੀ ਸਾਂਝਾ ਕੀਤਾ ਕਿ ਸਾਹਿਬਜ਼ਾਦਾ ਬਾਬਾ ਅਜੀਤ ਸਿੰਘ, ਸਾਹਿਬਜ਼ਾਦਾ ਬਾਬਾ ਜੁਝਾਰ ਸਿੰਘ ਚਮਕੌਰ ਦੀ ਲੜਾਈ 'ਚ ਸ਼ਹੀਦ ਹੋ ਸਨ ਅਤੇ ਛੋਟੇ ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਅਤੇ ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਆਪਣੇ ਧਾਰਮਿਕ ਅਕੀਦਿਆਂ ਨੂੰ ਜ਼ਬਰਦਸਤੀ ਤੋਂ ਬਚਾਉਂਦੇ ਹੋਏ ਸਰਹਿੰਦ ਵਿਖੇ ਜਿਉਂਦਿਆਂ ਦੀਵਾਰਾਂ 'ਚ ਚਿਣ ਦਿੱਤੇ ਗਏ ਅਤੇ ਸ਼ਹੀਦੀ ਹੋ ਗਏ ਸਨ। ਡਾ. ਜ਼ੋਰਾ ਸਿੰਘ ਨੇ ਆਸ ਪ੍ਰਗਟਾਈ ਕਿ ਆਉਣ ਵਾਲੀਆਂ ਪੀੜ੍ਹੀਆਂ ਵੀ ਉਨ੍ਹਾਂ ਦੀਆਂ ਇਹਨਾਂ ਕੁਰਬਾਨੀਆਂ ਨੂੰ ਹੋਰ ਵੀ ਸ਼ਰਧਾ ਭਾਵਨਾ ਨਾਲ ਯਾਦ ਕਰਨਗੀਆਂ ਅਤੇ ਮਨਾਉਣਗੀਆਂ।ਇਸ ਮੌਕੇ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ ਬਾਰੇ ਜਾਗਰੂਕ ਕਰਨ ਲਈ ਯੂਨੀਵਰਸਿਟੀ ਵੱਲੋਂ ਚਾਰ ਸਾਹਿਬਜ਼ਾਦੇ ਫਿਲਮ ਵੀ ਦਿਖਾਈ ਗਈ, ਜਿਸ ਦਾ ਸੰਦੇਸ਼ ਅਜੋਕੇ ਸਮੇਂ 'ਚ ਨੌਜਵਾਨਾਂ ਅਤੇ ਬੱਚਿਆਂ ਨੂੰ ਸਿੱਖ ਇਤਿਹਾਸ, ਸਿੱਖ ਸਿਧਾਂਤਾਂ ਅਤੇ ਸਿੱਖ ਵਿਚਾਰਧਾਰਾ ਪ੍ਰਤੀ ਜਾਣੂ ਕਰਵਾਉਣਾ ਸੀ।

# ਵਿਵੇਕਾਨੰਦ ਵਰਲਡ ਸਕੂਲ 'ਚ ਤਲਵਾਰਬਾਜ਼ੀ ਮੁਕਾਬਲੇ ਦਾ ਪੋਸਟਰ ਰਿਲੀਜ਼



**ਫਿਰੋਜ਼ਪੁਰ (ਅਸ਼ੋਕ ਸ਼ਰਮਾ)**

ਵਿਵੇਕਾਨੰਦ ਵਰਲਡ ਸਕੂਲ ਵਿਖੇ ਆਗਾਮੀ ਤਿੰਨ ਦਿਨਾਂ ਰਾਜ ਪੱਧਰੀ ਤਲਵਾਰਬਾਜ਼ੀ ਮੁਕਾਬਲੇ (ਸੀਨੀਅਰ ਵਰਗ) ਲਈ ਪੋਸਟਰ ਰਿਲੀਜ਼ ਕੀਤਾ ਗਿਆ। ਇਸ ਸਬੰਧੀ ਜਾਣਕਾਰੀ ਦਿੰਦਿਆਂ ਸਕੂਲ ਦੇ ਡਾਇਰੈਕਟਰ ਡਾ. ਐੱਸ. ਐੱਨ. ਰੁਦਰਾ ਨੇ ਦੱਸਿਆ ਕਿ ਰਾਜ ਪੱਧਰੀ ਤਲਵਾਰਬਾਜ਼ੀ ਪ੍ਰਤੀਯੋਗਤਾ (ਸੀਨੀਅਰ) ਵਿਵੇਕਾਨੰਦ ਵਰਲਡ ਸਕੂਲ ਵਿੱਚ 25 ਤੋਂ 27 ਦਸੰਬਰ ਤੱਕ ਕਰਵਾਈ ਜਾ ਰਹੀ ਹੈ, ਜਿਸ ਦਾ ਪੋਸਟਰ ਅੱਜ ਜ਼ਿਲ੍ਹਾ ਫੈਂਸਿੰਗ ਐਸੋਸੀਏਸ਼ਨ ਫਿਰੋਜ਼ਪੁਰ ਦੇ ਸਰਪ੍ਰਸਤ, ਸੀਏ ਤੇ ਚੇਅਰਮੈਨ, ਜੈਨੇਸਿਸ ਇਸਟੀਚਿਊਟ ਆਫ ਡੈਂਟਲ ਸਾਇੰਸ ਅਤੇ ਖੋਜ ਡਾ. ਵਰਿੰਦਰ ਮੋਹਨ ਸਿੰਘਲ ਵੱਲੋਂ ਰਿਲੀਜ਼ ਕੀਤਾ ਗਿਆ।ਇਸ ਤਿੰਨ ਰੋਜ਼ਾ ਮੁਕਾਬਲੇ ਬਾਰੇ ਜਾਣਕਾਰੀ ਦਿੰਦਿਆਂ ਡਾ. ਰੁਦਰਾ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਖਿਡਾਰੀ ਭਾਗ ਲੈਣ ਲਈ ਆਉਣਗੇ।ਇਸ ਮੁਕਾਬਲੇ ਦਾ ਮੁੱਖ ਉਦਘਾਟਨ ਵਿਵੇਕਾਨੰਦ ਵਰਲਡ ਸਕੂਲ ਦੇ ਕੈਂਪਸ ਵਿੱਚ ਹੋਵੇਗਾ ਤੇ ਵੱਖ-ਵੱਖ ਵਰਗਾਂ ਵਿੱਚ ਪੁਰਸ਼ ਤੇ ਮਹਿਲਾ ਖਿਡਾਰੀ ਭਾਗ ਲੈਣਗੇ।ਉਨ੍ਹਾ ਵਿਦਿਆਰਥੀਆਂ ਨੂੰ ਵਧੀਆ ਖੇਡ ਪ੍ਰਦਰਸ਼ਨ ਦੀ ਅਪੀਲ ਕੀਤੀ।ਇਸ ਮੁਕਾਬਲੇ ਦੀ ਸ਼ੁਰੂਆਤ 25 ਦਸੰਬਰ ਨੂੰ ਹੋਵੇਗੀ ਤੇ ਇਹ ਮੈਚ ਤਿੰਨ ਦਿਨ ਖੇਡੇ ਜਾਣਗੇ।ਵਰਿੰਦਰ ਮੋਹਨ ਸਿੰਘਲ ਨੇ ਪੋਸਟਰ ਰਿਲੀਜ਼ ਕਰਦੇ ਹੋਏ ਇਸ ਮੁਕਾਬਲੇ ਵਿੱਚ ਭਾਗ ਲੈਣ ਵਾਲੇ ਸਾਰੇ ਪ੍ਰਤੀਯੋਗੀਆਂ ਨੂੰ ਸ਼ੁੱਭ-ਕਾਮਨਾਵਾਂ ਦਿੱਤੀਆਂ।ਵਿਵੇਕਾਨੰਦ ਵਰਲਡ ਸਕੂਲ ਦੇ ਡਾਇਰੈਕਟਰ ਨੇ ਉਮੀਦ ਪ੍ਰਗਟਾਈ ਕਿ ਇਸ ਮੁਕਾਬਲੇ ਦਾ ਆਯੋਜਨ ਸਫਲ ਹੋਵੇਗਾ ਤੇ ਇਸ ਨਾਲ ਨੌਜਵਾਨ ਖਿਡਾਰੀਆਂ ਨੂੰ ਪ੍ਰੇਰਨਾ ਮਿਲੇਗੀ।ਇਸ ਮੌਕੇ ਗੌਰਵ ਸਾਗਰ ਭਾਸਕਰ, ਜਨਰਲ ਸਕੱਤਰ ਜ਼ਿਲ੍ਹਾ ਫੈਂਸਿੰਗ ਐਸੋਸੀਏਸ਼ਨ ਤੇ ਸੰਯੁਕਤ ਸਕੱਤਰ ਦਵਿੰਦਰ ਨਾਥ ਸ਼ਰਮਾ, ਵਿਪਨ ਸ਼ਰਮਾ ਤੇ ਸਪਨ ਵਟਸ ਹਾਜ਼ਰ ਸਨ।

## ਸਿਲਵਰ ਵਾਟਿਕਾ ਸਕੂਲ 'ਚ ਧਾਰਮਿਕ ਸਮਾਗਮ



**ਭੀਖੀ (ਧਰਮਵੀਰ ਸ਼ਰਮਾ)**-ਸਾਹਿਬਜ਼ਾਦਿਆਂ ਦੀ ਸ਼ਹੀਦੀ ਨੂੰ ਸਮਰਪਤ ਸਥਾਨਕ ਸਿਲਵਰ ਵਾਟਿਕਾ ਸਕੂਲ ਵਿਖੇ ਧਾਰਮਿਕ ਸਮਾਰੋਹ ਕਰਵਾਇਆ ਗਿਆ। ਇਸ ਸਮਾਰੋਹ ਵਿੱਚ ਸਿੱਖ ਧਰਮ ਬਾਰੇ ਜਾਣਕਾਰੀ ਦਿੰਦਾ ਇੱਕ ਕੁਇੱਜ਼ ਕੰਪੀਟੀਸ਼ਨ ਕਰਵਾਇਆ ਗਿਆ ਤਾਂ ਕਿ ਬੱਚੇ ਸਿੱਖ ਇਤਿਹਾਸ ਤੋਂ ਜਾਣੂ ਹੋ ਸਕਣ। ਸ਼ਬਦ ਕੀਰਤਨ, ਜਪੁਜੀ ਸਾਹਿਬ ਦਾ ਪਾਠ ਕਰਵਾਇਆ ਗਿਆ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਬਾਰੇ ਜਾਣਕਾਰੀ ਦਿੱਤੀ ਗਈ। ਸਕੂਲ ਦੇ ਬੱਚਿਆਂ ਨੇ ਇਸ ਸਮਾਰੋਹ ਵਿੱਚ ਸਿੱਖ ਇਤਿਹਾਸ ਦੀਆਂ ਵਾਰਾਂ ਗਾ ਕੇ ਸ਼ਹੀਦਾਂ ਨੂੰ ਯਾਦ ਕੀਤਾ। ਇਸ ਮੌਕੇ ਸਕੂਲ ਚੇਅਰਮੈਨ ਰਿਸ਼ਵ ਸਿੰਗਲਾ, ਨਮਨ ਸਿੰਗਲਾ, ਪਿੰਸੀਪਲ ਕਿਰਨ ਰਤਨ ਤੇ ਹੋਰ ਵੀ ਹਾਜ਼ਰ ਸਨ।

## ਕੈਂਬਰਿਜ ਕਾਨਵੈਂਟ 'ਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਸੰਬੰਧੀ ਸਮਾਗਮ



**ਕੋਟ ਈਸੇ ਖਾਂ (ਅਰੋੜਾ)**-ਕੈਂਬਰਿਜ ਕਾਨਵੈਂਟ ਸਕੂਲ ਵਿੱਚ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਸੰਬੰਧੀ ਸਮਾਗਮ ਕਰਾਇਆ ਗਿਆ। ਸਕੂਲ ਵਿੱਚ ਸਵੇਰ ਦੀ ਅਸੈਂਬਲੀ ਵਿੱਚ ਬੱਚਿਆਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਧਾਰਮਿਕ ਕਵਿਤਾ, ਸ਼ਬਦ ਗਾਇਨ, ਚਾਰ ਸਾਹਿਬਜ਼ਾਦੇ ਦੀ ਜੀਵਨੀ ਸੰਬੰਧੀ ਕਥਾ ਕਥਾਵਾਂ ਨੂੰ ਪੇਸ਼ ਕੀਤਾ ਗਿਆ। ਅਧਿਆਪਕਾਂ ਵੱਲੋਂ ਵੀ ਸਾਹਿਬਜ਼ਾਦਿਆਂ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਪਰਵਾਰ ਸੰਬੰਧੀ ਦੱਸਿਆ ਗਿਆ ਤਾਂ ਜੁ ਬੱਚਿਆਂ ਨੂੰ ਸ੍ਰੀ ਗੁਰੂ ਗੋਬਿੰਦ ਸਿੰਘ ਅਤੇ ਉਨ੍ਹਾਂ ਦੇ ਸਹਿਬਜ਼ਾਦਿਆਂ ਦੀ ਸ਼ਹੀਦੀ ਤੋਂ ਬੱਚਿਆਂ ਨੂੰ ਜਾਣੂ ਕਰਾਇਆ ਜਾ ਸਕੇ। ਇਸ ਤਰ੍ਹਾਂ ਸਕੂਲ ਵਿੱਚ ਚਾਰ ਸਾਹਿਬਜ਼ਾਦਿਆਂ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਅਮੁੱਲੀ ਸ਼ਹਾਦਤ ਨੂੰ ਪ੍ਰਣਾਮ ਕੀਤਾ ਗਿਆ।

# ਬੀ ਕੇ ਯੂ ਕ੍ਰਾਂਤੀਕਾਰੀ (ਔਰਤ ਵਿੰਗ) ਅਗਵਾੜ ਹਾਕਮ ਦੀ ਪਰਮਜੀਤ ਕੌਰ ਬਣੀ ਪ੍ਰਧਾਨ ਤੇ ਰਣਜੀਤ ਕੌਰ ਸਕੱਤਰ



**ਮੋਗਾ (ਅਮਰਜੀਤ ਬੱਬਰੀ)**

ਭਾਰਤੀ ਕਿਸਾਨ ਯੂਨੀਅਨ ਕ੍ਰਾਂਤੀਕਾਰੀ ਔਰਤ ਵਿੰਗ ਦੀ ਮੋਗਾ ਸ਼ਹਿਰ ਦੇ ਹਾਕਮ ਕੇ ਅਗਵਾੜ ਵਿੱਚ ਕਿਰਨਦੀਪ ਕੌਰ ਸੰਘਾ ਡਰੋਲੀ ਦੀ ਪ੍ਰਧਾਨਗੀ ਵਿੱਚ ਮੀਟਿੰਗ ਕੀਤੀ ਗਈ।ਮੀਟਿੰਗ ਵਿੱਚ ਔਰਤ ਆਗੂ ਪਰਮਜੀਤ ਕੌਰ ਮੁਦਕੀ ਤੇ ਜ਼ਿਲ੍ਹਾ ਫ਼ਿਰੋਜ਼ਪੁਰ ਦੇ ਪ੍ਰਚਾਰ ਸਕੱਤਰ ਗੁਰਭਾਗ ਸਿੰਘ ਮਰੂੜ ਵੀ ਹਾਜ਼ਰ ਸਨ।

ਪਰਮਜੀਤ ਕੌਰ ਮੁਦਕੀ ਨੇ ਕਿਸਾਨੀ ਘੋਲਾਂ ਵਿੱਚ ਔਰਤਾਂ ਦੀ ਭੂਮਿਕਾ 'ਤੇ ਬੋਲਦਿਆਂ ਦੱਸਿਆ ਕਿ ਔਰਤਾਂ ਜਥੇਬੰਦ ਹੋਣ ਤੇ ਗਿਣਤੀ ਡਬਲ ਹੋ ਜਾਂਦੀ ਹੈ।ਦਿੱਲੀ ਮੋਰਚੇ ਨੂੰ ਫਤਿਹ ਕਰਨ ਵਿੱਚ ਔਰਤਾਂ ਦਾ ਵਿਸ਼ੇਸ਼ ਯੋਗਦਾਨ ਹੈ।ਟੋਲ ਪਲਾਜ਼ਾ ਕੋਟਕਰੋੜ, ਗਿੱਦੜਪਿੰਡੀ ਤੇ ਆਡਾਨੀ ਸੈਲੋਪਲਾਂਟ ਡਗਰੂ ਪੱਕੇ ਧਰਨਿਆਂ ਤੇ ਔਰਤਾਂ ਨੇ ਜ਼ੋਰਦਾਰ ਸ਼ਮੂਲੀਅਤ ਕੀਤੀ।ਅੰਤ ਸਾਡਾ ਅੰਦੋਲਨ ਜੇਤੂ ਹੋਇਆ।ਗੁਰਭਾਗ ਸਿੰਘ ਮਰੂੜ ਨੇ ਦੱਸਿਆ ਕਿ ਜਥੇਬੰਦੀ ਨੇ ਪਹਿਲਾਂ 18 ਜਥੇਬੰਦੀਆਂ ਇਕੱਠੀਆਂ ਕਰਕੇ ਹੜ੍ਹ ਪੀੜਤਾ ਨੂੰ ਮੁਆਵਜ਼ਾ ਦਵਾਉਣ ਲਈ ਪੰਜ ਦਿਨ ਸੜਕਾਂ ਰੋਕੀਆਂ, ਤਿੰਨ ਦਿਨ ਰੇਲਾ ਰੋਕੀਆਂ।ਹੁਣ ਸੰਯੁਕਤ ਕਿਸਾਨ ਮੋਰਚਾ (ਗੈਰ ਰਾਜਨੀਤਕ) ਨਾਲ ਸਾਂਝਾ ਪਲੇਟਫਾਰਮ ਸਥਾਪਤ ਕੀਤਾ ਹੈ।ਪੰਜਾਬ ਵਿੱਚ ਦੋ ਵੱਡੀਆਂ ਮਹਾਂਪੰਚਾਇਤਾਂ ਕੀਤੀਆਂ ਜਾ ਰਹੀਆਂ ਹਨ। ਪਹਿਲੀ 2 ਜਨਵਰੀ ਨੂੰ ਜੜਿਆਲਾ ਗੁਰੂ ਅਤੇ ਦੂਜੀ 6 ਜਨਵਰੀ ਨੂੰ ਬਰਨਾਲਾ ਵਿਖੇ।ਆਗੂਆਂ ਨੇ ਬਰਨਾਲਾ ਮਹਾਂਪੰਚਾਇਤ 'ਤੇ ਪੁੱਜਣ ਦਾ ਸੱਦਾ ਦਿੱਤਾ।ਅਖੀਰ ਤੇ ਬੀਕੇਯੂ ਕ੍ਰਾਂਤੀਕਾਰੀ (ਔਰਤ ਵਿੰਗ) ਦੀ ਸਥਾਪਨਾ ਕੀਤੀ ਗਈ।ਪਰਮਜੀਤ ਕੌਰ ਪ੍ਰਧਾਨ, ਰਣਜੀਤ ਕੌਰ ਸਕੱਤਰ, ਗੁਰਪ੍ਰੀਤ ਕੌਰ ਕੈਸ਼ੀਅਰ ਚੁਣੇ ਗਏ।ਕਮੇਟੀ ਨੇ ਬਰਨਾਲਾ ਮਹਾਂਪੰਚਾਇਤ 'ਤੇ ਪੁੱਜਣ ਦਾ ਐਲਾਨ ਕੀਤਾ।

# ਮੁਕਤਸਰ ਵਿਕਾਸ ਮਿਸ਼ਨ ਵੱਲੋਂ ਕੰਨਿਆ ਸਨਮਾਨ ਸਮਾਰੋਹ ਆਯੋਜਤ



**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਸਮਾਜ ਸੇਵੀ ਸੰਸਥਾ ਮੁਕਤਸਰ ਵਿਕਾਸ ਮਿਸ਼ਨ ਦੇ ਪ੍ਰਧਾਨ ਪ੍ਰਸਿੱਧ ਸਮਾਜ ਸੇਵਕ ਜਗਦੀਸ਼ ਰਾਏ ਢੋਸੀਵਾਲ ਦੀ ਦੇਖ ਰੇਖ ਅਤੇ ਸਰਪ੍ਰਸਤੀ ਹੇਠ ਪਵਨ ਹੋਟਲ ਐਂਡ ਸਵੀਟਸ ਸ਼ਾਪ ਵਿਖੇ ਕੰਨਿਆ ਸਨਮਾਨ ਸਮਾਰੋਹ ਆਯੋਜਤ ਕੀਤਾ ਗਿਆ। ਐਮ ਬੀ ਬੀ ਐੱਸ ਦੀ ਪ੍ਰੀਖਿਆ ਪਾਸ ਕਰਨ ਉਪਰੰਤ ਪੋਸਟ ਗ੍ਰੇਜੂਏਸ਼ਨ ਦੀ ਡਿਗਰੀ ਵਿਚੋਂ ਬਾਬਾ ਫਰੀਦ ਮੈਡੀਕਲ ਯੂਨੀਵਰਸਿਟੀ 'ਚੋਂ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੀ ਅਤੇ ਮੌਜੂਦਾ ਸਮੇਂ ਸਰਕਾਰੀ ਮੈਡੀਕਲ ਕਾਲਿਜ ਪਟਿਆਲਾ ਵਿਖੇ ਤਾਇਨਾਤ ਡਾ. ਅਵਨੀਤ ਕੌਰ ਐਮ.ਡੀ. (ਪੀਡੀਆਈਟ੍ਰਿਕਸ) ਸਮਾਰੋਹ ਦੇ ਮੁੱਖ ਮਹਿਮਾਨ ਸਨ। ਫਿਲਮ ਸਿਟੀ ਨੋਇਡਾ ਵਿਖੇ ਹੋਏ ਰਾਸ਼ਟਰੀ ਪੱਧਰ ਦੇ ਬੈਸਟ ਸਮਾਇਲੀ ਮੁਕਾਬਲੇ ਵਿਚ ਪਹਿਲਾ ਸਥਾਨ ਪ੍ਰਾਪਤ ਕਰਤਾ ਉਭਰਦੀ ਕਲਾਕਾਰ ਮਿਸ ਨਾਮਿਆ ਮਿੱਢਾ ਨੇ ਸਮਾਰੋਹ ਦੀ ਪ੍ਰਧਾਨਗੀ ਕੀਤੀ।

ਸਮਾਰੋਹ ਦੀ ਸ਼ੁਰੂਆਤ ਮਿਸ਼ਨ ਦੀ ਸੀਨੀਅਰ ਮੈਂਬਰ ਬੈਂਕ ਕਰਮਚਾਰੀ ਅਤੇ ਨੌਜਵਾਨ ਸਮਾਜ ਸੇਵਕਾ ਸ਼ੈਲਜਾ ਗਿਰਧਰ ਵੱਲੋਂ ਜੋਤ ਜਗਾ ਕੇ ਕੀਤੀ ਗਈ। ਇਕ ਸਾਲ ਤੋਂ ਘੱਟ ਉਮਰ ਦੀਆਂ ਕੰਨਿਆਵਾਂ ਦੀ ਪਹਿਲੀ ਲੋਹੜੀ ਅਤੇ ਨਵੇਂ ਸਾਲ ਦੇ ਸਵਾਗਤ ਨੂੰ ਸਮਰਪਤ ਇਸ ਸਮਾਰੋਹ ਵਿਚ ਮਿਸ਼ਨ ਦੇ ਸਮੂਹ ਅਹੁਦੇਦਾਰਾਂ ਅਤੇ ਮੈਂਬਰਾਂ ਨੇ ਭਾਗ ਲਿਆ। ਸਮਾਰੋਹ ਦੌਰਾਨ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਪ੍ਰਧਾਨ ਢੋਸੀਵਾਲ ਦੇ ਪਰਿਵਾਰ ਵੱਲੋਂ ਕੀਰਤ ਕੌਰ, ਗੁਰਸੀਰਤ ਕੌਰ, ਵਿਸ਼ਵਜੀਤ ਕੌਰ, ਏਕਤਾ, ਪਲਕ, ਜੈਸਮੀਨ, ਹਰਸੀਰਤ, ਅੰਜਲੀ, ਅੰਬਰ, ਹਰਮਨਜੋਤ ਕੌਰ, ਵਾਸ ਕੌਰ, ਸੁਖਪ੍ਰੀਤ ਕੌਰ, ਮਨਦੀਪ ਕੌਰ, ਸ਼ੁਭਨਦੀਪ, ਸਹਿਜਦੀਪ, ਮਾਹੀ ਚੌਹਾਨ, ਅਮਨਪ੍ਰੀਤ ਕੌਰ, ਸ਼ਿਵਾਨੀ, ਸਾਹਿਬਜੋਤ ਅਤੇ ਮਨਰਾਜ ਕੌਰ ਆਦਿ ਸਮੇਤ 51 ਛੋਟੀਆਂ ਬੱਚੀਆਂ ਨੂੰ ਕੱਪੜੇ ਅਤੇ ਤੋਹਫ਼ੇ ਭੇਟ ਕੀਤੇ ਗਏ। ਕੱਪੜੇ ਭੇਟ ਕਰਨ ਦੀ ਇਹ ਰਸਮ ਮੁੱਖ ਮਹਿਮਾਨ ਡਾ. ਅਵਨੀਤ ਕੌਰ ਵੱਲੋਂ ਆਪਣੇ ਕਰ ਕਮਲਾਂ ਨਾਲ ਕੀਤੀ ਗਈ। ਸਮਾਰੋਹ ਦੀ ਪ੍ਰਧਾਨਗੀ ਕਰਨ ਵਾਲੀ ਮਿਸ ਨਾਮਿਆ ਮਿੱਢਾ ਨੇ ਮੁੱਖ ਮਹਿਮਾਨ ਤੇ ਹੋਰਨਾਂ ਨੂੰ ਜੀਅ ਆਇਆਂ ਕਿਹਾ। ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਡਾ. ਅਵਨੀਤ ਕੌਰ ਨੇ ਕੰਨਿਆਵਾਂ ਦੀ ਲੋਹੜੀ ਮਨਾਉਣ ਲਈ ਵਿਕਾਸ ਮਿਸ਼ਨ ਦੇ ਮੈਂਬਰਾਂ ਨੂੰ ਵਧਾਈ ਦਿੱਤੀ।

ਲੋਹੜੀ ਦੇ ਪ੍ਰਤੀਕ ਵਜੋਂ ਛੋਟੀਆਂ ਕੰਨਿਆਵਾਂ ਤੋਂ ਰਿਉੜੀ ਅਤੇ ਮੂੰਗਫਲੀ ਦੇ ਬੁੱਕ ਭਰਵਾਏ ਗਏ। ਸਭਨਾਂ ਨੂੰ ਰਿਉੜੀਆਂ ਅਤੇ ਮੂੰਗਫਲੀਆਂ ਵੰਡੀਆਂ ਗਈਆਂ। ਇਸ ਮੌਕੇ ਪ੍ਰਧਾਨ ਢੋਸੀਵਾਲ ਨੇ ਇਹਨਾਂ ਛੋਟੀਆਂ ਬੱਚੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੀ ਚੜ੍ਹਦੀ ਕਲਾ ਅਤੇ ਪਰਵਾਰਕ ਖੁਸ਼ਹਾਲੀ ਦੀ ਕਾਮਨਾ ਕੀਤੀ। ਸਮਾਗਮ ਦੌਰਾਨ ਵਿਸ਼ੇਸ਼ ਤੌਰ 'ਤੇ ਪਹੁੰਚੇ ਟਾਂਕ ਕਸ਼ੱਤਰੀ ਸਭਾ ਦੇ ਪ੍ਰਧਾਨ ਨੱਥਾ ਸਿੰਘ ਸੇਵਾ ਮੁਕਤ ਇੰਸਪੈਕਟਰ ਪੰਜਾਬ ਪੁਲਿਸ ਨੇ ਕਿਹਾ ਕਿ ਛੋਟੀਆਂ ਬੱਚੀਆਂ ਨੂੰ ਸਨਮਾਨਤ ਕਰਨ ਦਾ ਉਪਰਾਲਾ ਕਰਕੇ ਮੁਕਤਸਰ ਵਿਕਾਸ ਮਿਸ਼ਨ ਨੇ ਪ੍ਰਸ਼ੰਸਾਯੋਗ ਕਾਰਜ ਕੀਤਾ ਹੈ, ਜਿਸ ਲਈ ਮਿਸ਼ਨ ਪ੍ਰਧਾਨ ਸ੍ਰੀ ਢੋਸੀਵਾਲ ਅਤੇ ਸਮੁੱਚੀ ਟੀਮ ਵਧਾਈ ਦੀ ਪਾਤਰ ਹੈ।

# ਗੁਰੂ ਤੇਗ ਬਹਾਦਰ ਸਕੂਲ 'ਚ ਸ਼ਹੀਦੀ ਦਿਹਾੜੇ ਨੂੰ ਸਮਰਪਤ ਸਮਾਗਮ



ਪ੍ਰਧਾਨ ਕਰਮਜੀਤ ਸਿੰਘ ਕਾਲੇਕਾ ਤੇ ਅਧਿਆਪਕ ਸਮਾਗਮ ਵਿੱਚ ਕਵਿਤਾਵਾਂ ਪੇਸ਼ ਕਰਨ ਵਾਲੇ ਵਿਦਿਆਰਥੀਆਂ ਦਾ ਸਨਮਾਨ ਕਰਦੇ ਹੋਏ।

**ਪਾਤੜਾਂ (ਭੁਪਿੰਦਰਜੀਤ ਮੌਲਵੀਵਾਲਾ)**

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਹਿਬਜ਼ਾਦਿਆਂ ਦੇ ਸ਼ਹੀਦੀ ਦਿਹਾੜੇ ਦੇ ਸਬੰਧ ਵਿੱਚ ਗੁਰੂ ਤੇਗ ਬਹਾਦਰ ਪਬਲਿਕ ਸਕੂਲ ਵਿੱਚ ਸਮਾਗਮ ਕਰਾਇਆ ਗਿਆ। ਪ੍ਰਬੰਧਕ ਕਮੇਟੀ ਚੇਅਰਮੈਨ ਸੁਖਜੀਤ ਸਿੰਘ ਹੈਪੀ ਕਾਲੇਕਾ ਅਤੇ ਪ੍ਰਿੰਸੀਪਲ ਗੁਰਪ੍ਰੀਤ ਕੌਰ ਨਰੈਣ ਦੀ ਅਗਵਾਈ 'ਚ ਕਰਾਏ ਗਏ ਇਸ ਸਮਾਗਮ ਵਿੱਚ ਵਿਦਿਆਰਥੀਆਂ ਵੱਲੋਂ ਸ਼ਬਦ ਗਾਇਨ ਕਰਕੇ ਤੇ ਗੀਤ ਅਤੇ ਕਵਿਤਾਵਾਂ ਪੇਸ਼ ਕਰਕੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹਾਦਤ ਬਾਰੇ ਵਿਦਿਆਰਥੀਆਂ ਨੂੰ ਜਾਣੂ ਕਰਾਇਆ ਗਿਆ। ਸਕੂਲ ਦੇ ਸੰਗੀਤ ਦੇ ਅਧਿਆਪਕਾ ਗੁਰਜੀਤ ਕੌਰ, ਪ੍ਰੋਫੈਸਰ ਯਾਦਵਿੰਦਰ ਸਿੰਘ ਤੇ ਪ੍ਰੋਫੈਸਰ ਬਲਜੀਤ ਸਿੰਘ ਨੇ ਦੱਸਿਆ ਕਿ ਸਕੂਲ ਦੇ ਵਿਦਿਆਰਥੀਆਂ ਨੇ ਸਾਹਿਬਜ਼ਾਦਾ ਅਜੀਤ ਸਿੰਘ ਜੀ, ਸਾਹਿਬਜ਼ਾਦਾ ਜੁਝਾਰ ਸਿੰਘ ਜੀ ਵੱਲੋਂ ਮੈਦਾਨੇ ਜੰਗ ਵਿੱਚ ਮੁਗ਼ਲਾਂ ਨਾਲ ਲੋਹਾ ਲੈਂਦਿਆਂ ਸ਼ਹੀਦੀਆਂ ਪ੍ਰਾਪਤ ਕਰਨ ਅਤੇ ਬਾਬਾ ਜ਼ੋਰਾਵਰ ਸਿੰਘ ਜੀ ਅਤੇ ਬਾਬਾ ਫ਼ਤਿਹ ਸਿੰਘ ਜੀ ਨੂੰ ਜ਼ੁਲਮ ਤੇ ਜਬਰ ਦਾ ਟਾਕਰਾ ਕਰਦਿਆਂ ਨੀਂਹਾਂ ਵਿੱਚ ਚਿਣ ਕੇ ਸ਼ਹੀਦ ਕੀਤੇ ਜਾਣ ਦੇ ਇਤਿਹਾਸ ਨੂੰ ਜਿੱਥੇ ਗੀਤਾਂ ਅਤੇ ਕਵਿਤਾਵਾਂ ਰਾਹੀਂ ਪੇਸ਼ ਕੀਤਾ, ਉੱਥੇ ਮਾਤਾ ਗੁਜਰ ਕੌਰ ਜੀ ਦੇ ਸ਼ਹੀਦੀ ਦੇ ਸਮੇਂ ਨੂੰ ਆਪਣਿਆਂ ਗੀਤਾਂ ਅਤੇ ਕਵਿਤਾਵਾਂ ਰਾਹੀਂ ਪੇਸ਼ ਕੀਤਾ ਗਿਆ।

ਸਕੂਲ ਮੈਨੇਜਮੈਂਟ ਕਮੇਟੀ ਦੇ ਚੇਅਰਮੈਨ ਸੁਖਜੀਤ ਸਿੰਘ ਹੈਪੀ ਕਾਲੇਕਾ ਨੇ ਸਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਯਾਦ ਕਰਾਉਂਦਿਆਂ ਦੱਸਿਆ ਕਿ ਸਹਿਬਜ਼ਾਦਿਆਂ ਨੇ ਸਾਨੂੰ ਛੋਟੀ ਉਮਰ ਵਿੱਚ ਜਬਰ ਤੇ ਜ਼ੁਲਮ ਦਾ ਟਾਕਰਾ ਕਰਨ ਦੀ ਜੋ ਜਾਂਚ ਆਪਣੀਆਂ ਕੁਰਬਾਨੀਆਂ ਦੇ ਕੇ ਸਿਖਾਈ ਹੈ, ਉਸ ਨੂੰ ਰਹਿੰਦੀ ਦੁਨੀਆਂ ਤੱਕ ਯਾਦ ਰੱਖਿਆ ਜਾਵੇਗਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਕਰਮਜੀਤ ਸਿੰਘ ਕਾਲੇਕਾ, ਉਪ ਚੇਅਰਮੈਨ ਗੁਰਬਚਨ ਸਿੰਘ ਮਾਨ, ਮੈਨੇਜਰ ਗੁਰਪਿੰਦਰ ਸਿੰਘ ਕਾਲੇਕਾ, ਸਕੱਤਰ ਕਰਨੈਲ ਸਿੰਘ, ਲਾਭ ਸਿੰਘ ਦਰਸ਼ਨ ਸਿੰਘ ਤੇ ਅਮਰਜੀਤ ਸਿੰਘ ਸਮੇਤ ਸਾਰੇ ਮੈਂਬਰ ਮੌਜੂਦ ਸਨ।

# ਪੰਜ ਪਿਆਰਿਆਂ ਦੀ ਅਗਵਾਈ 'ਚ ਵਿਸ਼ਾਲ ਨਗਰ ਕੀਰਤਨ ਸਜਾਇਆ



**ਮਹਿਲ ਕਲਾਂ (ਪ੍ਰਦੀਪ ਸਿੰਘ ਲੋਹਗੜ੍ਹ)**-ਸਰਬੰਸਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਪੁਰਬ ਅਤੇ ਮਾਤਾ ਗੁਜਰ ਕੌਰ, ਚਾਰੇ ਸਾਹਿਬਜ਼ਾਦਿਆਂ ਦੀ ਯਾਦ ਨੂੰ ਸਮਰਪਿਤ ਮਹਾਨ ਨਗਰ ਕੀਰਤਨ ਪੰਜ ਪਿਆਰਿਆਂ ਦੀ ਅਗਵਾਈ ਹੇਠ ਸਜਾਇਆ ਗਿਆ। ਇਤਿਹਾਸਕ ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਮਹਿਲ ਕਲਾਂ ਤੋਂ ਅਰਦਾਸ ਉਪਰੰਤ ਆਰੰਭ ਹੋਏ ਨਗਰ ਕੀਰਤਨ ਦਾ ਹਰ ਪੜਾਅ ਉਪਰ ਸ਼ਰਧਾਲੂ ਸੰਗਤਾਂ ਨੇ ਭਰਵਾਂ ਸੁਆਗਤ ਕੀਤਾ ਗਿਆ। ਇਸ ਮੌਕੇ ਹਜ਼ੂਰੀ ਰਾਗੀ ਭਾਈ ਜਗਸੀਰ ਸਿੰਘ ਖਾਲਸਾ ਦੇ ਰਾਗੀ ਜਥੇ ਨੇ ਮਨ ਮਨੋਹਰ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦਿਆਂ ਗੁਰੂ ਸਾਹਿਬਾਨਾਂ ਦੀਆਂ ਸਿੱਖਿਆਵਾਂ ਅਨੁਸਾਰ ਗੁਰਸਿੱਖੀ ਜੀਵਨ ਧਾਰਨ ਕਰਕੇ ਬਾਣੀ ਅਤੇ ਬਾਣੇ ਦੇ ਧਾਰਨੀ ਬਨਣ ਦੀ ਲਈ ਪ੍ਰੇਰਿਤ ਕੀਤਾ।

ਗੁਰਦੁਆਰਾ ਸਾਹਿਬ ਛੇਵੀਂ ਪਾਤਸ਼ਾਹੀ ਪ੍ਰਬੰਧਕ ਕਮੇਟੀ ਪ੍ਰਧਾਨ ਬਾਬਾ ਸ਼ੇਰ ਸਿੰਘ ਖਾਲਸਾ, ਗਿਆਨੀ ਕਰਮ ਸਿੰਘ ਆਸਟ੍ਰੇਲੀਆ ਨੇ ਗੁਰੂ ਸਾਹਿਬਾਨਾਂ ਤੇ ਸਾਰੇ ਪਰਵਾਰ ਦੀ ਲਾਸਾਨੀ ਕੁਰਬਾਨੀ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿਤੀ। ਮੀਰੀ-ਪੀਰੀ ਗੱਤਕਾ ਅਖਾੜਾ ਦੇ ਨੌਜਵਾਨਾਂ ਨੇ ਗੱਤਕੇ ਦੇ ਜੌਹਰ ਵਿਖਾਏ। ਦਸਮੇਸ਼ ਕਲੱਬ ਮਹਿਲ ਕਲਾਂ ਦੇ ਸੇਵਾਦਾਰਾਂ ਨੇ ਪ੍ਰਧਾਨ ਅਰਸ਼ਦੀਪ ਸਿੰਘ, ਹਰਮਨਜੀਤ ਸਿੰਘ ਟਿਵਾਣਾ ਦੀ ਅਗਵਾਈ ਹੇਠ ਸੇਵਾ ਭਾਵਨਾ ਨਾਲ ਜਿੰਮੇਵਾਰੀ ਨਿਭਾਈ। ਇਸ ਮੌਕੇ ਢਾਡੀ ਮੱਖਣ ਸਿੰਘ ਸੇਲਬਰਾਹ, ਕਵੀਸ਼ਰ ਉਜਾਗਰ ਸਿੰਘ ਲੋਪੋ ਦੇ ਜਥਿਆਂ ਗੁਰਇਤਿਹਾਸ ਸੁਣਾਇਆ।

ਇਸ ਸਮੇਂ ਸਮਾਜ ਸੇਵੀ ਸਰਬਜੀਤ ਸਿੰਘ ਸ਼ੰਭੂ, ਭਾਈ ਸੁਰਿੰਦਰ ਸਿੰਘ ਕੈਨੇਡਾ, ਨੰਬਰਦਾਰ ਮਹਿੰਦਰ ਸਿੰਘ, ਦਵਿੰਦਰ ਸਿੰਘ ਸੋਨੀ ਆਸਟ੍ਰੇਲੀਆ, ਹਰਦੀਪ ਸਿੰਘ ਟਿਵਾਣਾ ਆਸਟ੍ਰੇਲੀਆ, ਪ੍ਰਦੀਪ ਕੌਸ਼ਲ, ਗੁਰਪ੍ਰੀਤ ਸਿੰਘ ਚੀਨਾ, ਆਤਮਾ ਸਿੰਘ, ਰਣਜੀਤ ਸਿੰਘ ਬਿੱਟੂ, ਗੁਰਮੇਲ ਸਿੰਘ ਮੇਲੀ, ਰਾਜ ਸਿੰਘ ਭਾਂਬੜ, ਮੱਲ ਸਿੰਘ, ਹਰੀ ਸਿੰਘ, ਪ੍ਰੇਮ ਕੁਮਾਰ ਪਾਸੀ, ਸੁਖਦੇਵ ਸਿੰਘ ਰਾਗੀ, ਰਾਜਿੰਦਰ ਸਿੰਘ ਸੋਢੇ, ਭਾਈ ਹਰਬੰਸ ਸਿੰਘ ਛੰਨਾਂ, ਅਵਤਾਰ ਸਿੰਘ ਦੂਲੋਂ, ਹਰਦੀਪ ਸਿੰਘ ਬੀਹਲਾ ਆਦਿ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਸਨਮਤੀ ਵਿਮਲ ਜੈਨ ਸਕੂਲ 'ਚ ਮਨਾਈ ਕ੍ਰਿਸਮਸ



**ਜਗਰਾਉਂ (ਅਮਿਤ ਖੰਨਾ)**-ਸਨਮਤੀ ਵਿਮਲ ਜੈਨ ਸੀਨੀਅਰ ਸੈਕੰਡਰੀ ਪਬਲਿਕ ਸਕੂਲ ਦੇ ਜੂਨੀਅਰ ਵਿੰਗ ਦੇ ਬੱਚਿਆਂ ਨੇ ਕ੍ਰਿਸਮਿਸ ਦਾ ਤਿਉਹਾਰ ਬੜੇ ਹੀ ਉਤਸ਼ਾਹ ਅਤੇ ਖੁਸ਼ੀ ਨਾਲ ਮਨਾਇਆ। ਸਕੂਲ ਦੇ ਨਰਸਰੀ ਵਿੰਗ ਨੂੰ ਬਹੁਤ ਹੀ ਖੂਬਸੂਰਤ ਅੰਦਾਜ਼ 'ਚ ਸਜਾਇਆ ਗਿਆ। ਜਿੰਗਲ ਬੈੱਲ ਗੀਤ 'ਤੇ ਡਾਂਸ ਵੀ ਕੀਤਾ ਗਿਆ। ਕ੍ਰਿਸਮਸ ਦਾ ਜਸ਼ਨ ਮਨਾਉਂਦੇ ਹੋਏ ਛੋਟੇ-ਛੋਟੇ ਬੱਚੇ ਬਹੁਤ ਹੀ ਖੂਬਸੂਰਤ ਲੱਗ ਰਹੇ ਸਨ। ਡਾਇਰੈਕਟਰ ਸ਼ਸ਼ੀ ਜੈਨ ਨੇ ਸਾਰੇ ਬੱਚਿਆਂ ਅਤੇ ਸਟਾਫ ਨੂੰ ਕ੍ਰਿਸਮਿਸ ਦੀ ਵਧਾਈ ਦਿੱਤੀ। ਇਸ ਤੋਂ ਬਾਅਦ ਪ੍ਰਿੰਸੀਪਲ ਸੁਪ੍ਰਿਆ ਖੁਰਾਣਾ ਨੇ ਬੱਚਿਆਂ ਨੂੰ ਭਗਵਾਨ ਯਿਸੂ ਮਸੀਹ ਦੇ ਜੀਵਨ ਬਾਰੇ ਜਾਣਕਾਰੀ ਦਿੱਤੀ। ਇਸ ਦਿਨ ਪ੍ਰਭੂ ਯਿਸੂ ਮਸੀਹ ਦਾ ਜਨਮ ਹੋਇਆ ਸੀ। ਇਸਾਈ ਲੋਕ ਇਸ ਦਿਨ ਨੂੰ ਬੜੀ ਧੂਮ-ਧਾਮ ਨਾਲ ਮਨਾਉਂਦੇ ਹਨ। ਉਨ੍ਹਾਂ ਨੇ ਪ੍ਰਭੂ ਯਿਸੂ ਮਸੀਹ ਦੇ ਜੀਵਨ ਤੋਂ ਸਿੱਖਣ ਅਤੇ ਉਸ 'ਤੇ ਚੱਲਣ ਲਈ ਕਿਹਾ। ਸਕੂਲ ਦੀ ਪ੍ਰਬੰਧਕ ਕਮੇਟੀ ਨੇ ਸਮੂਹ ਬੱਚਿਆਂ ਤੇ ਸਟਾਫ ਨੂੰ ਵਧਾਈ ਦਿੱਤੀ।

## ਕੋਟਕਪੂਰਾ ਵਿਸ਼ਵਾਸ ਲਾਇਨਜ਼ ਕਲੱਬ ਲੋੜਵੰਦਾਂ ਦੀ ਮਦਦ ਲਈ ਤਤਪਰ



**ਕੋਟਕਪੂਰਾ (ਰਛਪਾਲ ਭੁੱਲਰ)**-ਕੋਟਕਪੂਰਾ ਵਿਸ਼ਵਾਸ ਲਾਇਨਜ ਕਲੱਬ ਨੇ ਗਲਾਸਗੋ ਯੂ.ਕੇ (ਸਕਾਟਲੈਂਡ) ਤੋਂ ਬਰਹਾਇਆ ਪਰਵਾਰ ਦੀ ਮੈਂਬਰ ਜਸਪ੍ਰੀਤ ਕੌਰ ਬਰਹਾਇਆ ਸਪੁੱਤਰੀ ਐਮ ਜੇ ਐਫ ਲਾਇਨ ਗੁਰਦੀਪ ਸਿੰਘ ਸੇਵਾਮੁਕਤ ਮੈਨੇਜਰ ਦੇ ਸਹਿਯੋਗ ਨਾਲ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਕੋਟਕਪੂਰਾ ਵਲੋਂ ਚੱਲ ਰਹੇ ਗੁਰੂ ਨਾਨਕ ਮੋਦੀਖਾਨਾ ਦੇ ਸੰਚਾਲਕ ਹਰਪ੍ਰੀਤ ਸਿੰਘ ਖਾਲਸਾ ਵਲੋਂ ਸੰਗਤਾਂ ਦੇ ਧਿਆਨ ਹਿਤ ਲਿਆ ਕੇ, ਬੀ ਏ ਭਾਗ ਪਹਿਲਾ ਦੀ ਵਿਦਿਆਰਥਣ ਬੇਟੀ ਸਿਮਰਜੀਤ ਕੌਰ ਪੁੱਤਰੀ ਤਿਲਕ ਰਾਜ ਵਾਸੀ ਸੁਰਗਾਪੁਰੀ ਦੀ ਦੂਜੀ ਛਿਮਾਹੀ ਦੀ ਫੀਸ ਅੱਠ ਹਜ਼ਾਰ ਰੁਪਏ ਦਿਵਾਉਣ ਦਾ ਉਪਰਾਲਾ ਕੀਤਾ। ਇਸ ਮੌਕੇ ਉਪਰੋਕਤ ਤੋਂ ਇਲਾਵਾ ਰਜਿੰਦਰ ਸਿੰਘ ਸਰਾਂ ਕੈਬਨਿਟ ਮੈਂਬਰ, ਗੁਰਵੀਰ ਕਰਨ ਸਿੰਘ ਢਿੱਲੋਂ ਪ੍ਰਧਾਨ, ਰਛਪਾਲ ਸਿੰਘ ਭੁੱਲਰ ਫਸਟ ਵੀ ਪੀ, ਵਿਕਰਾਂਤ ਧੀਂਗੜਾ ਸਕੱਤਰ, ਸੰਤ ਸਿੰਘ ਅਨੰਦ ਅਤੇ ਮੈਡਮ ਜਸਵੀਰ ਕੌਰ ਸਰਾਂ ਵੀ ਹਾਜ਼ਰ ਸਨ।

# 291 ਪੇਟੀਆਂ ਨਾਜਾਇਜ਼ ਸ਼ਰਾਬ ਸਮੇਤ 2 ਵਿਅਕਤੀ ਗ੍ਰਿਫ਼ਤਾਰ


ਫੋਟੋ : ਸੁਖਜੀਤ ਭਾਟੀਆ

**ਬਲਾਚੌਰ/ਕਾਠਗੜ੍ਹ (ਸੁਭਾਸ਼ ਭਾਟੀਆ)**-ਜ਼ਿਲਾ ਪੁਲਸ ਮੁਖੀ ਸ਼ਹੀਦ ਭਗਤ ਸਿੰਘ ਨਗਰ ਦੀਆਂ ਹਦਾਇਤਾਂ 'ਤੇ ਬਲਾਚੌਰ ਰੂਪਨਗਰ ਨੇ ਰਾਜ ਮਾਰਗ 'ਤੇ ਸਥਿਤ ਹਾਈਟੈਕ ਨਾਕਾ ਆਸਰੋਂ ਵਿਖੇ ਥਾਣਾ ਕਾਠਗੜ੍ਹ ਪੁਲਸ ਨੇ ਵਿਸ਼ੇਸ਼ ਨਾਕਾਬੰਦੀ ਕਰਕੇ ਇੱਕ ਕੈਂਟਰ ਗੱਡੀ ਨੂੰ ਕਾਬੂ ਕਰਕੇ ਉਸ ਵਿੱਚੋਂ 291 ਪੇਟੀਆਂ ਨਾਜਾਇਜ਼ ਸ਼ਰਾਬ ਦੀਆਂ ਬਰਾਮਦ ਕਰਕੇ ਦੋ ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦੇ ਹੋਏ ਐੱਸਐੱਚਓ ਇੰਸਪੈਕਟਰ ਪੰਕਜ ਸ਼ਰਮਾ ਨੇ ਦੱਸਿਆ ਹੈ ਕਿ ਕਿਸੇ ਖਾਸ ਮੁਖਬਰ ਨੇ ਇਤਲਾਹ ਦਿੱਤੀ ਕਿ ਇੱਕ ਕੈਂਟਰ ਗੱਡੀ ਨੰਬਰ ਐੱਚ ਆਰ 69ਸੀ1531 ਟਾਟਾ 909 ਵਿੱਚ 2 ਵਿਅਕਤੀ ਨਾਜਾਇਜ਼ ਸ਼ਰਾਬ ਲੈ ਕੇ ਆ ਰਹੇ ਹਨ ਤੇ ਪੁਲਸ ਨੇ ਤੁਰੰਤ ਹਰਕਤ ਵਿੱਚ ਆ ਕੇ ਹਾਈਟੈੱਕ ਨਾਕਾ ਆਸਰੋਂ ਵਿਖੇ ਵਿਸ਼ੇਸ਼ ਨਾਕਾਬੰਦੀ ਕੀਤੀ ਤੇ ਵਾਹਨਾਂ ਦੀ ਚੈਕਿੰਗ ਸ਼ੁਰੂ ਕੀਤੀ ਜਿਸ ਦੌਰਾਨ ਨਵਾਂਸ਼ਹਿਰ ਤੋਂ ਰੋਪੜ ਵੱਲ ਨੂੰ ਜਾ ਰਹੀ ਉਹ ਕੈਂਟਰ ਗੱਡੀ ਨੂੰ ਰੁਕਣ ਦਾ ਇਸ਼ਾਰਾ ਕੀਤਾ ਪਰ ਉਸ ਦੇ ਚਾਲਕ ਨੇ ਪੁਲਸ ਪਾਰਟੀ ਨੂੰ ਦੇਖ ਕੇ ਕੈਂਟਰ ਨੂੰ ਭਜਾਉਣ ਦੀ ਕੋਸ਼ਿਸ਼ ਕੀਤੀ। ਪੁਲਸ ਨੇ ਤੁਰੰਤ ਕਾਰਵਾਈ ਕਰਦੇ ਹੋਏ ਕੈਂਟਰ ਗੱਡੀ ਨੂੰ ਕਾਬੂ ਕਰ ਲਿਆ ਤੇ ਜਦੋਂ ਉਸ ਦੀ ਤਲਾਸ਼ੀ ਲਈ ਗਈ ਤਾਂ ਗੱਡੀ ਦੇ ਪਿਛਲੇ ਪਾਸੇ ਡਾਲੇ ਕੋਲ ਚਿਪਸ ਨਾਲ ਭਰੇ ਵੱਡੇ-ਵੱਡੇ ਲਿਫਾਫੇ ਲਗਾਏ ਹੋਏ ਸਨ ਤਾਂ ਕਿ ਚੈੱਕ ਕਰਨ 'ਤੇ ਇਹੀ ਪਤਾ ਲੱਗੇ ਕਿ ਇਸ ਵਿੱਚ ਤਾਂ ਚਿਪਸ ਭਰੇ ਹੋਏ ਹਨ ਪਰ ਕਾਠਗੜ੍ਹ ਪੁਲਸ ਵੱਲੋਂ ਇਸ ਦੀ ਬਾਰੀਕੀ ਨਾਲ ਜਾਂਚ ਕੀਤੀ ਗਈ ਤਾਂ ਉਸ ਵਿੱਚੋਂ 291 ਪੇਟੀਆਂ ਨਾਜਾਇਜ਼ ਸ਼ਰਾਬ ਬਰਾਮਦ ਹੋਈਆਂ ਅਤੇ ਫੜੇ ਗਏ ਵਿਅਕਤੀਆਂ ਦਾ ਪੁਲਸ ਨੇ ਜਦੋਂ ਨਾਂ ਪਤਾ ਪੁੱਛਿਆ ਤਾਂ ਇੱਕ ਨੇ ਆਪਣਾ ਨਾਂ ਰਵੀ ਕੁਮਾਰ ਪੁੱਤਰ ਮਹਿੰਦਰ ਸਿੰਘ ਪਿੰਡ ਭਰਤ ਨਗਰ ਕਾਲੋਨੀ ਸੈਕਟਰ 25 ਜ਼ਿਲ੍ਹਾ ਪਾਣੀਪਤ ਤੇ ਦੂਸਰੇ ਨੇ ਆਪਣਾ ਨਾਂ ਦੀਪਕ ਸਿੰਘ ਪੁੱਤਰ ਜੋਗਿੰਦਰ ਸਿੰਘ ਪਿੰਡ ਜੌਰਾਸੀ ਥਾਣਾ ਸਮਾਲਕਾਂ ਜ਼ਿਲ੍ਹਾ ਪਾਣੀਪਤ ਦੱਸਿਆ। ਕਾਠਗੜ੍ਹ ਪੁਲਸ ਵਲੋਂ ਗੱਡੀ ਨੂੰ ਕਬਜ਼ੇ ਵਿੱਚ ਲੈ ਕੇ ਦੋਵਾਂ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਕੇ ਐਕਸਾਈਜ਼ ਐਕਟ ਤਹਿਤ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਨਿਹੰਗ ਸਿੰਘਾਂ ਦੇ ਬਾਣੇ 'ਚ ਕੀਤਾ ਹਮਲਾ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੋਬੀ)**-ਸ਼ਹੀਦੀ ਜੋੜ ਮੇਲ ਦੇ ਤੀਸਰੇ ਦਿਨ ਸ੍ਰੀ ਚਮਕੌਰ ਸਾਹਿਬ ਦੇ ਬੰਸਲ ਮੈਡੀਕਲ ਸਟੋਰ ਵਿੱਚ ਦੋ ਨੌਜਵਾਨਾਂ ਵੱਲੋਂ ਨਸ਼ੇ ਦੀ ਦਵਾਈ ਦੀ ਮੰਗ ਨਾ ਪੂਰੀ ਹੋਣ ਤੇ ਸਟੋਰ ਦੇ ਮਾਲਕ ਜਿੰਮੀ ਗਰਗ ਉੱਤੇ ਹਮਲਾ ਕਰ ਦਿੱਤਾ ਗਿਆ। ਜਿੰਮੀ ਗਰਗ ਨੇ ਦੱਸਿਆ ਕਿ ਇੱਕ ਨੌਜਵਾਨ ਨੇ ਨਿਹੰਗ ਸਿੰਘਾਂ ਦਾ ਬਾਣਾ ਪਾਇਆ ਹੋਇਆ ਸੀ, ਜਿਸ ਨੇ ਬਰਸ਼ੇ ਨਾਲ ਹਮਲਾ ਕੀਤਾ, ਉਸ ਦਾ ਹੱਥ ਜ਼ਖ਼ਮੀ ਅਤੇ ਇੱਕ ਉਂਗਲੀ ਦੀ ਹੱਡੀ ਟੁੱਟ ਗਈ। ਉਨ੍ਹਾਂ ਨੇ ਦੱਸਿਆ ਕਿ ਪੁਲਸ ਵੱਲੋਂ ਵੀ ਸੀ.ਸੀ.ਟੀ.ਵੀ ਕੈਮਰਿਆਂ ਦੇ ਅਧਾਰ 'ਤੇ ਵਿਅਕਤੀਆਂ ਦੀ ਭਾਲ ਜਾਰੀ ਹੈ। ਨਿਹੰਗ ਸਿੰਘ ਜਥੇਬੰਦੀਆਂ ਨੇ ਦੱਸਿਆ ਕਿ ਜਥੇਬੰਦੀਆਂ ਨਾਲ ਜੁੜੇ ਹੋਏ ਵਿਅਕਤੀ ਅਜਿਹੇ ਕੰਮ ਨਹੀਂ ਕਰਦੇ। ਇਹ ਸਭ ਬਹੁਰੂਪੀਏ ਹਨ, ਜਿਹੜੇ ਨਿਹੰਗ ਸਿੰਘਾਂ ਨੂੰ ਬਦਨਾਮ ਕਰ ਰਹੇ ਹਨ। ਉਹਨਾਂ ਨੇ ਇਹ ਵੀ ਕਿਹਾ ਕਿ ਜਿਹੜੇ ਅਜਿਹੇ ਕੰਮ ਕਰਦੇ ਹਨ , ਉਹਨਾਂ ਨੂੰ ਉਸੇ ਵਕਤ ਉੱਥੇ ਬੰਨ ਕੇ , ਉਹਨਾਂ ਉੱਤੇ ਬਣਦੀ ਕਾਰਵਾਈ ਕੀਤੀ ਜਾਵੇ।



# ਇਨੋਵੇਟਿਵ ਜੂਨੀਅਰ ਸਕੂਲ ਦੇ ਬੱਚਿਆਂ ਨੇ ਮਨਾਇਆ ਕ੍ਰਿਸਮਸ ਦਾ ਤਿਉਹਾਰ



**ਟਾਂਡਾ ਉੜਮੁੜ (ਉਂਕਾਰ ਸਿੰਘ ਜਸਵਿੰਦਰ ਸੰਧੂ)**-ਇਥੋਂ ਦੇ ਇਨੋਵੇਟਿਵ ਜੂਨੀਅਰ ਸਕੂਲ ਉੜਮੁੜ ਵਿਖੇ ਪ੍ਰਿੰਸੀਪਲ ਜਤਿੰਦਰ ਕੌਰ ਅਰੋੜਾ ਦੀ ਅਗਵਾਈ ਵਿੱਚ ਬੱਚਿਆਂ ਅਤੇ ਸਟਾਫ ਵੱਲੋਂ ਮਿਲ ਕੇ ਕ੍ਰਿਸਮਸ ਦਾ ਤਿਉਹਾਰ ਮਨਾਇਆ ਗਿਆ। ਇਸ ਮੌਕੇ ਵੱਡੀ ਗਿਣਤੀ ਬੱਚਿਆਂ ਵੱਲੋਂ ਸੈਂਟਾਂ ਕਲੋਜ਼ ਦੀਆਂ ਡਰੈਸ ਪਾ ਕੇ ਸਾਰਿਆਂ ਨੂੰ ਵਧਾਈ ਦਿੰਦੇ ਹੋਏ ਆਪਸ ਵਿੱਚ ਪਿਆਰ ਬਣਾਉਣ ਦਾ ਸੱਦਾ ਦਿੱਤਾ। ਆਪਣੇ ਸੰਬੋਧਨ ਵਿੱਚ ਪ੍ਰਿੰਸੀਪਲ ਜਤਿੰਦਰ ਕੌਰ ਅਰੋੜਾ ਨੇ ਕਿਹਾ ਸਾਰੇ ਧਰਮ ਸਾਨੂੰ ਪ੍ਰੇਮ ਦਾ ਰਸਤਾ ਵਿਖਾਉਂਦੇ ਹਨ ਅਤੇ ਇਹਨਾਂ ਸਾਰੇ ਧਰਮਾਂ ਦੇ ਮੁਖੀਆਂ ਵੱਲੋਂ ਇਹੀ ਉਪਦੇਸ਼ ਕੀਤਾ ਜਾਂਦਾ ਰਿਹਾ ਹੈ ਕਿ ਸਾਰੇ ਮਨੁੱਖ ਬਰਾਬਰ ਹਨ ਅਤੇ ਪ੍ਰਭੂ ਪਰਮਾਤਮਾ ਦੀ ਸੰਤਾਨ ਹਨ। ਧਰਮ ਜਾਤ ਪਾਤ ਉਚ ਨੀਚ ਸਾਡੇ ਇਨਸਾਨਾਂ ਵੱਲੋਂ ਪੈਦਾ ਕੀਤੀ ਗਈ ਹੈ। ਚੰਗੇ ਸਮਾਜ ਦੀ ਸਿਰਜਣਾ ਲਈ ਸਾਨੂੰ ਸਾਰਿਆਂ ਨੂੰ ਮਿਲ ਕੇ ਯਤਨ ਕਰਨੇ ਚਾਹੀਦੇ ਹਨ। ਜਿਥੇ ਸਾਨੂੰ ਆਪਣਾ ਆਲਾ ਦੁਆਲਾ ਅਤੇ ਵਾਤਾਵਰਨ ਸਾਫ ਸੁੱਥਰਾ ਰੱਖਣਾ ਚਾਹੀਦਾ ਹੈ ਉਥੇ ਸਾਨੂੰ ਸਾਰਿਆਂ ਨੂੰ ਆਪਸ ਵਿੱਚ ਮਿਲ ਕੇ ਪ੍ਰੇਮ ਪਿਆਰ ਨਾਲ ਰਹਿਣਾ ਚਾਹੀਦਾ ਹੈ। ਕ੍ਰਿਸਮਸ ਵੀ ਸਾਨੂੰ ਇਹੀ ਸੰਦੇਸ਼ ਦਿੰਦਾ ਹੈ। ਇਸ ਮੌਕੇ ਹਰਪ੍ਰੀਤ ਕੌਰ, ਕਮਲਜੀਤ ਕੌਰ, ਰਾਜਵਿੰਦਰ ਕੌਰ, ਨੇਹਾ, ਅਨੀਤਾ, ਭੁਪਿੰਦਰ ਕੌਰ, ਮੀਨਾ ਰਾਣੀ, ਪ੍ਰਭਜੋਤ ਕੌਰ, ਹੇਮਾ ਅਤੇ ਜਸਮੀਨ ਹਾਜਰ ਸਨ।

# ਸਤਨਾਮ ਜਲਾਲਪੁਰ ਨੇ ਨਵਾਂ ਪਿੰਡ ਟੱਪਰੀਆਂ ਨੂੰ ਦਿੱਤਾ ਇੱਕ ਲੱਖ ਰੁਪਏ ਦਾ ਚੈੱਕ



**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)** -ਸਤਨਾਮ ਜਲਾਲਪੁਰ, ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ,ਸ਼ਹੀਦ ਭਗਤ ਸਿੰਘ ਨਗਰ ਵਲੋਂ ਭਗਵੰਤ ਸਿੰਘ ਮਾਨ , ਮੁੱਖ ਮੰਤਰੀ, ਪੰਜਾਬ ਦੇ ਰੰਗਲਾ ਪੰਜਾਬ ਬਨਾਉਣ ਦੇ ਸੁਪਨੇ ਨੂੰ ਸਾਕਾਰ ਕਰਨ ਲਈ ਇੱਕ ਕਦਮ ਹੋਰ ਅੱਗੇ ਵਧਾਉਂਦੇ ਹੋਏ ਅਤੇ ਪਿੰਡ ਦੀ ਨੌਜਵਾਨੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਨਵਾਂ ਪਿੰਡ ਟੱਪਰੀਆਂ ਦੀ ਪੰਚਾਇਤ ਨੂੰ ਆਪਣੇ ਅਖਤਿਆਰੀ ਕੋਟੇ ਵਿੱਚੋਂ ਇੱਕ ਲੱਖ ਰੁਪਏ ਦਾ ਚੈਕ ਭੇਟ ਕੀਤਾ, ਜੋ ਕਿ ਖੇਡ ਗਰਾਉਂਡ ਤਿਆਰ ਕਰਨ ਲਈ ਦਿੱਤਾ ਗਿਆ ਹੈ। ਰਜਿੰਦਰ ਲੋਹਟੀਆ ਮੈਂਬਰ ਪਸ਼ੂ ਭਲਾਈ ਬੋਰਡ, ਪੰਜਾਬ ਵਲੋਂ ਦੱਸਿਆ ਕਿ ਨਵਾਂ ਪਿੰਡ ਟੱਪਰੀਆਂ ਦੇ ਖੇਡ ਗਰਾਉਂਡ ਵਿਚ ਸਤਨਾਮ ਚੇਚੀ ਜਲਾਲਪੁਰ ਨੇ ਖੁਦ ਜਾ ਕੇ ਇਹ ਚੈਕ ਗ੍ਰਾਮ ਪੰਚਾਇਤ ਨੂੰ ਸੌਂਪਿਆ ਅਤੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਵੀ ਪੰਜਾਬ ਸਰਕਾਰ ਨੌਜਵਾਨਾਂ ਅਤੇ ਬੱਚਿਆਂ ਨੂੰ ਖੇਡਾਂ ਵਲ ਉਤਸ਼ਾਹਿਤ ਕਰਨ ਲਈ ਬਹੁਤ ਸਾਰੇ ਕਦਮ ਚੁੱਕ ਰਹੀ ਹੈ। ਇਸ ਮੌਕੇ 'ਤੇ ਸਰਪੰਚ ਲੇਖਰਾਜ, ਪਿਸ਼ੌਰੀ ਲਾਲ, ਮਨਸਾ ਰਾਮ ਸੂਬੇਦਾਰ, ਸੁਰਿੰਦਰ ਕੁਮਾਰ ਰੇਂਜ ਅਫਸਰ, ਸੋਹਨ ਲਾਲ ਭੋਲਾ ਬੀਐਸਐਫ, ਹਰਮੇਸ਼ ਲਾਲ ਸੇਵਾ ਮੁਕਤ ਇੰਸਪੈਕਟਰ, ਮਨੋਹਰ ਲਾਲ ਨੰਬਰਦਾਰ, ਮਨੋਹਰ ਲਾਲ ਮਾਸਟਰ, ਰਣਵੀਰ ਸਿੰਘ ਡੀਐਸਪੀ ਬੀਐਸਐਫ, ਬਿੰਦੂ ਥਾਣੇਦਾਰ ਸ਼ਾਮ ਪੰਚ, ਬਾਲ ਕਿਸ਼ਨ, ਕੁਲਦੀਪ ਜਰਮਨ, ਰਵੀ ਮਾਸਟਰ, ਪ੍ਰਵੇਸ਼ ਪੀਪੀ, ਮਦਨ ਲਾਲ ਪੰਚ, ਰਕੇਸ਼ ਸਾਬਕਾ ਸਰਪੰਚ, ਸੋਨੂ ਭਾਟੀਆ, ਰਾਜਕੁਮਾਰ, ਪਿੰਦੂ ਪ੍ਰਧਾਨ, ਜਿੰਦਰ ਭਗਤ, ਇੰਦਰਜੀਤ, ਪ੍ਰੇਮ ਚੌਧਰੀ ਤੋਂ ਇਲਾਵਾ ਬਹੁਤ ਸਾਰੇ ਪਿੰਡ ਵਾਸੀ ਮੌਜੂਦ ਸਨ।

# ਏ ਜੀ ਆਈ ਗਲੋਬਲ ਸਕੂਲ ਦੇ ਬੱਚਿਆਂ ਨੇ ਕ੍ਰਿਸਮਸ ਮਨਾਈ



**ਜਲੰਧਰ ( ਰਾਜੇਸ਼ ਥਾਪਾ )** ਏਜੀਆਈ ਗਲੋਬਲ ਸਕੂਲ, ਜਲੰਧਰ ਹਾਈਟਸ 2 ਦੇ ਬੱਚਿਆਂ ਅਤੇ ਅਧਿਆਪਕਾਂ ਨੇ ਸ਼ਾਂਤੀ ਅਤੇ ਸਦਭਾਵਨਾ ਦੇ ਸੱਚੇ ਸੰਦੇਸ਼ ਨਾਲ ਕ੍ਰਿਸਮਸ ਦਾ ਤਿਉਹਾਰ ਮਨਾਇਆ। ਜਸ਼ਨ ਵਿੱਚ ਭਾਗ ਲੈਂਦਿਆਂ ਸਕੂਲ ਦੇ ਅਧਿਆਪਕਾਂ ਨੇ ਬੱਚਿਆਂ ਨੂੰ ਦੱਸਿਆ ਕਿ ਕ੍ਰਿਸਮਸ ਦਾ ਸਹੀ ਸੰਦੇਸ਼ ਪਿਆਰ, ਉਮੀਦ ਅਤੇ ਦਇਆ ਦੇ ਦੁਆਲੇ ਘੁੰਮਦਾ ਹੈ। ਇਹ ਨਿਰਸਵਾਰਥਤਾ, ਦਿਆਲਤਾ ਅਤੇ ਦੇਣ ਦੀ ਖੁਸ਼ੀ ਦੇ ਵਿਸ਼ਿਆਂ ਦਾ ਪ੍ਰਤੀਕ ਹੈ। ਕ੍ਰਿਸਮਸ ਲੋਕਾਂ ਨੂੰ ਇਕੱਠੇ ਹੋਣ, ਆਪਣੇ ਰਿਸ਼ਤਿਆਂ ਦੀ ਕਦਰ ਕਰਨ ਅਤੇ ਧੰਨਵਾਦ ਪ੍ਰਗਟ ਕਰਨ ਲਈ ਉਤਸ਼ਾਹਿਤ ਕਰਦੀ ਹੈ। ਇਹ ਸੱਭਿਆਚਾਰਕ ਅਤੇ ਧਾਰਮਿਕ ਸੀਮਾਵਾਂ ਤੋਂ ਪਾਰ, ਸ਼ਾਂਤੀ ਅਤੇ ਸਦਭਾਵਨਾ ਦੀਆਂ ਕਦਰਾਂ-ਕੀਮਤਾਂ 'ਤੇ ਪ੍ਰਤੀਬਿੰਬਤ ਕਰਨ ਦਾ ਸਮਾਂ ਹੈ। ਤੋਹਫਾ ਦੇਣ ਦਾ ਕੰਮ ਉਦਾਰਤਾ ਅਤੇ ਦੂਜਿਆਂ ਨਾਲ ਖੁਸ਼ੀ ਸਾਂਝੀ ਕਰਨ ਦੀ ਮਹੱਤਤਾ ਨੂੰ ਦਰਸਾਉਂਦਾ ਹੈ। ਇਸ ਮੌਕੇ ਸਕੂਲ ਦੀ ਪ੍ਰਿੰਸੀਪਲ ਸ੍ਰੀਮਤੀ ਸੁਰਿੰਦਰ ਕੌਰ ਨੇ ਕਿਹਾ ਕਿ ਕ੍ਰਿਸਮਸ ਦਾ ਅੰਤਮ ਸੰਦੇਸ਼ ਪਿਆਰ ਫੈਲਾਉਣ ਅਤੇ ਸਾਡੇ ਆਲੇ ਦੁਆਲੇ ਦੇ ਲੋਕਾਂ ਦੇ ਜੀਵਨ 'ਤੇ ਸਕਾਰਾਤਮਕ ਪ੍ਰਭਾਵ ਪਾਉਣ ਦੇ ਵਿਚਾਰ ਨਾਲ ਗੂੰਜਦਾ ਹੈ।

# ਚਾਂਦਪੁਰ ਰੁੜਕੀ ਵਿਖੇ ਲੜਕਿਆਂ ਤੇ ਲੜਕੀਆਂ ਦੇ ਦੌੜ ਮੁਕਾਬਲੇ ਕਰਵਾਏ



**ਨਵਾਂ ਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਪਿੰਡ ਚਾਂਦਪੁਰ ਰੁੜਕੀ ਵਿਖੇ ਐਨ ਆਰ ਆਈ ਪ੍ਰੇਮ ਹੱਕਲਾ ਪਿੰਡ ਨਵਾਂ ਗਰਾ ਜਰਮਨੀ, ਦਵਿੰਦਰ ਪਿੰਡ ਹਾਜੀਪੁਰ ਜਰਮਨੀ,ਤਰਸੇਮ ਲਾਲ,ਲੱਕੀ ਖੇਪੜ ਭਵਾਨੀ ਪੁਰ ਸਮੇਤ ਨੌਜਵਾਨ ਸਭਾ ਪਿੰਡ ਚਾਦਪੁਰ ਰੁੜਕੀ ਦੇ ਸਹਿਯੋਗ ਨਾਲ ਏਰੀਆ ਯੂਥ ਰਿਲਾਇੰਸ ਬਲਾਚੌਰ ਵਲੋਂ 8 ਤੋਂ 10 ਸਾਲ 200 ਮੀਟਰ ਦੌੜ ,11 ਤੋਂ 13 ਸਾਲ 400 ਮੀਟਰ ਦੌੜ ਲੜਕੇ , 200 ਮੀਟਰ 14 ਤੋਂ 16 ਸਾਲ ਅਤੇ 800 ਮੀਟਰ ਦੌੜ ਲੜਕੀਆਂ, 400 ਮੀਟਰ 17 ਸਾਲ ਤੋਂ ਉਪਰ 3000 ਮੀਟਰ ਦੀ ਦੌੜ ਮੁਕਾਬਲੇ ਕਰਵਾਏ ਗਏ। ਜੇਤੂ ਖਿਡਾਰੀਆਂ ਨੂੰ ਮੁੱਖ ਮਹਿਮਾਨ ਸਤਨਾਮ ਜਲਾਲਪੁਰ,ਚੇਅਰਮੈਨ ਜ਼ਿਲ੍ਹਾ ਯੋਜਨਾ ਬੋਰਡ ਅਤੇ ਜ਼ਿਲ੍ਹਾ ਪ੍ਰਧਾਨ, ਆਮ ਆਦਮੀ ਪਾਰਟੀ, ਸ਼ਹੀਦ ਭਗਤ ਸਿੰਘ ਨਗਰ ਨੇ ਟਰੈਕਸੂਟ ਦੇ ਕੇ ਸਨਮਾਨਿਤ ਕੀਤਾ। ਉਨ੍ਹਾਂ ਕਿਹਾ ਕਿ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਤੇ ਕਸਰਤ ਨਾਲ ਜੁੜਨਾ ਚਾਹੀਦਾ ਹੈ। ਰਜਿੰਦਰ ਸਿੰਘ (ਸੀ ਆਰ ਪੀ) ਨੇ ਦੱਸਿਆ ਕਿ ਜਿਨ੍ਹਾਂ ਬੱਚਿਆਂ ਨੇ ਬਿਨਾ ਦਹੇਜ ਤੋਂ ਵਿਆਹ ਕੀਤੇ ਹਨ ਉਨ੍ਹਾਂ ਨੂੰ ਵੀ ਸਨਮਾਨਿਤ ਕੀਤਾ ਗਿਆ ਅਤੇ ਏਰੀਆ ਯੂਥ ਰਿਲਾਇੰਸ ਬਲਾਚੌਰ ਸਪੋਰਟਸ ਕਲੱਬ ਐਨ ਆਰ ਆਈ ਦੇ ਸਪੋਰਟਸ ਭੂਸ਼ਣ, ਦਵਿੰਦਰ, ਰੋਸ਼ਨ ਲਾਲ ਡਾਕਟਰ ਕੇਵਲ ਬਰੰਮਪੁਰੀ ਇੰਸਪੈਕਟਰ, ਗੋਪੀ ਕੈਨੇਡਾ ,ਸੰਦੀਪ ਮਾਸਟਰ,ਸੋਨੂੰ , ਜਸਵੀਰ ਸਿੰਘ ਰਿਟਾਇਰ ਐਕਸੀਐਨ, ਗੁਰਚਰਨ ਸਿੰਘ, ਪਰਦੀਪ ਸਿੰਘ ਅਸ਼ੋਕ ਕੁਮਾਰ, ਸਰਵਨ ਰਾਮ, ਬਲਵੀਰ ਚੰਦ ਅਵਤਾਰ ਸਿੰਘ, ਬਲਵਿੰਦਰ ਵਿਰਕ, ਸੁਨੀਲ, ਰਾਮ ਲਾਲ ਟੋਰੋ ਆਲ ਹਾਜਰ ਸਨ।

# ਪੈਨਸ਼ਨ ਮੁਲਾਜ਼ਮਾਂ ਵੱਲੋਂ ਆਪਣਾ ਕਮਾਇਆ ਹੋਇਆ ਹੱਕ : ਮੁਕੰਦ ਲਾਲ



**ਬਹਿਰਾਮ (ਅਵਤਾਰ ਕਲੇਰ)** ਪੰਜਾਬ ਪੈਨਸ਼ਨਰਜ ਯੂਨੀਅਨ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ ਦਲਜੀਤ ਸਿੰਘ ਸੁੱਜੋਂ ਦੀ ਪ੍ਰਧਾਨਗੀ ਹੇਠ ਸ਼ਹੀਦ ਮਲਕੀਤ ਚੰਦ ਮੇਹਲੀ ਭਵਨ ਬੰਗਾ ਰੋਡ ਨਵਾਂਸ਼ਹਿਰ ਵਿਖੇ ਕੀਤੀ ਗਈ। ਮੀਟਿੰਗ ਦੀ ਸ਼ੁਰੂਆਤ ਵਿਛੜੇ ਸਾਥੀਆਂ ਤਰਵਿੰਦਰ ਸਿੰਘ ਬਿੱਲਾ, ਗੁਲਸ਼ਨ ਕੁਮਾਰ, ਰਜੌਰੀ ਵਿੱਚ ਅੱਤਵਾਦੀਆਂ ਹੱਥੋਂ ਮਾਰੇ ਗਏ ਜਵਾਨਾਂ ਨੂੰ ਸ਼ਰਧਾਂਜਲੀ ਭੇਂਟ ਕਰਨ ਨਾਲ ਕੀਤੀ ਗਈ। ਯੂਨੀਅਨ ਦੇ ਜ਼ਿਲ੍ਹਾ ਜਨਰਲ ਸਕੱਤਰ ਕਾਮਰੇਡ ਮੁਕੰਦ ਲਾਲ ਨੇ ਕਿਹਾ ਕਿ ਪੈਨਸ਼ਨ ਮੁਲਾਜ਼ਮਾਂ ਵੱਲੋਂ ਆਪਣਾ ਕਮਾਇਆ ਹੋਇਆ ਹੱਕ ਹੈ ਇਹ ਕੋਈ ਮਾਲਕਾਂ ਵੱਲੋਂ ਦਿੱਤੀ ਬਖ਼ਸ਼ੀਸ਼ ਜਾਂ ਭੀਖ ਨਹੀਂ ਹੈ। ਸਰਕਾਰਾਂ ਸਰਮਾਏਦਾਰ ਪੱਖੀਨੀਤੀਆਂ ਲਾਗੂ ਕਰਨ ਲਈ ਇਸ ਹੱਕ ਨੂੰ ਖਤਮ ਕਰ ਰਹੀਆਂ ਹਨ। ਇਸ ਨੂੰ ਬਚਾਉਣ ਲਈ ਆਪਣੇ ਆਖਰੀ ਸਾਹ ਤੱਕ ਲੜਨਾ ਪਵੇਗਾ। ਜਗਤਾਰ ਸਿੰਘ ਸੀਨੀਅਰ ਮੀਤ ਪ੍ਰਧਾਨ, ਬਾਬਾ ਮਲਕੀਤ ਸਿੰਘ ਐਨ ਆਰ ਆਈ ਸਾਥੀ ਤਰਲੋਚਨ ਸਿੰਘ ਥਾਂਦੀ ,ਬਲਵੀਰ ਸਿੰਘ ਮਹਿਤਪੁਰ, ਗੁਰਮੇਲ ਚੰਦ,ਵਿਜੈ ਕੁਮਾਰ ਜਨਰਲ ਸਕੱਤਰ ਪੰਜਾਬ ਪੈਨਸ਼ਨਰਜ ਯੂਨੀਅਨ ਜਲੰਧਰ, ਦਰਸ਼ਨ ਰਾਮ ਨੰਗਲਾ ਨੇ ਪੈਨਸ਼ਨਰਾਂ ਨੂੰ ਦਰਪੇਸ਼ ਸਮੱਸਿਆਵਾਂ ਦੇ ਨਾਲ ਨਾਲ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਵਤੀਰੇ ਦੀ ਨਿੰਦਾ ਕੀਤੀ। ਕਾਮਰੇਡ ਮੁਕੰਦ ਲਾਲ ਨੇ ਕਿਹਾ ਕਿ ਮਾਨ ਸਰਕਾਰ ਵੱਲੋਂ ਸਾਡੇ 12% ਰਹਿੰਦੇ ਡੀ ਏ ਵਿੱਚੋਂ 4% ਡੀ ਏ ਦੇ ਕੇ ਇਹ ਪ੍ਰਚਾਰਨਾ ਕਿ ਵੱਡਾ ਤੋਹਫਾ ਦਿੱਤਾ ਹੈ ਕੁੱਝ ਚੰਗਾ ਜਿਹਾ ਤਾਂ ਨਹੀਂ ਲੱਗਦਾ ਪਰ ਫਿਰ ਵੀ ਧੰਨਵਾਦ ਕਰਦਿਆਂ ਆਸ ਕਰਦੇ ਹਾਂ ਕਿ ਬਾਕੀ ਰਹਿੰਦਾ ਡੀ ਏ ਅਤੇ ਪੁਰਾਣੀ ਪੈਨਸ਼ਨ ਸਕੀਮ ਬਹਾਲ ਕੀਤੀ ਜਾਵੇਗੀ। ਇਸ ਮੌਕੇ ਹੋਰਨਾਂ ਤੋਂ ਇਲਾਵਾ ਮਹਿੰਦਰ ਸਿੰਘ, ਪ੍ਰੇਮ ਸਿੰਘ ਬਘੌਰਾਂ, ਕੇਹਰ ਚੰਦ ਗਰਚਾ, ਉਮਰਾਓ ਸਿੰਘ ਇੰਸਪੈਕਟਰ, ਗੁਰਪਾਲ ਸਿੰਘ, ਮਹਿੰਦਰ ਸਿੰਘ ਬੀੜਪੁਆਧ, ਸੁਰਿੰਦਰ ਕੁਮਾਰ ਗਰਚਾ, ਜੀਵਨ ਦਾਸ, ਦਸੌਂਧਾ ਸਿੰਘ, ਦਰਸਨ ਸਿੰਘ ਘਮੌਰ, ਬਖਸੀਸ ਸਿੰਘ, ਸੋਹਣ ਸਿੰਘ ਮਾਣਕ, ਸੇਵਾ ਸਿੰਘ ਮਝੂਰ, ਮੇਹਰ ਸਿੰਘ, ਦੇਸ ਰਾਜ, ਸੁਰਿੰਦਰ ਸਿੰਘ, ਸੁਰਜੀਤ ਸਿੰਘ ਮਾਣਕ, ਮੋਹਣ ਸਿੰਘ ਰੁੜਕੀ ਖਾਸ, ਸ਼ਾਮ ਲਾਲ, ਸੋਹਣ ਸਿੰਘ ਸੋਨਾ, ਸੋਹਣ ਸਿੰਘ ਮਹਿਤਪੁਰ ,ਅਮਰੀਕ ਸਿੰਘ ਆਦਿ ਹਾਜਰ ਸਨ।

# ਛੋਟੇ ਸਾਹਿਬਜ਼ਾਦਿਆਂ ਦੀ ਯਾਦ 'ਚ ਨਗਰ ਕੀਰਤਨ



**ਭਲਾਣ, (ਹਰਭਜਨ ਢਿੱਲੋਂ)** ਛੋਟੇ ਸਾਹਿਬਜਾਦਿਆਂ ਦੀ ਯਾਦ ਵਿੱਚ ਮਹਾਨ ਨਗਰ ਕੀਰਤਨ ਪਿੰਡ ਸਹਿਜੋਵਾਲ ਦੇ ਗੁਰਦੁਆਰਾ ਸਿੰਘ ਸਭਾ ਤੋਂ ਭਾਈ ਅਵਤਾਰ ਸਿੰਘ , ਹਰਜਿੰਦਰ ਸਿੰਘ ਸਹਿਜੋਵਾਲ ਅਤੇ ਇਲਾਕੇ ਦੀਆਂ ਸੰਗਤਾਂ ਵੱਲੋਂ ਸਜਾਇਆ ਗਿਆ। ਭਾਈ ਅਵਤਾਰ ਸਿੰਘ ਵੱਲੋਂ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਨਗਰ ਕੀਰਤਨ ਗੁਰਦੁਆਰਾ ਬਾਬਾ ਜਵਾਹਰ ਸਿੰਘ ਸਨੋਲੀ ਮਜਾਰਾ ਲਈ ਰਵਾਨਾ ਹੋਇਆ। ਫੁੱਲਾਂ ਨਾਲ ਸਜੀ ਸੁੰਦਰ ਪਾਲਕੀ 'ਚ ਸੁਸ਼ੋਭਿਤ ਗੁਰੂ ਸਾਹਿਬ ਜੀ ਦੀ ਅਗਵਾਈ ਪੰਜ ਪਿਆਰਿਆਂ ਵੱਲੋਂ ਕੀਤੀ ਗਈ। ਨਗਰ ਕੀਰਤਨ ਪਿੰਡ ਸਹਜੋਵਾਲ, ਸੂਰੇਵਾਲ, ਸੰਤੋਸਗੜ੍ਹ, ਸਨੌਲੀ ਮਾਜਰਾ, ਮਹਿਲਵਾਂ, ਹਾਜੀਪੁਰ ਦੇ ਵੱਖ-ਵੱਖ ਬਾਜਾਰਾਂ ਤੇ ਮੁਹੱਲਿਆਂ ਤੋਂ ਹੁੰਦਾ ਹੋਇਆ ਸ਼ਾਮ ਨੂੰ ਗੁਰਦੁਆਰਾ ਸਾਹਿਬ ਵਿਖੇ ਸਮਾਪਤ ਹੋਇਆ। ਨਗਰ ਕੀਰਤਨ ਵਿੱਚ ਗੱਤਕਾ ਪਾਰਟੀ ਵਲੋਂ ਆਪਣੇ ਜੌਹਰ ਦਿਖਾਏ ਗਏ ਅਤੇ ਸ਼ਬਦੀ ਜਥਿਆਂ ਵੱਲੋਂ ਨਗਰ ਕੀਰਤਨ ਦੀ ਸ਼ੋਭਾ ਵਧਾਈ ਗਈ। ਇਸ ਮੌਕੇ ਮਾਸਟਰ ਸੋਹਨ ਸਿੰਘ ਚਾਹਲ ਨੇ ਇਲਾਕੇ ਦੀ ਸੰਗਤ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਾਨੂੰ ਸਭ ਨੂੰ ਗੁਰੂ ਸਾਹਿਬਾਨਾਂ ਅਤੇ ਸਾਹਿਬਜਾਦਿਆਂ ਦੀਆਂ ਧਰਮ ਦੀ ਰੱਖਿਆ ਲਈ ਕੀਤੀਆਂ ਗਈਆਂ ਕੁਰਬਾਨੀਆਂ ਨੂੰ ਹਮੇਸ਼ਾ ਯਾਦ ਰੱਖਣਾ ਚਾਹੀਦਾ ਹੈ ਅਤੇ ਇਹਨਾਂ ਕੁਰਬਾਨੀਆਂ ਨੂੰ ਇਸ ਬਾਰੇ ਆਪਣੇ ਨਵੀਂ ਪੀੜ੍ਹੀ ਨੂੰ ਜਾਣੂ ਕਰਵਾਉਣਾ ਚਾਹੀਦਾ ਹੈ। ਨਗਰ ਕੀਰਤਨ ਵਿੱਚ ਸੰਗਤਾਂ ਵੱਲੋਂ ਵੱਡੀ ਗਿਣਤੀ ਵਿਚ ਸ਼ਾਮਲ ਹੋ ਕੇ ਵੱਖ-ਵੱਖ ਪੜਾਵਾਂ 'ਤੇ ਨਗਰ ਕੀਰਤਨ ਦਾ ਜੈਕਾਰਿਆਂ ਦੀ ਗੂੰਜ ਨਾਲ ਸਵਾਗਤ ਕੀਤਾ ਗਿਆ।

# ਅੰਬੇਡਕਰ ਭਵਨ ਟਰੱਸਟ ਦੇ ਸੋਹਨ ਲਾਲ ਬਣੇ ਚੇਅਰਮੈਨ



**ਜਲੰਧਰ (ਰਾਜੇਸ਼ ਥਾਪਾ)**- ਅੰਬੇਡਕਰ ਭਵਨ ਟਰੱਸਟ (ਰਜਿ.) ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਇੱਕ ਪ੍ਰੈਸ ਬਿਆਨ ਜਾਰੀ ਕਰਦਿਆਂ ਕਿਹਾ ਕਿ ਅੰਬੇਡਕਰ ਭਵਨ ਟਰੱਸਟ (ਰਜਿ) ਦੀ ਜਨਰਲ ਬੌਡੀ ਮੀਟਿੰਗ ਅੰਬੇਡਕਰ ਭਵਨ, ਡਾ. ਅੰਬੇਡਕਰ ਮਾਰਗ, ਜਲੰਧਰ ਵਿਖੇ ਸੋਹਨ ਲਾਲ ਦੀ ਪ੍ਰਧਾਨਗੀ ਹੇਠ ਹੋਈ, ਜਿਸ ਵਿਚ ਸਰਬਸ੍ਰੀ ਡਾ. ਜੀਸੀ ਕੌਲ, ਡਾ. ਸੁਰਿੰਦਰ ਅਜਨਾਤ, ਡਾ. ਰਾਹੁਲ ਐਮ. ਐੱਸ., ਬਲਦੇਵ ਰਾਜ ਭਾਰਦਵਾਜ, ਡਾ. ਰਾਹੁਲ ਕੁਮਾਰ ਬਾਲੀ, ਹਰਮੇਸ਼ ਜਸਲ ਅਤੇ ਚਰਨ ਦਾਸ ਸੰਧੂ ਨੇ ਭਾਗ ਲਿਆ। ਮੀਟਿੰਗ ਵਿਚ ਟਰੱਸਟ ਦੀਆਂ ਗਤੀਵਿਧੀਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਅੰਬੇਡਕਰ ਭਵਨ ਟਰੱਸਟ ਦੀ ਨਵੀਂ ਬੌਡੀ ਦੀ ਚੋਣ ਕੀਤੀ ਗਈ, ਜਿਸ ਵਿੱਚ ਨਵੇਂ ਅਹੁਦੇਦਾਰ ਸਰਬਸੰਮਤੀ ਨਾਲ ਚੁਣੇ ਗਏ। ਸੋਹਨ ਲਾਲ ਸਾਬਕਾ ਡੀਪੀਆਈ (ਕਾਲਜਾਂ) ਨੂੰ ਟਰੱਸਟ ਦਾ ਚੇਅਰਮੈਨ ਚੁਣਿਆ ਗਿਆ। ਡਾ. ਸੁਰਿੰਦਰ ਅਜਨਾਤ ਐੱਮ.ਏ.ਪੀਐੱਚ.ਡੀ.- ਵਾਈਸ ਚੇਅਰਮੈਨ, ਡਾ. ਜੀਸੀ ਕੌਲ- ਜਨਰਲ ਸਕੱਤਰ, ਬਲਦੇਵ ਰਾਜ ਭਾਰਦਵਾਜ- ਵਿੱਤ ਸਕੱਤਰ, ਚਰਨ ਦਾਸ ਸੰਧੂ ਨੂੰ ਜੁਆਇੰਟ ਸੈਕਟਰੀ ਅਤੇ ਹਰਮੇਸ ਜਸਲ-ਆਡੀਟਰ, ਸਰਬ ਸੰਮਤੀ ਨਾਲ ਚੁਣੇ ਗਏ । ਇਸ ਦੇ ਨਾਲ ਹੀ ਬਲਦੇਵ ਰਾਜ ਭਾਰਦਵਾਜ ਨੂੰ ਪ੍ਰੈਸ ਸਕੱਤਰ ਦਾ ਵਾਧੂ ਚਾਰਜ ਦਿੱਤਾ ਗਿਆ ਹੈ। ਟਰੱਸਟ ਦੀ ਨਵੀਂ ਟੀਮ ਨੇ ਅੰਬੇਡਕਰ ਮਿਸ਼ਨ ਦੇ ਪ੍ਰਚਾਰ-ਪ੍ਰਸਾਰ ਲਈ ਤਨ-ਮਨ-ਧਨ ਨਾਲ ਸੇਵਾ ਕਰਨ ਦਾ ਸੰਕਲਪ ਲਿਆ।

# ਗੈਰ-ਕਾਨੂੰਨੀ ਮਾਈਨਿੰਗ ਦੇ ਦੋਸ਼ 'ਚ 3 ਟਿੱਪਰ ਪੁਲਸ ਅੜਿੱਕੇ


ਫੋਟੋ : ਸੁਖਜੀਤ ਭਾਟੀਆ

**ਬਲਾਚੌਰ/ਕਾਠਗੜ੍ਹ(ਸੁਭਾਸ਼ ਭਾਟੀਆ)**-ਥਾਣਾ ਕਾਠਗੜ੍ਹ ਪੁਲਸ ਨੇ ਪਿੰਡ ਬੇਲਾ ਤਾਜੋਵਾਲ ਵਿਖੇ ਗੈਰ-ਕਾਨੂੰਨੀ ਮਾਈਨਿੰਗ ਦੇ ਦੋਸ਼ ਵਿੱਚ ਤਿੰਨ ਟਿੱਪਰਾਂ ਨੂੰ ਕਬਜ਼ੇ ਵਿੱਚ ਲੈ ਕੇ ਅਣਪਛਾਤੇ ਟਿੱਪਰ ਚਾਲਕਾਂ ਅਤੇ ਸਬੰਧਤ ਅਣਪਛਾਤੇ ਜ਼ਮੀਨ ਮਾਲਕ ਖਿਲਾਫ ਮਾਮਲਾ ਦਰਜ ਕੀਤਾ ਹੈ। ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਥਾਣਾ ਕਾਠਗੜ੍ਹ ਦੇ ਐੱਸਐੱਚਓ ਇੰਸਪੈਕਟਰ ਪੰਕਜ ਸ਼ਰਮਾ ਨੇ ਦੱਸਿਆ ਕਿ ਪਿੰਡ ਬੇਲਾ ਤਾਜੋਵਾਲ ਵਿਖੇ ਗੈਰ-ਕਾਨੂੰਨੀ ਮਾਈਨਿੰਗ ਬਾਰੇ ਇਤਲਾਹ ਮਿਲੀ ਸੀ ਜਿਸ ਦੀ ਸੂਚਨਾ ਮਾਈਨਿੰਗ ਵਿਭਾਗ ਨੂੰ ਦਿੱਤੀ ਗਈ ਅਤੇ ਮੌਕੇ 'ਤੇ ਪਹੁੰਚੀ ਮਾਈਨਿੰਗ ਵਿਭਾਗ ਦੀ ਟੀਮ ਨੇ ਦੇਖਿਆ ਕਿ ਮਾਈਨਿੰਗ ਵਾਲੀ ਥਾਂ 'ਤੇ ਤਿੰਨ ਟਿੱਪਰ ਖੜ੍ਹੇ ਸਨ ਅਤੇ ਨੇੜੇ ਪੈਂਦੀ ਜ਼ਮੀਨ ਵਿੱਚ ਕੀਤੀ ਗਈ ਗੈਰ-ਕਾਨੂੰਨੀ ਮਾਈਨਿੰਗ ਦੇ ਨਿਸ਼ਾਨ ਪਾਏ ਗਏ। ਮਾਈਨਿੰਗ ਵਿਭਾਗ ਦੇ ਜੇਈ-ਕਮ-ਮਾਈਨਿੰਗ ਇੰਸਪੈਕਟਰਾਂ ਲਵਪ੍ਰੀਤ ਸਿੰਘ, ਸਾਹਿਲ ਵਰਮਾ ਅਤੇ ਰਵਨੀਤ ਸਿੰਘ ਦੀ ਸ਼ਿਕਾਇਤ 'ਤੇ ਪੁਲਸ ਨੇ ਕਾਰਵਾਈ ਕਰਦੇ ਹੋਏ ਤਿੰਨ ਟਿੱਪਰਾਂ ਨੂੰ ਕਬਜ਼ੇ ਵਿੱਚ ਲੈ ਕੇ ਉਨ੍ਹਾਂ ਦੇ ਅਣਪਛਾਤੇ ਚਾਲਕਾਂ ਅਤੇ ਜ਼ਮੀਨ ਦੇ ਅਣਪਛਾਤੇ ਮਾਲਕ ਖਿਲਾਫ ਮਾਈਨਿੰਗ ਐਕਟ ਤਹਿਤ ਪਰਚਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ।

# ਕੇ ਸੀ ਦੇ ਸੰਸਥਾਪਕ ਖੁਸ਼ਹਾਲ ਚੰਦ ਗਾਂਧੀ ਦੀ 33ਵੀਂ ਬਰਸੀ ਮਨਾਈ



**ਨਵਾਂਸ਼ਹਿਰ ( ਕੁਲਵਿੰਦਰ ਸਿੰਘ ਦੁਰਗਾਪੁਰੀਆ)**-ਕੇ ਸੀ ਗਰੁੱਪ ਦੇ ਸੰਸਥਾਪਕ ਸਵ. ਖੁਸ਼ਹਾਲ ਚੰਦ ਗਾਂਧੀ ਦੀ 33ਵੀਂ ਬਰਸੀ ਐਤਵਾਰ ਨੂੰ ਕੇ ਸੀ ਕਾਲਜ 'ਚ ਮਨਾਈ ਗਈ। ਜਿਸ 'ਚ ਕੇ ਸੀ ਗਰੁੱਪ ਕੇ ਸਾਰੇ ਕੈਂਪਸ ਦੇ ਕਾਲਜਾਂ ਅਤੇ ਸਕੂਲਾਂ ਦੇ ਸਟਾਫ ਨੇ ਹਾਜ਼ਰੀ ਲਗਵਾਈ। ਇਸ ਸਮਾਗਮ 'ਚ ਕੇ ਸੀ ਗਰੁੱਪ ਦੇ ਚੇਅਰਮੈਨ ਪ੍ਰੇਮ ਪਾਲ ਗਾਂਧੀ ਮੁੱਖ ਜਜਮਾਨ ਰਹੇ, ਜਦਕਿ ਉਨ੍ਹਾਂ ਦੇ ਨਾਲ ਸੁਰਿੰਦਰ ਗਾਂਧੀ, ਸੁਭਾਸ਼ ਗਾਂਧੀ, ਰਮੇਸ਼ਵਰ ਗਾਂਧੀ ਦੇ ਨਾਲ ਕੈਂਪਸ ਡਾਇਰੇਕਟਰ ਡਾ. ਰਸ਼ਮੀ ਗੁਜਰਾਤੀ, ਐਚ ਆਰ ਮਨੀਸ਼ਾ, ਡੈਪ ਡਾ. ਪਲਵਿੰਦਰ ਕੁਮਾਰ, ਇੰਜ. ਜਫਤਾਰ ਅਹਿਮਦ, ਡਾ. ਕੁਲਜਿੰਦਰ ਕੌਰ, ਅੰਕੁਸ਼ ਨਿਸ਼ਾਵਨ, ਡਾ. ਬਲਜਿੰਦਰ ਸਿੰਘ ਬਾਜਵਾ, ਡਾ. ਰਾਜ ਕੁਮਾਰ, ਏ ਐਸ ਓ ਇੰਜ. ਰਾਜਿੰਦਰ ਮੂੰਮ ਦੇ ਨਾਲ ਕੋਟ ਪੱਤੀ ਦੇ ਸੈਕਰੇਡ ਸਟੇਨਫੋਰਡ ਸਕੂਲ ਪ੍ਰਿੰਸੀਪਲ ਆਸ਼ੂ ਸ਼ਰਮਾ, ਕੇ ਸੀ ਸਕੂਲ ਪ੍ਰਿੰਸੀਪਲ ਆਸ਼ਾ ਸ਼ਰਮਾ, ਪੰਡੋਗਾ ਕੈਂਪਸ ਦੇ ਡੈਪ ਰਵੀ ਕੁਮਾਰ ਦੇ ਨਾਲ ਇੰਜ. ਅਮਿਤ ਕੁਮਾਰ, ਡਾ. ਸਿਕੰਦਰ ਹੰਸ, ਮਿਸ ਨਿਰਮਲਾ ਦੇਵੀ ਨੇ ਵੀ ਉਚੇਚੇ ਤੌਰ 'ਤੇ ਸ਼ਾਮਲ ਹੋ ਕੇ ਆਹੂਤੀਆਂ ਪਾਈਆਂ। ਨਵਾਂਸ਼ਹਿਰ ਦੇ ਕਥਾਵਾਚਕ ਅਤੇ ਰਾਗੀ ਭਾਈ ਮਨਜੀਤ ਸਿੰਘ ਦੇ ਜਥੇ ਵਲੋਂ ਸ਼ਬਦ ਕੀਰਤਨ ਕੀਤਾ ਗਿਆ। ਐਚ ਆਰ ਮਨੀਸ਼ਾ ਨੇ ਖੁਸ਼ਹਾਲ ਚੰਦ ਗਾਂਧੀ ਦੇ ਜੀਵਨ 'ਤੇ ਚਾਨਣਾ ਪਾਇਆ। ਇਸ ਤੋਂ ਬਾਅਦ ਪੰਡਿਤ ਬਰਿਜਮੋਹਨ ਨੇ ਮੁੱਖ ਜਜਮਾਨਾਂ ਅਤੇ ਪ੍ਰਿੰਸੀਪਲਾਂ ਤੋਂ ਹਵਨ ਯੱਗ 'ਚ ਆਹੂਤੀਆਂ ਪੁਆਈਆਂ।

ਇਸ ਤੋਂ ਬਾਅਦ ਲੰਗਰ ਲਗਾਇਆ ਗਿਆ। ਮੌਕੇ 'ਤੇ ਕੇ ਸੀ ਕਾਲਜ ਨਵਾਂਸ਼ਹਿਰ, ਕੇ ਸੀ ਪਬਲਿਕ ਸਕੂਲ ਨਵਾਂਸ਼ਹਿਰ, ਸੈਕਰੇਡ ਸੱਟੇਨਫੋਰਡ ਸਕੂਲ ਕੋਟ ਪੱਤੀ ਗੜ੍ਹਸ਼ੰਕਰ ਅਤੇ ਪੰਡੋਗਾ ਕੈਂਪਸ ਦਾ ਸਾਰਾ ਸਟਾਫ ਹਾਜ਼ਰ ਰਿਹਾ।

# ਸਿਮਰਨਪ੍ਰੀਤ ਕੌਰ ਤੇ ਅਰਸ਼ਪ੍ਰੀਤ ਸਿੰਘ ਨੇ ਕੀਤਾ ਗੋਲਡ ਮੈਡਲ ਹਾਸਲ



**ਟਾਂਡਾ ਉੜਮੁੜ, (ਉਂਕਾਰ ਸਿੰਘ ਜਸਵਿੰਦਰ ਸੰਧੂ )**-ਬੇਟ ਖੇਤਰ ਦੀ ਨਾਮਵਰ ਵਿਦਿਅਕ ਸੰਸਥਾ ਮਾਤਾ ਸਾਹਿਬ ਕੌਰ ਇੰਟਰਨੈਸ਼ਨਲ ਪਬਲਿਕ ਹਾਈ ਸਕੂਲ ਤਲਵੰਡੀ ਡੱਡੀਆਂ ਦੇ ਵਿਦਿਆਰਥੀਆਂ ਨੇ ਮੈਗਾ ਓਲੰਪੀਆ ਚੈਂਪੀਅਨਸ਼ਿਪ ਵਿਚ ਜ਼ਿਲ੍ਹਾ ਅਤੇ ਰਾਜ ਪੱਧਰ 'ਤੇ ਚੰਗਾ ਪ੍ਰਦਰਸ਼ਨ ਕਰਦੇ ਹੋਏ ਵੱਡੀ ਗਿਣਤੀ ਵਿੱਚ ਮੈਡਲ ਪ੍ਰਾਪਤ ਕੀਤੇ ਹਨ। ਸਕੂਲ ਪ੍ਰਿੰਸੀਪਲ ਸ਼ਾਰਦਾ ਦੱਤ ਨੇ ਦੱਸਿਆ ਕਿ ਸਕੂਲ ਦੀ ਵਿਦਿਆਰਥਣ ਸਿਮਰਨ ਪ੍ਰੀਤ ਕੌਰ ਅਤੇ ਅਰਸ਼ਪ੍ਰੀਤ ਸਿੰਘ ਨੇ ਸਾਇੰਸ ਵਿਸ਼ੇ ਵਿੱਚ ਰਾਜ ਪੱਧਰ 'ਤੇ ਗੋਲਡ ਮੈਡਲ ਹਾਸਲ ਕੀਤਾ।

ਇਹਨਾਂ ਦੋਨਾਂ ਵਿਦਿਆਰਥੀਆਂ ਨੂੰ ਬੀਤੇ ਦਿਨੀ ਚੰਡੀਗੜ੍ਹ ਵਿਖੇ ਹੋਏ ਰਾਜ ਪੱਧਰੀ ਸਨਮਾਨ ਸਮਾਰੋਹ ਦੌਰਾਨ ਮੈਡਲ ਅਤੇ ਸਨਮਾਨ ਚਿੰਨ ਦੇ ਕੇ ਸਨਮਾਨਿਤ ਕੀਤਾ ਗਿਆ। ਜਦੋਂ ਕਿ ਇਕ ਦਰਜਨ ਤੋਂ ਵੱਧ ਵਿਦਿਆਰਥੀਆਂ ਨੇ ਵੱਖ ਵੱਖ ਵਿਸ਼ਿਆਂ ਦੇ ਹੋਏ ਮੁਕਾਬਲਿਆਂ ਵਿੱਚ ਜ਼ਿਲ੍ਹਾ ਪੱਧਰ 'ਤੇ ਗੋਲਡ ਅਤੇ ਸਿਲਵਰ ਮੈਡਲ ਹਾਸਲ ਕੀਤੇ। ਉਹਨਾਂ ਨੇ ਦੱਸਿਆ ਕਿ ਇਸ ਪ੍ਰਾਪਤੀ ਦਾ ਸਿਹਰਾ ਮਿਹਨਤੀ ਸਟਾਫ ਅਤੇ ਸਕੂਲ ਪ੍ਰਧਾਨ ਸੁਖਵਿੰਦਰ ਸਿੰਘ ਅਰੋੜਾ ਨੂੰ ਜਾਂਦਾ ਹੈ ਜਿਨਾਂ ਦੀ ਬਦੌਲਤ ਇਹ ਮੈਡਲ ਹਾਸਲ ਹੋਏ ਹਨ। ਉਹਨਾਂ ਕਿਹਾ ਕਿ ਸਾਡਾ ਸਕੂਲ ਬੀਤੇ 14 ਸਾਲਾਂ ਤੋਂ ਬੋਰਡ ਕਲਾਸਾਂ ਦੇ ਸੌ ਫੀਸਦੀ ਨਤੀਜੇ ਦੇ ਕੇ ਇਲਾਕੇ ਦਾ ਮੋਹਰੀ ਸਕੂਲ ਬਣ ਚੁੱਕਾ ਹੈ। ਵਿਦਿਆਰਥੀਆਂ ਨੂੰ ਮਿਹਨਤ ਕਰਾਉਣ ਲਈ ਮੈਡਮ ਪਰਮਜੀਤ ਕੌਰ ਮੈਡਮ ਅੰਜੂ ਬਾਲਾ ਮੈਡਮ ਰਾਜਵਿੰਦਰ ਕੌਰ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਮੈਡਮ ਜਸਵਿੰਦਰ ਕੌਰ, ਤਰਨਜੀਤ ਕੌਰ, ਦਮਨਜੀਤ ਕੌਰ, ਡਿੰਪਲ, ਸਾਲੂ ਸੇਠੀ, ਮੋਨਿਕਾ, ਜਸਵੀਰ ਕੌਰ, ਕਮਲਜੀਤ ਕੌਰ ਅਤੇ ਰਾਜਿੰਦਰ ਕੌਰ ਹਾਜਰ ਸਨ।

# ਪ੍ਰਤੀਯੋਗੀ ਪ੍ਰੀਖਿਆਵਾਂ ਲਈ ਦਸ ਰੋਜ਼ਾ ਰਿਹਾਇਸ਼ੀ ਕੈਂਪ ਸ਼ੁਰੂ

**ਚੰਡੀਗੜ੍ਹ, (ਗੁਰਜੀਤ ਬਿੱਲਾ)**- ਸਕੂਲ ਆਫ ਐਮੀਨੈਸ ਦੇ 11ਵੀਂ ਜਮਾਤ ਦੇ ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਤਿਆਰ ਕਰਨ ਦੇ ਮਕਸਦ ਨਾਲ 9 ਦਿਨਾਂ ਸਰਦ ਰੁੱਤ ਰਿਹਾਇਸ਼ੀ ਕੈਂਪ ਲਗਾਇਆ ਹੈ। ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੇ ਦੱਸਿਆ ਕਿ ਇਹ ਕੈਂਪ ਅੰਮ੍ਰਿਤਸਰ ਦੇ ਸਕੂਲ ਆਫ ਐਮੀਨੈਸ ਵਿਚ ਲਗਾਇਆ ਗਿਆ ਹੈ ਜਿਸ ਵਿਚ ਸੂਬੇ ਦੇ ਵੱਖ ਵੱਖ ਸਕੂਲ ਆਫ ਐਮੀਨੈਸ ਦੇ 600 ਵਿਦਿਆਰਥੀਆਂ ਨੂੰ ਪ੍ਰਤੀਯੋਗੀ ਪ੍ਰੀਖਿਆਵਾਂ ਲਈ 360 ਸਟੈਟਰਜੀ ਸਿਖਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਭਗਵੰਤ ਸਿੰਘ ਮਾਨ ਸਰਕਾਰ ਵਲੋਂ ਪੰਜਾਬ ਦੇ ਇਤਿਹਾਸ ਵਿਚ ਪਹਿਲੀ ਵਾਰ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਲਈ ਫ੍ਰੀ ਗਾਈਡਿੰਗ ਅਤੇ ਕੌਂਸਲਿੰਗ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ ਹੈ। ਇਹ ਕੈਂਪ 23 ਦਸੰਬਰ ਤੋਂ 31ਦਸੰਬਰ ਤੱਕ ਲੱਗ ਰਿਹਾ ਹੈ। ਇਸ ਕੈਂਪ ਵਿੱਚ ਭਾਗ ਲੈਣ ਲਈ ਸਕੂਲ ਆਫ ਐਮੀਨਸ ਦੇ ਪ੍ਰਿੰਸੀਪਲਾਂ ਵੱਲੋਂ ਸਾਰੇ ਹੀ ਵਿਦਿਆਰਥੀਆਂ ਦੀ ਓਰੀਐਂਟੇਸ਼ਨ ਕੀਤੀ ਗਈ ਅਤੇ ਉਨ੍ਹਾਂ ਨੂੰ ਕੈਂਪ ਸਬੰਧੀ ਜਾਗਰੂਕ ਕੀਤਾ ਗਿਆ ਜਿਸ ਤੋਂ ਬਾਅਦ ਮਾਪਿਆਂ ਦੀ ਸਹਿਮਤੀ ਦੇ ਨਾਲ ਮੈਡੀਕਲ ਅਤੇ ਨਾਨ ਮੈਡੀਕਲ ਦੇ ਲਗਭਗ 1500 ਵਿਦਿਆਰਥੀਆਂ ਨੇ ਰਜਿਸਟਰ ਕੀਤਾ ਸੀ ਜਿਸ ਉਪਰੰਤ ਟੈਸਟ, ਮੈਰਿਟ ਦੇ ਆਧਾਰ ਤੇ ਵਿਦਿਆਰਥੀ ਸ਼ਾਰਟ ਲਿਸਟ ਕੀਤੇ ਗਏ। ਇਸ ਕੈਂਪ ਵਿੱਚ ਵਿਦਿਆਰਥੀਆਂ ਨੂੰ ਆਈ.ਆਈ.ਟੀ.-ਜੇ.ਈ.ਈ.ਅਤੇ ਨੀਟ ਵਰਗੀਆਂ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਤਿਆਰੀ ਵੱਖ ਵੱਖ ਨਾਮੀ ਭਾਈਵਾਲ ਸਿੱਖਿਆ ਸੰਸਥਾਵਾਂ ਦੇ ਅਧਿਆਪਕਾਂ ਵਲੋਂ ਕਰਵਾਈ ਜਾਵੇਗੀ।ਨਾ ਕੇਵਲ ਸਕੂਲ ਅਧਿਆਪਕ ਵਿਦਿਆਰਥੀਆਂ ਨੂੰ ਟ੍ਰੇਨਿੰਗ ਦੇਣਗੇ ਸਗੋਂ ਇੰਡਸਟਰੀ ਦੇ ਨਾਮੀ ਟਿਊਟਰ ਵੀ ਵਿਦਿਆਰਥੀਆਂ ਦੇ ਰੂਬਰੂ ਹੋਣਗੇ। ਇਸ ਸਰਦ ਰੁੱਤ ਰਿਹਾਇਸ਼ੀ ਕੈਂਪ ਵਿੱਚ ਭਾਗ ਲੈ ਰਹੇ ਵਿਦਿਆਰਥੀਆਂ ਦੀ ਦਿਨ ਦੀ ਸ਼ੁਰੂਆਤ ਖੇਡਾਂ ਅਤੇ ਯੋਗਾ ਨਾਲ ਹੋਵੇਗੀ। ਜਿਸ ਉਪਰੰਤ ਵੱਖ ਮਾਹਿਰਾਂ ਵਲੋਂ ਪੇਪਰ ਦੀ ਤਿਆਰੀ ਸਬੰਧੀ ਤਕਨੀਕ ਬਾਰੇ ਵਿਦਿਆਰਥੀਆਂ ਨੂੰ ਸਿਖਲਾਈ ਦਿੱਤੀ ਜਾਵੇਗੀ। ਇਸ ਤੋਂ ਇਲਾਵਾ ਵਿਦਿਆਰਥੀਆਂ ਦੇ ਸੰਸਿਆਂ ਨੂੰ ਵੀ ਦੂਰ ਕੀਤਾ ਜਾਵੇਗਾ। ਵਿਦਿਆਰਥੀਆਂ ਨੂੰ ਇਸ ਕੈਂਪ ਦੌਰਾਨ ਵਿਰਾਸਤੀ ਟੂਰ ਵੀ ਕਰਵਾਇਆ ਜਾਵੇਗਾ ਤਾਂ ਜੋ ਇਨ੍ਹਾਂ ਨੂੰ ਪੰਜਾਬ ਦੇ ਸੱਭਿਆਚਾਰ ਅਤੇ ਵਿਰਾਸਤ ਨਾਲ ਵੀ ਜੋੜਿਆ ਜਾ ਸਕੇ।

# ਬ੍ਰਿਜ ਭੂਸ਼ਣ ਸਿੰਘ 'ਤੇ ਲੱਗੇ ਗੰਭੀਰ ਦੋਸ਼ਾਂ 'ਤੇ ਕਾਰਵਾਈ ਜ਼ਰੂਰੀ : ਸੰਧਵਾਂ

**ਚੰਡੀਗੜ੍ਹ (ਗੁਰਜੀਤ ਬਿੱਲਾ)**—ਖੇਡ ਮੰਤਰਾਲੇ ਵੱਲੋਂ ਕੁਸ਼ਤੀ ਸੰਘ ਨੂੰ ਮੁਅੱਤਲ ਕਰਨ ਦੇ ਫੈਸਲੇ ਨੂੰ ਕੇਂਦਰ ਵੱਲੋਂ ਭਾਰੀ ਜਨਤਕ ਦਬਾਅ ਹੇਠ ਲਿਆ ਗਿਆ ਫੈਸਲਾ ਦੱਸਦਿਆਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਕਿਹਾ ਕਿ ਹੁਣ ਸਮਾਂ ਆ ਗਿਆ ਹੈ ਕਿ ਬ੍ਰਿਜ ਭੂਸ਼ਣ ਸਿੰਘ ਖ਼ਿਲਾਫ ਖਿਡਾਰੀਆਂ ਨਾਲ ਜ਼ਬਰ-ਜਨਾਹ ਅਤੇ ਛੇੜਛਾੜ ਦੇ ਗੰਭੀਰ ਦੋਸ਼ਾਂ ਨੂੰ ਤਰਕਸੰਗਤ ਢੰਗ ਨਾਲ ਸਿੱਟੇ ਤੱਕ ਪਹੁੰਚਾਇਆ ਜਾਵੇ। ਕੇਂਦਰੀ ਖੇਡ ਮੰਤਰਾਲੇ ਵੱਲੋਂ ਨਵੀਂ ਡਬਲਯੂ.ਐੱਫ.ਆਈ. ਨੂੰ ਰੱਦ ਕਰਨ ਦੀਆਂ ਖ਼ਬਰਾਂ 'ਤੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਸੰਧਵਾਂ ਨੇ ਕਿਹਾ ਕਿ ਨਵੀਂ ਸੰਸਥਾ ਨੂੰ ਤੁਰੰਤ ਪ੍ਰਭਾਵ ਨਾਲ ਖ਼ਤਮ ਕੀਤਾ ਜਾਣਾ ਚਾਹੀਦਾ ਹੈ ਅਤੇ ਪਾਰਦਰਸ਼ੀ ਢੰਗ ਨਾਲ ਨਵੀਆਂ ਚੋਣਾਂ ਕਰਵਾਈਆਂ ਜਾਣੀਆਂ ਚਾਹੀਦੀਆਂ ਹਨ। ਸੰਧਵਾਂ ਨੇ ਇੱਥੋਂ ਜਾਰੀ ਇੱਕ ਬਿਆਨ ਵਿੱਚ ਪੁੱਛਿਆ, "ਉਨ੍ਹਾਂ ਨੇ ਨਵੀਂ ਡਬਲਯੂ.ਐਫ.ਆਈ. ਨੂੰ ਖਤਮ ਕਰਨ ਤੋਂ ਕਿਉਂ ਰੋਕਿਆ, ਜੋ ਕਿ ਸਾਬਕਾ ਮੁਖੀ ਦਾ ਹੀ ਰੂਪ (ਪ੍ਰੌਕਸੀ) ਸੀ, ਜਿਸ ਉੱਤੇ ਉਨ੍ਹਾਂ ਖਿਡਾਰੀਆਂ ਵਲੋਂ ਗੰਭੀਰ ਅਪਰਾਧਿਕ ਦੋਸ਼ ਲਗਾਏ ਗਏ ਸਨ, ਜਿਨ੍ਹਾਂ ਦੀ ਉਹ ਨੁਮਾਇੰਦਗੀ ਅਤੇ ਸੁਰੱਖਿਆ ਦਾ ਜ਼ਿੰਮੇਵਾਰ ਸੀ।" ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਕੋਈ ਵੀ ਦੇਸ਼ ਉਦੋਂ ਤੱਕ ਤਰੱਕੀ ਨਹੀਂ ਕਰ ਸਕਦਾ, ਜਦੋਂ ਤੱਕ ਉਸ ਦੀਆਂ ਅਥਲੀਟ ਤੇ ਧੀਆਂ ਦੀ ਰੱਖਿਆ ਨਹੀਂ ਕੀਤੀ ਜਾਂਦੀ। ਸਾਕਸ਼ੀ ਅਤੇ ਬਜਰੰਗ ਨੇ ਜਿਸ ਤਰ੍ਹਾਂ ਬੇਇਨਸਾਫ਼ੀ ਅਤੇ ਅਪਮਾਨ ਦੇ ਖਿਲਾਫ ਇਸ ਲੜਾਈ ਦੀ ਝੰਡਾ-ਬਰਦਰਾਰੀ ਕੀਤੀ ਹੈ, ਉਹ ਮਿਸਾਲੀ ਤੇ ਜੁਅਰਤਮੰਦੀ ਦੀ ਗੱਲ ਹੈ ਅਤੇ ਇਹ ਉਨ੍ਹਾਂ ਵੱਲੋਂ ਚੁਣੌਤੀਆਂ ਦੇ ਸਖ਼ਤ ਦੌਰ 'ਚ ਵੀ ਡੱਟੇ ਰਹਿਣ ਦਾ ਨਤੀਜਾ ਹੈ। ਸੰਧਵਾਂ ਨੇ ਅੱਗੇ ਕਿਹਾ ਕਿ ਕਿਸੇ ਕੌਮ ਲਈ ਆਪਣੇ ਓਲੰਪੀਅਨਾਂ ਦੀ ਬੇਹੁਰਮਤੀ ਤੇ ਅਪਮਾਨ ਹੁੰਦਾ ਦੇਖਣਾ ਬੜਾ ਦੁਖਦਾਈ ਅਤੇ ਸ਼ਰਮਨਾਕ ਹੈ। ਇਸ ਸਾਰੀ ਪ੍ਰਕਿਰਿਆ ਨੂੰ ਫਾਹਸ਼ ਤੇ ਕੋਝਾ ਮਜ਼ਾਕ ਦੱਸਦਿਆਂ ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਜਾਣਦੀ ਸੀ ਕਿ ਦੇਸ਼ ਦੀ ਜਨਤਾ ਦਾ ਭਰੋਸਾ ਅਤੇ ਹਮਦਰਦੀ ਉਨ੍ਹਾਂ ਅਥਲੀਟਾਂ ਦੇ ਨਾਲ ਹੈ, ਜਿਨ੍ਹਾਂ ਨੂੰ ਗਲਤ ਸਾਬਤ ਕੀਤਾ ਜਾ ਰਿਹਾ ਸੀ। ਸੰਧਵਾਂ ਨੇ ਕਿਹਾ ਕਿ ਸਾਡੇ ਅਥਲੀਟਾਂ ਦੇ ਹੰਝੂਆਂ ਨੇ ਦੇਸ਼ ਨੂੰ ਝੰਜੋੜ ਕੇ ਰੱਖ ਦਿਤਾ ਹੈ ਕਿਉਂਕਿ ਸਾਡੇ ਸਟਾਰ ਅਥਲੀਟਾਂ ਨੂੰ ਤਗਮੇ ਵਾਪਸ ਕਰਦੇ ਦੇਖਣਾ ਬਹੁਤ ਦੁਖਦਾਈ ਸੀ।

# ਟਰਾਂਸਫਾਰਮਰ ਚੋਰ ਕਾਬੂ

**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਐਸ ਆਈ ਜਗਜੀਤ ਸਿੰਘ ਮੁੱਖ ਅਫਸਰ ਥਾਣਾ ਮੇਹਟੀਆਣਾ ਨੇ ਦੱਸਿਆ ਕਿ ਪਰਮਜੀਤ ਸਿੰਘ ਪੁੱਤਰ ਰਵਿੰਦਰ ਸਿੰਘ ਵਾਸੀ ਟੋਡਰਪੁਰ ਨੇ ਸ਼ਿਕਾਇਤ ਦਿੱਤੀ ਸੀ ਕਿ ਉਸ ਦੀ ਜਮੀਨ ਪਿੰਡ ਪੰਜੋੜਾ ਅਤੇ ਟੋਡਰਪੁਰ ਵਿੱਚ ਪੈਂਦੀ ਹੈ। ਖੇਤੀ ਦੀ ਸੰਚਾਈ ਲਈ ਇੱਕ ਟਿਊਬਵੈੱਲ ਪਿੰਡ ਪੰਜੋੜਾ ਵਿਖੇ ਲੱਗਾ ਹੋਇਆ ਹੈ । ਜਿਥੇ ਮੋਟਰ ਦਾ ਬਿਜਲੀ ਕੁਨੈਕਸ਼ਨ ਬਿਜਲੀ ਬੋਰਡ ਵਲੋ ਲੱਗਾ ਹੋਇਆ ਹੈ। ਰਾਤ ਨੂੰ ਕੋਈ ਨਾ ਮਾਲੂਮ ਵਿਅਕਤੀ ਟਰਾਂਸਫਾਰਮਰ ਨੂੰ ਪੁੱਟ ਕੇ ਉਸ ਵਿੱਚੋ ਕਾਪਰ ਦੀਆ ਤਾਰਾਂ ਅਤੇ ਤੇਲ ਚੋਰੀ ਕਰਕੇ ਲੈ ਗਿਆ ਹੈ। ਸਤਨਾਮ ਸਿੰਘ ਇੰਨ: ਚੌਂਕੀ ਅਜਨੋਹਾ ਵਲੋਂ ਮੁਕੱਦਮਾ ਦਰਜ ਕਰਕੇ ਦੌਰਾਨੇ ਤਫਤੀਸ਼ ਮੁਕੱਦਮਾ ਵਿਚ ਨਾਮਜਦ ਸਰਬਜੀਤ ਸਿੰਘ ਉਰਫ ਸਾਬੀ ਪੁੱਤਰ ਗਿਆਨ ਸਿੰਘ ਵਾਸੀ ਚੈੜਾਂ ਨੂੰ ਗ੍ਰਿਫਤਾਰ ਕਰਕੇ ਭ /ਦ 379,411 ਮੁਕੱਦਮਾ ਦਰਜ ਕੀਤਾ ਗਿਆ ਹੈ। ਟਰਾਂਸਫਾਰਮ ਦਾ ਖੋਲ ਅਤੇ ਚੋਰੀ ਕੀਤਾ ਕਾਪਰ ਵਗੈਰਾ ਬ੍ਰਾਮਦ ਕੀਤਾ ਗਿਆ ਹੈ ।

# ਮਾਨਸਿਕ ਤਣਾਅ ਸਮੁੱਚੀ ਸਿਹਤ ਨੂੰ ਪਹੁੰਚਾਉਂਦਾ ਹੈ ਨੁਕਸਾਨ : ਡਾ. ਸੰਧੂ



**ਨਵਾਂਸ਼ਹਿਰ (ਕੁਲਵਿੰਦਰ ਸਿੰਘ ਦੁਰਗਾਪੁਰੀਆ)** ਸੰਧੂ ਹਸਪਤਾਲ ਦੇ ਦਿਮਾਗੀ ਬਿਮਾਰੀਆਂ ਦੇ ਮਾਹਿਰ ਡਾਕਟਰ ਜੇ ਐਸ ਸੰਧੂ ਨੇ ਦੱਸਿਆ ਕਿ ਮਾਨਸਿਕ ਤਣਾਅ ਸਾਡੇ ਸਰੀਰ ਅਤੇ ਸਮੁੱਚੀ ਸਿਹਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਤਣਾਅ, ਡਿਪਰੈਸ਼ਨ, ਇਨਸੋਮਨੀਆ, ਭੁੱਲਣਾ, ਚਿੜਚਿੜਾਪਨ, ਵਾਰ-ਵਾਰ ਮੂਡ ਬਦਲਣਾ ਆਦਿ ਮਾਨਸਿਕ ਸਮੱਸਿਆਵਾਂ ਦੇ ਲੱਛਣ ਹਨ। ਜੇਕਰ ਇਨ੍ਹਾਂ ਦੇ ਕਾਰਨਾਂ ਦੀ ਗੱਲ ਕਰੀਏ ਤਾਂ ਪਰਵਾਰ, ਆਰਥਿਕਤਾ, ਸਿਹਤ, ਸਿੱਖਿਆ, ਕੰਮ ਦੀ ਚਿੰਤਾ ਹੈ। ਅਸੀਂ ਥੱਕੇ ਹੋਣ ਦੇ ਬਾਵਜੂਦ ਵੀ ਆਪਣੇ ਦਿਮਾਗ ਨੂੰ ਸਰਗਰਮ ਰੱਖ ਸਕਦੇ ਹਾਂ, ਜਿਸ ਨਾਲ ਸੌਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ। ਬਿਹਤਰ ਨੀਂਦ ਬਰਕਰਾਰ ਰੱਖਣ ਲਈ ਡਿਪਰੈਸ਼ਨ ਦਾ ਇਲਾਜ ਉਪਲਬਧ ਹੈ। ਤੇਜ ਰਫਤਾਰ ਜ਼ਿੰਦਗੀ ਦੇ ਤਣਾਅ ਕਾਰਨ ਇਹ ਬੀਮਾਰੀ ਤੇਜੀ ਨਾਲ ਫੈਲ ਸਕਦੀ ਹੈ।

ਇਸ ਤੋਂ ਬਚਣ ਲਈ ਸਵੇਰੇ-ਸ਼ਾਮ ਸੈਰ ਕਰੋ। ਅਭਿਆਸ ਜਾਂ ਯੋਗਾ ਕਰੋ। ਦਿਲਚਸਪ ਅਤੇ ਰਚਨਾਤਮਕ ਕੰਮਾਂ ਵਿੱਚ ਸਮਾਂ ਬਤੀਤ ਕਰੋ। ਮਨ ਨੂੰ ਖੁਸ਼ ਰੱਖੋ। ਡਾ.ਜੇ ਐਸ ਸੰਧੂ ਦੱਸਿਆ ਕਿ ਮਾਨਸਿਕ ਸਿਹਤ ਨੂੰ ਹਲਕੇ ਵਿੱਚ ਨਹੀਂ ਲੈਣਾ ਚਾਹੀਦਾ। ਉਨ੍ਹਾਂ ਕਿਹਾ ਕਿ ਬੇਰੋਜਗਾਰੀ ਅਤੇ ਅਨਿਯਮਿਤ ਰੋਜਾਨਾ ਦੀ ਰੁਟੀਨ ਕਾਰਨ ਵੱਧ ਰਹੇ ਨੌਜਵਾਨ ਤਣਾਅ ਦਾ ਸ਼ਿਕਾਰ ਹੋ ਰਹੇ ਹਨ। ਮਾਨਸਿਕ ਰੋਗਾਂ ਦਾ ਸਭ ਤੋਂ ਵੱਡਾ ਕਾਰਨ ਤਣਾਅ ਹੈ। ਦੂਜਾ ਸਭ ਤੋਂ ਵੱਡਾ ਕਾਰਨ ਮੋਬਾਈਲ ਫੋਨ ਹੈ। ਬੱਚਿਆਂ ਦੇ ਮਾਪੇ ਘਰ ਵਿੱਚ ਮੋਬਾਈਲ ਫੋਨਾਂ ਵਿੱਚ ਵਿਅਸਤ ਰਹਿੰਦੇ ਹਨ। ਇਸ ਕਾਰਨ ਉਹ ਆਪਣੇ ਵਿਚਾਰ ਪ੍ਰਗਟ ਕਰਨ ਤੋਂ ਅਸਮਰਥ ਰਹਿ ਜਾਂਦੇ ਹਨ।

# ਡੀ ਏ ਵੀ ਪਬਲਿਕ ਸਕੂਲ ਵੱਲੋਂ 'ਪੋਸ਼ਣ ਸਮਰੱਥਾ : ਸੰਪੂਰਨ ਬਾਲ ਵਿਕਾਸ ਵੱਲ ਇੱਕ ਯਾਤਰਾ' ਪ੍ਰੋਗਰਾਮ



**ਫਿਲੌਰ (ਨਿਰਮਲ)** ਸਥਾਨਕ , ਡੀ ਆਰ ਵੀ ਡੀ ਏ ਵੀ ਸੈਂਟਨਰੀ ਪਬਲਿਕ ਸਕੂਲ, ਫਿਲੌਰ ਦੁਆਰਾ ਵਿਸ਼ੇਸ਼ ਦੋ-ਰੋਜਾ ਬਾਲ ਪੇਸ਼ਕਾਰੀ "ਪੋਸ਼ਣ ਸਮਰੱਥਾ: ਸੰਪੂਰਨ ਬਾਲ ਵਿਕਾਸ ਵੱਲ ਇੱਕ ਯਾਤਰਾ" ਦਾ ਅਯੋਜਨ ਕੀਤਾ ਗਿਆ। ਇਸ ਵਿੱਚ ਨਰਸਰੀ, ਯੂਕੇਜੀ, ਐਲਕੇਜੀ, ਪਹਿਲੀ ਅਤੇ ਦੂਜੀ ਜਮਾਤ ਦੇ ਵਿਦਿਆਰਥੀਆਂ ਨੇ ਭਾਗ ਲਿਆ। ਨਰਸਰੀ ਜਮਾਤ ਦੇ ਵਿਦਿਆਰਥੀਆਂ ਵੱਲੋਂ ਧਰਤੀ ਮਾਂ ਪ੍ਰਤੀ ਪਿਆਰ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ ਗਿਆ।

ਬੱਚਿਆਂ ਨੇ ਆਪਣੀ ਮਨਮੋਹਕ ਪੇਸ਼ਕਾਰੀ ਰਾਹੀਂ ਕੁਦਰਤ ਦੀ ਰੱਖਿਆ ਅਤੇ ਕੁਦਰਤੀ ਸੋਮਿਆਂ ਦੀ ਸੰਭਾਲ ਬਾਰੇ ਜਾਗਰੂਕਤਾ ਪੈਦਾ ਕਰਨ ਦੀ ਕੋਸ਼ਿਸ਼ ਕੀਤੀ। ਯੂਕੇਜੀ ਕਲਾਸ ਦੇ ਵਿਦਿਆਰਥੀਆਂ ਨੇ ਬਚਪਨ ਵਿਸ਼ੇ 'ਤੇ ਇੱਕ ਸੁੰਦਰ ਅਤੇ ਭਾਵਨਾਤਮਕ ਪੇਸ਼ਕਾਰੀ ਦਿੱਤੀ। ਵਿਦਿਆਰਥੀਆਂ ਨੇ ਰਵਾਇਤੀ ਖੇਡਾਂ ਖੇਡ ਕੇ ਅਤੇ ਬਾਹਰੀ ਗਤੀਵਿਧੀਆਂ ਦਾ ਆਨੰਦ ਲੈ ਕੇ ਬਚਪਨ ਦੀਆਂ ਯਾਦਾਂ ਨੂੰ ਤਾਜਾ ਕੀਤਾ। *ਪ੍ਰੈਜੇਂਟੇਸ਼ਨ ਨਰਚਿੰਗ ਪੋਟੈਂਸ਼ੈਲ :ਐਨਰਜੀ ਟੂਵਰਡਸ ਹੋਲਿਸਟਿਕ ਡਿਵੈਲਪਮੈਂਟ* ਦੇ ਦੁਆਰਾ ਜਮਾਤ ਨਰਸਰੀ ਅਤੇ ਯੂਕੇਜੀ ਦੇ ਵਿਦਿਆਰਥੀਆਂ ਨੇ ਮਿਸਾਲੀ ਪੇਸ਼ਕਾਰੀਆਂ ਦਿੱਤੀਆਂ। ਐਲ.ਕੇ.ਜੀ ਕਲਾਸ ਦੇ ਵਿਦਿਆਰਥੀਆਂ ਨੇ ਬੱਚਿਆਂ ਦੇ ਸਕੂਲੀ ਸਫਰ ਨੂੰ ਖੂਬਸੂਰਤੀ ਨਾਲ ਪੇਸ਼ ਕੀਤਾ। ਬੱਚਿਆਂ ਨੇ ਆਪਣੀ ਪੇਸ਼ਕਾਰੀ ਰਾਹੀਂ ਅਹਿਮ ਸੰਦੇਸ਼ ਦਿੱਤਾ ਕਿ ਸਕੂਲੀ ਜੀਵਨ ਸਾਨੂੰ ਬਹੁਤ ਕੁਝ ਸਿਖਾਉਂਦਾ ਹੈ ਅਤੇ ਜ਼ਿੰਦਗੀ ਦੀਆਂ ਸਾਰੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਤਿਆਰ ਕਰਦਾ ਹੈ। ਵਿਦਿਆਰਥੀਆਂ ਦੀਆਂ ਰੰਗ-ਬਿਰੰਗੀਆਂ ਪੁਸ਼ਾਕਾਂ ਨੇ ਪ੍ਰਦਰਸ਼ਨ ਨੂੰ ਦੇਖਣ ਦਾ ਆਨੰਦ ਹੋਰ ਵਧਾ ਦਿੱਤਾ। ਸਮਾਗਮ ਦੇ ਮੁੱਖ ਮਹਿਮਾਨ ਪ੍ਰਸਿੱਧ ਡਾ: ਗੁਰਪ੍ਰੀਤ ਘਈ (ਫਿਲੌਰ) ਨੇ ਸ਼ਾਨਦਾਰ ਸਮਾਗਮ ਕਰਵਾਉਣ ਲਈ ਪ੍ਰਿੰਸੀਪਲ, ਅਧਿਆਪਕਾਂ ਅਤੇ ਮਾਪਿਆਂ ਨੂੰ ਵਧਾਈ ਦਿੱਤੀ। ਜਮਾਤ ਪਹਿਲੀ ਦੇ ਵਿਦਿਆਰਥੀਆਂ ਨੇ ਸ਼ਾਨਦਾਰ ਕੋਰੀਓਗ੍ਰਾਫੀ ਪੇਸ਼ ਕੀਤੀ।

ਪ੍ਰੋਗਰਾਮ ਦੇ ਖਾਸ ਮਹਿਮਾਨ ਉੱਘੇ ਡਾ. ਮਧੂ ਮਾਂਗੀ (ਫਿਲੌਰ) ਨੇ ਭਾਗ ਲੈਣ ਵਾਲੇ ਹਰੇਕ ਵਿਦਿਆਰਥੀ ਦੀ ਕਾਰਗੁਜਾਰੀ ਅਤੇ ਉਨ੍ਹਾਂ ਦੇ ਅਧਿਆਪਕਾਂ ਅਤੇ ਮਾਪਿਆਂ ਵੱਲੋਂ ਕੀਤੀ ਸਖ਼ਤ ਮਿਹਨਤ ਦੀ ਸ਼ਲਾਘਾ ਕੀਤੀ। ਜਮਾਤ ਦੂਸਰੀ ਦੇ ਵਿਦਿਆਰਥੀਆਂ ਨੇ ਸਕੂਲ ਵਿੱਚ ਮਨਾਏ ਗਏ ਮਹੱਤਵਪੂਰਨ ਦਿਹਾੜਿਆਂ ਨੂੰ ਖ਼ੂਬਸੂਰਤ ਢੰਗ ਨਾਲ ਪੇਸ਼ ਕੀਤਾ। ਵਸ਼ੇਸ ਮਹਿਮਾਨ ਵਜੋਂ ਉੱਘੇ ਕਾਰੋਬਾਰੀ ਸ੍ਰੀਮਤੀ ਨੈਨਸੀ ਘਈ (ਅੱਪਰਾ) ਨੇ ਸਕੂਲ ਪ੍ਰਿੰਸੀਪਲ , ਅਧਿਆਪਕਾਂ, ਵਿਦਿਆਰਥੀਆਂ ਅਤੇ ਮਾਪਿਆਂ ਵੱਲੋਂ ਕੀਤੇ ਉਪਰਾਲੇ ਦੀ ਸ਼ਲਾਘਾ ਕੀਤੀ। ਪ੍ਰਿੰਸੀਪਲ ਡਾ: ਯੋਗੇਸ ਗੰਭੀਰ ਨੇ ਸਬੰਧਿਤ ਪ੍ਰੋਗਰਾਮ ਦੇ ਹਰ ਪਲ ਦਾ ਆਨੰਦ ਮਾਨਣ ਅਤੇ ਆਪਣੀ ਪ੍ਰੇਰਨਾਦਾਇਕ ਸ਼ਖਸੀਅਤ ਨਾਲ ਪ੍ਰੋਗਰਾਮ ਨੂੰ ਸ਼ਾਨਦਾਰ ਬਣਾਉਣ ਲਈ ਮੁੱਖ ਮਹਿਮਾਨ ਦਾ ਧੰਨਵਾਦ ਕਰਦੇ ਹੋਏ ਯਾਦਗਾਰੀ ਚਿੰਨ੍ਹ ਭੇਟ ਕੀਤੇ।

# ਸ਼ਹੀਦ ਸਿੰਘ-ਸਿੰਘਣੀਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਵਿਸ਼ਾਲ ਖਾਲਸਾ ਮਾਰਚ ਕੱਢਿਆ



**ਟਾਂਡਾ ਉੜਮੁੜ ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੁਸਾਇਟੀ ਮੂਨਕ ਕਲਾਂ ਵੱਲੋਂ ਚਾਰ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ, ਸ਼ਹੀਦ ਸਿੰਘ-ਸਿੰਘਣੀਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਸਲਾਨਾ ਪੈਦਲ ਮਾਰਚ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਪਿੰਡ ਮੂਨਕਾ ਕਲਾਂ ਤੋਂ ਕੱਢਿਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਪਿੰਡ ਮੂਨਕ ਕਲਾਂ, ਮੂਨਕ ਖੁਰਦ ਤੇ ਬੋਲੇਵਾਲ ਦੀਆਂ ਸੰਗਤਾਂ ਦੇ ਸਹਿਯੋਗ ਨਾਲ ਆਯੋਜਿਤ ਕੀਤੇ ਗਏ ਇਸ ਖਾਲਸਾ ਮਾਰਚ ਵਿੱਚ ਛੋਟੇ ਬੱਚਿਆਂ ਤੋਂ ਇਲਾਵਾ, ਨੌਜਵਾਨਾਂ ਬੀਬੀਆਂ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਨੇ ਭਾਗ ਲਿਆ ਲੈਂਦੇ ਹੋਏ ਕੌਮ ਦੀ ਖਾਤਰ ਸ਼ਹੀਦ ਹੋਏ ਚਾਰ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਜੀ ਤੇ ਸਿੰਘਾਂ ਸਿੰਘਣੀਆਂ ਦੀ ਲਾਸਾਨੀ ਸ਼ਹਾਦਤ ਨੂੰ ਸਿਜਦਾ ਕੀਤਾ। ਖਾਲਸਾ ਮਾਰਚ ਤੋਂ ਪਹਿਲਾਂ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਸੁਖਮਨੀ ਸਾਹਿਬ ਦੇ ਸ੍ਰੀ ਚੌਪਈ ਸਾਹਿਬ ਜੀ ਦੇ ਸੰਗਤੀ ਰੂਪ ਵਿੱਚ ਜਾਪ ਕਰਨ ਉਪਰੰਤ ਸਰਬੱਤ ਦੇ ਭਲੇ ਦੀ ਅਰਦਾਸ ਕੀਤੀ ਗਈ। ਖਾਲਸਾ ਮਾਰਚ ਵਿੱਚ ਬੱਚਿਆਂ ਵੱਲੋਂ ਸ਼ਬਦ ਗੁਰਬਾਣੀ ਦੇ ਪਵਿੱਤਰ ਕੀਰਤਨ, ਜੋਸ਼ ਭਰੀਆਂ ਕਵਿਤਾਵਾਂ ਗਾ ਕੇ ਸ਼ਹੀਦਾਂ ਨੂੰ ਯਾਦ ਕੀਤਾ ਜਾ ਰਿਹਾ ਸੀ। ਇਸ ਵਿਸਾਲ ਮਾਰਚ ਦਾ ਪਿੰਡ ਮੂਨਕ ਖੁਰਦ ਤੇ ਵੱਖ-ਵੱਖ ਪੜਾਵਾਂ ਦੌਰਾਨ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ ਤੇ ਸੰਗਤ ਦੀ ਸੇਵਾ ਵਾਸਤੇ ਲੰਗਰ ਪ੍ਰਸ਼ਾਦੇ ਤੇ ਦੁੱਧ ਦੇ ਲੰਗਰ ਲਗਾਏ ਗਏ।

ਇਸ ਮੌਕੇ ਸੰਬੋਧਨ ਕਰਦਿਆਂ ਬਾਬਾ ਕੁਲਦੀਪ ਸਿੰਘ ਸੇਵਾਦਾਰ ਗੁਰਦੁਆਰਾ ਟਾਹਲੀ ਸਾਹਿਬ, ਸ੍ਰੀ ਗੁਰੂ ਰਾਮਦਾਸ ਜੀ ਸੇਵਾ ਸੋਸਾਇਟੀ ਦੇ ਸੇਵਾਦਾਰ ਗੁਰਨਾਮ ਸਿੰਘ ਮੂਨਕਾਂ, ਜਥੇਦਾਰ ਤਰਲੋਚਨ ਸਿੰਘ ਪ੍ਰਧਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਗੁਰੂ ਸਿੰਘ ਸਭਾ ਮੂਨਕ ਕਲਾਂ, ਜਥੇਦਾਰ ਦਵਿੰਦਰ ਸਿੰਘ ਮੂਨਕਾਂ, ਸਾਬਕਾ ਸਰਪੰਚ ਹਰਬੰਸ ਸਿੰਘ ਮੂਨਕਾਂ, ਸਰਬਜੀਤ ਸਿੰਘ ਮੋਮੀ, ਦਵਿੰਦਰ ਸਿੰਘ ਲਾਡੀ, ਸਾਬਕਾ ਸਰਪੰਚ ਤੀਰਥ ਸਿੰਘ, ਕੁਲਦੀਪ ਸਿੰਘ ਮੂਨਕਾਂ, ਹੈਡ ਗ੍ਰੰਥੀ ਬਾਬਾ ਚਰਨਜੀਤ ਸਿੰਘ ਲੱਕੀ ਨੇ ਕਿਹਾ ਕਿ ਸਾਨੂੰ ਇਨ੍ਹਾਂ ਸਾਰੀਆਂ ਸ਼ਹਾਦਤਾਂ ਤੋਂ ਪ੍ਰੇਰਨਾ ਲੈ ਕੇ ਤੇ ਪਵਿੱਤਰ ਗੁਰਬਾਣੀ ਨੂੰ ਆਪਣੇ ਮਨ ਵਿੱਚ ਵਸਾ ਕੇ ਆਪਣਾ ਜੀਵਨ ਸਫਲਾ ਕਰਨਾ ਚਾਹੀਦਾ ਹੈ। ਇਸ ਮੌਕੇ ਕੁਲਵੰਤ ਸਿੰਘ, ਪ੍ਰਿੰਸੀਪਲ ਰਜਿੰਦਰ ਸਿੰਘ, ਪ੍ਰਦੀਪ ਸਿੰਘ ਮਨਦੀਪ ਸਿੰਘ, ਸੁਖਵਿੰਦਰ ਸਿੰਘ ਸੂਬੇਦਾਰ ਗੁਰਨਾਮ ਸਿੰਘ, ਬੀਬੀ ਹਰਵਿੰਦਰ ਕੌਰ, ਬੀਬੀ ਚਰਨਜੀਤ ਕੌਰ, ਤੇਜਿੰਦਰ ਕੌਰ, ਮਨਜੀਤ ਕੌਰ, ਅਮਰਜੀਤ ਕੌਰ, ਜੀਤ ਸਿੰਘ, ਤਰਲੋਚਨ ਸਿੰਘ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਸੰਗਤ ਨੇ ਹਾਜ਼ਰੀ ਲਗਵਾਈ।

## 2024 'ਚ ਚੋਣਾਂ ਈ ਵੀ ਐੱਮ ਦੀ ਬਜਾਏ ਬੈਲਟ ਪੇਪਰ ਰਾਹੀਂ ਕਰਾਉਣ ਦੀ ਕੀਤੀ ਮੰਗ

**ਹੁਸ਼ਿਆਰਪੁਰ, (ਬਲਵੀਰ ਸਿੰਘ ਸੈਣੀ)**- ਸਮਾਜ ਭਲਾਈ ਮੋਰਚਾ ਦੇ ਰਾਸ਼ਟਰੀ ਪ੍ਰਧਾਨ ਦਵਿੰਦਰ ਕੁਮਾਰ ਸਰੋਆ ਨੇ ਕੇਂਦਰ ਦੀ ਮੋਦੀ ਸਰਕਾਰ ਨੂੰ ਚੇਤਾਵਨੀ ਦਿੰਦੇ ਹੋਏ ਕਿਹਾ ਕਿ ਜੋ ਹੁਣ ਤੱਕ 145 ਸੰਸਦ ਮੈਂਬਰ ਮੁਅੱਤਲ ਕੀਤੇ ਹਨ ਉਹ ਮੈਂਬਰ ਲੋਕਤੰਤਰ ਰਾਜ ਵਿੱਚ ਭਾਰਤ ਦੇਸ਼ ਦੀ ਜਨਤਾ ਨੇ ਚੁਣੇ ਹਨ ਤਾਂ ਜੋ ਦੇਸ਼ ਦੀ ਜਨਤਾ ਦੇ ਹੱਕਾਂ 'ਤੇ ਡਾਕਾ ਨਾ ਪੈ ਸਕੇ। ਕੇਂਦਰ ਦੀ ਮੋਦੀ ਸਰਕਾਰ ਉਨ੍ਹਾਂ ਸੰਸਦ ਮੈਂਬਰਾਂ ਨੂੰ ਮੁਅੱਤਲ ਕਰ ਕੇ ਆਪਣਾ ਤਾਨਾਸ਼ਾਹੀ ਰਾਜ ਸਥਾਪਤ ਕਰਨਾ ਚਾਹੁੰਦੀ ਹੈ। ਜੋ ਕਿ ਪਹਿਲਾਂ ਈ.ਵੀ.ਐਮ. ਮਸ਼ੀਨਾਂ ਦੁਆਰਾ ਕੀਤਾ ਗਿਆ ਸੀ ਤੇ ਮੋਦੀ ਸਰਕਾਰ ਹੁਣ 2024 ਵਿੱਚ ਵੀ ਈ.ਵੀ.ਐਮ. ਦਾ ਧੱਕਾ ਕਰਵਾ ਕੇ ਲੋਕਤੰਤਰ ਦਾ ਘਾਣ ਕਰਨਾ ਚਾਹੁੰਦੀ ਹੈ। ਇਹ ਜੋ ਸੰਸਦ ਮੈਂਬਰ ਮੁਅੱਤਲ ਕੀਤੇ ਗਏ ਹਨ, ਮੋਦੀ ਸਰਕਾਰ ਉਨ੍ਹਾਂ ਦੇ ਮਨਾਂ ਵਿੱਚ ਮੁਅੱਤਲੀ ਦਾ ਡਰ ਬਿਠਾ ਕੇ ਨਾ ਬੋਲਣ, ਚੁੱਪ ਰਹਿਣ ਲਈ ਦੇਸ਼ ਨਾਲ ਧੱਕਾ ਕਰ ਰਹੀ ਹੈ। ਵਿਰੋਧੀ ਧਿਰ ਦਾ ਮਤਲਬ ਹੁੰਦਾ ਹੈ ਕਿਸੇ ਵੀ ਤਰ੍ਹਾਂ ਦੀ ਤਾਨਾਸ਼ਾਹੀ ਨੂੰ ਬਰਦਾਸ਼ਤ ਨਹੀਂ ਕਰਨਾ, ਤਾਨਾਸ਼ਾਹੀ ਦਾ ਡਟ ਕੇ ਵਿਰੋਧ ਕਰਨਾ। ਸਰੋਆ ਨੇ ਕਿਹਾ ਕਿ ਮੋਦੀ ਸਰਕਾਰ ਆਪਣਾ ਉਲੂ ਸਿਧਾ ਕਰਨ ਲਈ ਦੇਸ਼ ਦੀ ਜਨਤਾ ਦੀ ਆਵਾਜ਼ ਬੰਦ ਨਹੀ ਕਰ ਸਕਦੀ। ਉਨ੍ਹਾਂ ਆਸ ਪ੍ਰਗਟ ਕਰਦਿਆਂ ਕਿਹਾ ਕਿ ਜੇਕਰ ਸਾਰੀਆਂ ਪਾਰਟੀਆਂ ਇਕ ਹੁੰਦੀਆਂ ਹਨ ਤਾਂ ਹੀ ਲੋਕਤੰਤਰ ਨੂੰ ਬਚਾਉਣ ਲਈ ਇੱਕਮੁੱਠ ਹੋ ਕੇ ਮੋਦੀ ਸਰਕਾਰ ਦੀ ਡਿਕਟੇਟਰਾਨਾ ਨੀਤੀ ਦੇ ਵਿਰੋਧ ਵਿੱਚ ਲੋਕ ਆਵਾਜ਼ ਬੁਲੰਦ ਕੀਤੀ ਜਾ ਸਕੇਗੀ।

## ਗੁਰਦੁਆਰਾ ਗੜ੍ਹੀ ਸਾਹਿਬ ਤੋਂ 21 ਕਿਲੋਮੀਟਰ ਦਸਮੇਸ਼ ਪੈਦਲ ਯਾਤਰਾ

**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਨੂੰ ਤਾਜ਼ਾ ਕਰਦਿਆਂ ਇਸ ਵਾਰ ਵੀ ਪੰਜਾਬ ਕਲਾ ਮੰਚ ਵੱਲੋਂ ਸ਼੍ਰੋਮਣੀ ਕਮੇਟੀ ਅਤੇ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਸ਼ਹੀਦੀ ਜੋੜ ਮੇਲ 7 ਪੋਹ ਦੀ ਰਾਤ ਨੂੰ 12 ਵਜੇ 21 ਵੀਂ ਦਸਮੇਸ਼ ਪੈਦਲ ਯਾਤਰਾ ਗੁਰਦੁਆਰਾ ਸ੍ਰੀ ਗੜ੍ਹੀ ਸਾਹਿਬ ਤੋਂ ਗੁਰਦੁਆਰਾ ਸ੍ਰੀ ਝਾੜ ਸਾਹਿਬ ਤੱਕ ਨਿਸ਼ਾਨ ਸਾਹਿਬ ਦੀ ਅਗਵਾਈ ਹੇਠ ਸਜਾਈ ਗਈ । ਇਸ ਯਾਤਰਾ ਨੂੰ ਰਾਤ 12 ਵਜੇ ਭਾਈ ਗੁਰਬੇਜ ਸਿੰਘ ਕਥਾਵਾਚਕ ਵੱਲੋਂ ਗੜ੍ਹੀ ਦਾ ਇਤਿਹਾਸ ਸੁਣਾ ਕੇ ਅਤੇ ਅਰਦਾਸ ਕਰਨ ਉਪਰੰਤ ਜੈਕਾਰਿਆਂ ਦੀ ਗੂੰਜ ਹੇਠ ਮੈਨੇਜਰ ਭਾਈ ਨੱਥਾ ਸਿੰਘ, ਡਾ. ਰਾਜਪਾਲ ਸਿੰਘ, ਡਾ. ਸੁਦੇਸ਼ ਸ਼ਰਮਾ ਅਤੇ ਸਰਪੰਚ ਸੋਮ ਸਿੰਘ ਮੁੰਡੀਆਂ ਆਦਿ ਵੱਲੋਂ ਵੱਡੀ ਗਿਣਤੀ ਵਿੱਚ ਸੰਗਤਾਂ ਨੂੰ ਅਗਲੇ ਪੜਾਅ ਲਈ ਰਵਾਨਾ ਕੀਤਾ ਮੰਚ ਦੇ ਪ੍ਰਧਾਨ ਕੁਲਜਿੰਦਰਜੀਤ ਸਿੰਘ ਬੱਬਰ ਨੇ ਦੱਸਿਆ ਕਿ 21 ਕਿਲੋਮੀਟਰ ਦੇ ਰਸਤੇ ਵਿੱਚ ਆਉਦੇ ਪਿੰਡਾਂ ਦੀਆਂ ਸੰਗਤਾਂ ਨੇ ਦੇਰ ਰਾਤ ਇਸ ਯਾਤਰਾ ਦਾ ਭਰਵਾਂ ਸਵਾਗਤ ਕੀਤਾ ਤੇ ਥਾਂ ਥਾਂ ਲੰਗਰ ਲਗਾ ਕੇ ਸੰਗਤਾਂ ਦੀ ਸੇਵਾ ਕੀਤੀ । ਯਾਤਰਾ ਦੌਰਾਨ ਨੌਜਵਾਨਾਂ ਨੇ ਨਿਸ਼ਸ਼ਾਨ ਸਾਹਿਬ ਅੱਗੇ ਸਾਫ ਸਫਾਈ ਦੀ ਸੇਵਾ ਨਿਭਾਈ ਅਤੇ ਸਰਵਣ ਸਿੰਘ ਨੂਰਪੁਰ ਬੇਦੀ ਦੇ ਪਰਵਾਰ ਵੱਲੋਂ ਸਾਰੇ ਰਸਤੇ ਵਿੱਚ ਅੱਗੇ ਅੱਗੇ ਫੁੱਲਾਂ ਦੀ ਵਰਖਾ ਕੀਤੀ ਗਈ । ਇਹ ਯਾਤਰਾ ਦੇ ਦੂਜੇ ਦਿਨ ਸਵੇਰੇ 8 ਵਜੇ ਗੁਰਦੁਆਰਾ ਸ੍ਰੀ ਝਾੜ ਸਾਹਿਬ ਪੁੱਜਣ ਉਪਰੰਤ ਹੈੱਡ ਗ੍ਰੰਥੀ ਭਾਈ ਜਗਤਾਰ ਸਿੰਘ ਵੱਲੋਂ ਸੰਪੂਰਨਤਾ ਦੀ ਅਰਦਾਸ ਕੀਤੀ ਗਈ ਅਤੇ ਸੰਗਤਾਂ ਨੂੰ ਗੁਰਦੁਆਰਾ ਸ੍ਰੀ ਝਾੜ ਸਾਹਿਬ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ । ਇਸ ਮੌਕੇ ਪ੍ਰਧਾਨ ਜਗੀਰ ਸਿੰਘ ਖੋਖਰ, ਪ੍ਰਧਾਨ ਕਰਨੈਲ ਸਿੰਘ, ਗੁਰਸਰਨ ਸਿੰਘ ਮਾਵੀ, ਮਨਮੋਹਣ ਸਿੰਘ , ਸਵਰਨ ਸਿੰਘ ਸੈਣੀ, ਸੂਬੇਦਾਰ ਹਰਦੀਪ ਸਿੰਘ, ਸੇਵਾ ਸਿੰਘ ਭੂਰੜੇ, ਰਘਵੀਰ ਸਿੰਘ, ਮਨਮੋਹਨ ਸਿੰਘ, ਸੁਖਦੇਵ ਸਿੰਘ ਸੁੱਖਾ ਅਤੇ ਮੱਖਣ ਸਿੰਘ ਆਦਿ ਹਾਜ਼ਰ ਸਨ ।



## ਸੈਕੰਡਰੀ ਸਕੂਲ ਕਾਲਾ ਸੰਘਿਆਂ 'ਚ ਵੀਰ ਬਾਲ ਦਿਵਸ ਮਨਾਇਆ

**ਕਾਲਾ ਸੰਘਿਆਂ (ਮਨਜੀਤ ਮਾਨ)**-ਗਦਰੀ ਬਾਬਾ ਹਰਨਾਮ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਕਾਲਾ ਸੰਘਿਆਂ ਕਪੂਰਥਲਾ ਵਿਖੇ ਸਕੂਲ ਪ੍ਰਿੰਸੀਪਲ ਗੁਰਚਰਨ ਸਿੰਘ ਚਾਹਲ ਤੇ ਸਮੂਹ ਸਕੂਲ ਸਟਾਫ ਦੇ ਸਹਿਯੋਗ ਨਾਲ ਸਾਹਿਬਜ਼ਾਦਿਆਂ ਦੀ ਸ਼ਹੀਦੀ ਸ਼ਹਾਦਤ ਨੂੰ ਮੁੱਖ ਰੱਖਦਿਆਂ ਸਕੂਲ ਵਿੱਚ ਵੀਰ ਬਾਲ ਦਿਵਸ ਵਜੋਂ ਮਨਾਇਆ ਗਿਆ। ਇਸ ਮੌਕੇ ਬੱਚਿਆਂ ਨੂੰ ਸਾਹਿਬਜ਼ਾਦਿਆਂ ਦੇ ਇਤਿਹਾਸ ਬਾਰੇ ਜਾਣੂ ਕਰਵਾਇਆ ਤੇ ਬੱਚਿਆਂ ਨੂੰ ਇਸ ਸਬੰਧੀ ਫਿਲਮ ਦਿਖਾਈ ਗਈ ਅਤੇ ਵਿਦਿਆਰਥੀਆਂ ਵਿਚਕਾਰ ਗਤਕੇ ਦਾ ਮੁਕਾਬਲਾ ਕਰਵਾਇਆ ਗਿਆ। ਇਸ ਮੌਕੇ ਨਰਿੰਦਰ ਸਿੰਘ ਸੰਘਾ ਗਤਕਾ ਕੋਚ ਅਤੇ ਹਰਮੀਤ ਸਿੰਘ ਗਤਕਾ ਕੋਚ ਨੇ ਵਿਦਿਆਰਥੀਆਂ ਦੀ ਹੌਸਲਾ ਅਫਜ਼ਾਈ ਕੀਤੀ।

## ਜ਼ਿਲ੍ਹਾ ਮੈਜਿਸਟਰੇਟ ਵੱਲੋਂ ਵੱਖ-ਵੱਖ ਪਾਬੰਦੀਆਂ ਦੇ ਹੁਕਮ

**ਜਲੰਧਰ, ( ਸ਼ੈਲੀ ਐਲਬਰਟ )**-ਜ਼ਿਲ੍ਹਾ ਮੈਜਿਸਟਰੇਟ ਵਿਸ਼ੇਸ਼ ਸਾਰੰਗਲ ਵਲੋਂ ਫੌਜਦਾਰੀ ਜ਼ਾਬਤਾ ਸੰਘਤਾ 1973 ਦੀ ਧਾਰਾ 144 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਗਏ ਹਨ ਕਿ ਜ਼ਿਲ੍ਹਾ ਜਲੰਧਰ (ਦਿਹਾਤੀ) ਦੀ ਹਦੂਦ ਅੰਦਰ ਕੋਈ ਵੀ ਵਿਅਕਤੀ ਭਾਰਤੀ ਮਿਲਟਰੀ, ਪੁਲਸ ਅਧਿਕਾਰੀਆਂ ਨੂੰ ਛੱਡ ਕੇ ਪੁਲਸ, ਆਰਮੀ, ਸੀ.ਆਰ.ਪੀ.ਐਫ. ਅਤੇ ਬੀ.ਐਸ.ਐਫ. ਆਦਿ ਫੋਰਸਾਂ ਦੀਆਂ ਵਰਦੀਆਂ ਅਤੇ ਓਲਿਵ ਰੰਗ (ਮਿਲਟਰੀ ਰੰਗ) ਦੇ ਵਹੀਕਲ/ਮੋਟਰ ਸਾਈਕਲ ਦੀ ਵਰਤੋਂ ਨਹੀਂ ਕਰੇਗਾ। ਜ਼ਿਲ੍ਹਾ ਮੈਜਿਸਟਰੇਟ ਵਲੋਂ ਇਕ ਹੋਰ ਹੁਕਮ ਜਾਰੀ ਕਰਦਿਆਂ ਕਿਹਾ ਗਿਆ ਹੈ ਕਿ ਜ਼ਿਲ੍ਹਾ ਜਲੰਧਰ (ਦਿਹਾਤੀ) ਅੰਦਰ ਪੈਂਦੇ ਹਲਕੇ ਵਿੱਚ ਕੋਈ ਵੀ ਵਿਅਕਤੀ ਆਪਣੇ ਪਸ਼ੂਆਂ ਨੂੰ ਸ਼ਰੇਆਮ ਸੜਕਾਂ ਉਤੇ ਅਤੇ ਜਨਤਕ ਥਾਵਾਂ 'ਤੇ ਨਹੀਂ ਛੱਡੇਗਾ। ਜ਼ਿਲ੍ਹਾ ਮੈਜਿਸਟਰੇਟ ਵਲੋਂ ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਜਲੰਧਰ (ਦਿਹਾਤੀ) ਦੀ ਹਦੂਦ ਅੰਦਰ ਪੈਂਦੇ ਪੈਟਰੋਲ ਪੰਪਾਂ ਅਤੇ ਬੈਂਕਾਂ 'ਤੇ ਸੀ.ਸੀ.ਟੀ.ਵੀ. ਕੈਮਰੇ ਲਗਾਉਣ ਅਤੇ ਇਨ੍ਹਾਂ ਕੈਮਰਿਆਂ ਵਿੱਚ ਘੱਟੋ-ਘੱਟ 7 ਦਿਨ ਦੀ ਰਿਕਾਰਡਿੰਗ ਰੱਖਣ ਦੇ ਆਦੇਸ਼ ਜਾਰੀ ਕੀਤੇ ਗਏ ਹਨ। ਉਪਰੋਕਤ ਇਹ ਸਾਰੇ ਹੁਕਮ 22 ਮਾਰਚ 2024 ਤੱਕ ਲਾਗੂ ਰਹਿਣਗੇ।

## ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸ਼ੰਕਰ 'ਚ ਵਰਕਸ਼ਾਪ



**ਕਾਲਾ ਸੰਘਿਆਂ (ਮਨਜੀਤ ਮਾਨ)**- ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ ਸੰਕਰ (ਬਲਾਕ ਸਕੂਲ ਨਕੋਦਰ-2) ਵਿਖੇ ਸਿੱਖਿਆ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਏ ਈ ਪੀ ਅਧੀਨ ਇੱਕ ਰੋਜ਼ਾ ਵਰਕਸ਼ਾਪ ਲਗਾਈ ਗਈ, ਜਿਸ ਵਿੱਚ ਬਲਾਕ ਨਕੋਦਰ-1, ਨਕੋਦਰ-2, ਨੂਰਮਿਹਲ ਦੇ ਸੈਕੰਡਰੀ ਸਕੂਲਾਂ ਦੇ ਸਕੂਲ ਮੁਖੀਆਂ ਅਤੇ ਅਧਿਆਪਕਾਂ ਵੱਲੋਂ ਅਟੈਂਡ ਕੀਤੀ ਗਈ। ਇਸ ਮੌਕੇ ਵਿਭਾਗ ਵੱਲੋਂ ਭੇਜੇ ਗਏ ਨਿਰਦੇਸ਼ਾਂ ਅਨੁਸਾਰ ਕਿਸ਼ੋਰ ਸਿੱਖਿਆ ਬਾਰੇ ਜਾਣੂ ਕਰਵਾਇਆ ਗਿਆ। ਵਰਕਸ਼ਾਪ ਦੀ ਕਾਰਵਾਈ ਕੁਲਤਰਨਜੀਤ ਸਿੰਘ (ਜ਼ਿਲ੍ਹਾ ਸਿੱਖਿਆ ਅਫਸਰ) ਅਤੇ ਰਾਜੀਵ ਜੋਸ਼ੀ ਜ਼ਿਲ੍ਹਾ ਨੋਡਲ ਅਫਸਰ (ਡਿਪਟੀ ਡੀ.ਈ.ਓ) ਦੀ ਪ੍ਰਧਾਨਗੀ ਹੇਠ ਸਹਾਇਕ ਜ਼ਿਲ੍ਹਾ ਨੋਡਲ ਅਫਸਰ ਹਰਜੀਤ ਕੁਮਾਰ ਬਾਵਾ ਵੱਲੋਂ ਕੀਤੀ ਗਈ। ਪ੍ਰੋਗਰਾਮ ਵਿੱਚ ਸਮੂਹ ਬਲਾਕਾਂ ਦੇ ਬੀ.ਐਮ ਵੱਲੋਂ ਸਹਿਯੋਗ ਕੀਤਾ ਗਿਆ। ਇਸ ਮੌਕੇ ਸਿਵਲ ਹਸਪਤਾਲ ਸ਼ੰਕਰ ਤੋਂ ਡਾਕਟਰ ਸਾਹਿਬਾਨ ਦੀ ਟੀਮ ਨੇ ਵੀ ਸਮੂਹ ਅਧਿਆਪਕਾਂ ਨੂੰ ਜਾਣਕਾਰੀ ਦਿੱਤੀ। ਪ੍ਰਿੰਸੀਪਲ-ਕਮ-ਬਲਾਕ ਇੰਚਾਰਜ ਦਮਨਜੀਤ ਕੌਰ ਨੇ ਆਏ ਹੋਏ ਮਹਿਮਾਨਾਂ ਦਾ ਅਤੇ ਸਮੂਹ ਅਧਿਆਪਕਾਂ ਦਾ ਧੰਨਵਾਦ ਕੀਤਾ।

## ਐੱਨ ਆਰ ਆਈ ਸਭਾ ਦੀ ਚੋਣ 5 ਨੂੰ

**ਜਲੰਧਰ, (ਸੁਰਿੰਦਰ ਕੁਮਾਰ)**-ਕਮਿਸ਼ਨਰ ਜਲੰਧਰ ਡਵੀਜ਼ਨ-ਕਮ-ਚੇਅਰਪਰਸਨ ਐਨ.ਆਰ.ਆਈ. ਸਭਾ ਪੰਜਾਬ ਦੀਆਂ ਹਦਾਇਤਾਂ ਅਨੁਸਾਰ ਐਨ.ਆਰ.ਆਈ. ਸੈਂਟਰਲ ਸਭਾ ਅਤੇ ਸਾਰੇ ਜ਼ਿਲ੍ਹਾ ਯੂਨਿਟ ਦੇ ਮੈਂਬਰਾਂ ਦੇ ਪੰਜ ਸਾਲ ਪੁਰਾਣੇ ਫੋਟੋ ਸ਼ਨਾਖਤੀ ਕਾਰਡ ਨਵਿਆਏ ਜਾ ਰਹੇ ਹਨ। ਕਾਰਜਕਾਰੀ ਡਾਇਰੈਕਟਰ ਐਨ.ਆਰ.ਆਈ.ਸਭਾ ਪੰਜਾਬ ਵਰਿੰਦਰਪਾਲ ਸਿੰਘ ਬਾਜਵਾ ਨੇ ਦੱਸਿਆ ਕਿ ਐਨ.ਆਰ.ਆਈ. ਸੈਂਟਰਲ ਸਭਾ ਅਤੇ ਸਾਰੇ ਜ਼ਿਲ੍ਹਾ ਯੂਨਿਟ ਦੇ ਮੈਂਬਰ ਆਪਣੇ ਪੰਜ ਸਾਲ ਪੁਰਾਣੇ ਫੋਟੋ ਸ਼ਨਾਖਤੀ ਕਾਰਡ 3 ਜਨਵਰੀ 2024 ਤੱਕ ਨਵਿਆ (ਰਿਨਿਊ) ਸਕਣਗੇ। ਉਨ੍ਹਾਂ ਦੱਸਿਆ ਕਿ ਐਨ.ਆਰ.ਆਈ. ਸੈਂਟਰਲ ਸਭਾ ਦੇ ਮੈਂਬਰ ਆਪਣਾ ਫੋਟੋ ਸ਼ਨਾਖਤੀ ਕਾਰਡ 500 ਰੁਪਏ ਪ੍ਰਤੀ ਕਾਰਡ ਅਦਾ ਕਰਕੇ ਨਵਿਆ ਸਕਣਗੇ। ਬਾਜਵਾ ਨੇ ਇਹ ਵੀ ਦੱਸਿਆ ਕਿ ਸਬੰਧਤ ਜ਼ਿਲ੍ਹਿਆਂ ਦੇ ਵਧੀਕ ਡਿਪਟੀ ਕਮਿਸ਼ਨਰ (ਜਨਰਲ)-ਕਮ- ਈ.ਆਰ.ਓਜ਼ ਨੂੰ ਆਪਣੇ ਜ਼ਿਲ੍ਹੇ ਨਾਲ ਸਬੰਧਤ ਮੈਂਬਰਾਂ ਦੇ ਬਿਨਾਂ ਕਿਸੇ ਚਾਰਜ ਦੇ ਪੇਪਰ ਕਾਰਡ ਉਤੇ ਪੇਪਰ ਫੋਟੋ ਸ਼ਨਾਖਤੀ ਕਾਰਡ ਰਿਨਿਊ ਕਰਨ ਲਈ ਨਾਮਜ਼ਦ ਕੀਤਾ ਗਿਆ ਹੈ।

## ਰਿਆਤ ਬਾਹਰਾ ਡੈਂਟਲ ਕਾਲਜ ਤੇ ਹਸਪਤਾਲ ਵਿਖੇ ਸੀ ਡੀ ਈ ਪ੍ਰੋਗਰਾਮ-ਕਮ-ਵਰਕਸ਼ਾਪ



**ਚੰਡੀਗੜ੍ਹ (ਗੁਰਜੀਤ ਬਿੱਲਾ)**- ਰਿਆਤ ਬਾਹਰਾ ਡੈਂਟਲ ਕਾਲਜ ਅਤੇ ਹਸਪਤਾਲ ਦੇ ਓਰਲ ਅਤੇ ਮੈਕਸੀਲੋਫੇਸੀਅਲ ਸਰਜਰੀ ਵਿਭਾਗ ਵੱਲੋਂ "ਪਟੀਰੀਗੋਇਡ ਅਤੇ ਜਾਇਗੋਮੈਟਿਕ ਇਮਪਲਾਂਟ" ਉੱਤੇ ਇੱਕ ਦਿਨ੍ਹਾਂ ਸੀ ਡੀ ਈ ਪ੍ਰੋਗਰਾਮ ਕਮ ਵਰਕਸ਼ਾਪ ਦਾ ਆਯੋਜਨ ਕੀਤਾ ਗਿਆ। ਇਸ ਵਰਕਸ਼ਾਪ ਵਿੱਚ ਪੰਜਾਬ, ਹਰਿਆਣਾ, ਹਿਮਾਚਲ ਅਤੇ ਚੰਡੀਗੜ੍ਹ ਦੇ 150 ਤੋਂ ਵੱਧ ਡੈਲੀਗੇਟਸ ਨੇ ਹਿੱਸਾ ਲਿਆ। ਇਸ ਮੌਕੇ ਆਰਗੇਨਾਇਜ਼ਿੰਗ ਚੇਅਰਮੈਨ ਡਾ: ਸੰਦੀਪ ਗਰਗ ਅਤੇ ਕਾਨਫਰੰਸ ਦੇ ਪ੍ਰਿੰਸੀਪਲ ਕਮ ਕਨਵੀਨਰ ਡਾ: ਅਕਸ਼ੈ ਕੁਮਾਰ ਸ਼ਰਮਾ ਨੇ ਇਮਪਲਾਂਟੌਲੋਜੀ ਦੇ ਸਭ ਤੋਂ ਵੱਧ ਲੋੜੀਂਦੇ ਵਿਸ਼ੇ ਬਾਰੇ ਗਿਆਨ ਨੂੰ ਅਪਗ੍ਰੇਡ ਕਰਨ ਲਈ ਮਹਿਮਾਨ ਬੁਲਾਰੇ ਡਾ: ਦਿਵਯ ਮਲਹੋਤਰਾ, ਹਿਮਾਚਲ ਡੈਂਟਲ ਕਾਲਜ, ਸੁੰਦਰਨਗਰ ਦੇ ਪ੍ਰੋਫੈਸਰ ਅਤੇ ਮੁਖੀ ਨੂੰ ਸਨਮਾਨਤ ਕੀਤਾ। ਰਿਆਤ ਬਾਹਰਾ ਗਰੁੱਪ ਆਫ ਇੰਸਟੀਚਿਊਸ਼ਨਜ਼ ਦੇ ਚੇਅਰਮੈਨ ਗੁਰਵਿੰਦਰ ਸਿੰਘ ਬਾਹਰਾ ਅਤੇ ਰਿਆਤ ਬਾਹਰਾ ਯੂਨੀਵਰਸਿਟੀ ਦੇ ਵਾਈਸ-ਚਾਂਸਲਰ ਡਾ: ਪਰਵਿੰਦਰ ਸਿੰਘ ਨੇ ਇਸ ਸਮਾਗਮ ਦੇ ਆਯੋਜਨ ਵਿੱਚ ਡੈਂਟਲ ਕਾਲਜ ਦੇ ਪ੍ਰਿੰਸੀਪਲ ਡਾ: ਅਕਸ਼ੈ ਕੁਮਾਰ ਸਰਮਾ ਦੇ ਉੱਦਮ ਦੀ ਸ਼ਲਾਘਾ ਕੀਤੀ।

## ਚਾਰ ਸਾਹਿਬਜ਼ਾਦੇ ਤੇ ਮਾਤਾ ਗੁਜਰੀ ਨੂੰ ਸਮਰਪਤ ਵਿਸ਼ਾਲ ਗੁਰਮਤਿ ਸਮਾਗਮ



**ਟਾਂਡਾ ਉੜਮੁੜ, ( ਜਸਵਿੰਦਰ ਸੰਧੂ, ਉਂਕਾਰ ਸਿੰਘ )**-ਗੁਰਮਤਿ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਟਾਂਡਾ ਵੱਲੋਂ ਗੁਰਬਾਨੀ ਦੇ ਪ੍ਰਚਾਰ ਅਤੇ ਪ੍ਰਸਾਰ ਲਈ ਕਰਵਾਏ ਜਾ ਰਹੇ ਧਾਰਮਿਕ ਸਮਾਗਮਾਂ ਦੀ ਲੜੀ ਤਹਿਤ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸੰਤ ਪ੍ਰੇਮ ਸਿੰਘ ਨਗਰ ਟਾਂਡਾ ਵਿਖੇ ਚਾਰ ਸਾਹਿਬਜਜ਼ਾਦਿਆਂ, ਮਾਤਾ ਗੁਜਰ ਕੌਰ ਜੀ ਤੇ ਸ਼ਹੀਦ ਸਿੰਘਣੀਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਤ ਵਿਸ਼ੇਸ਼ ਗੁਰਮਤਿ ਸਮਾਗਮ ਕਰਵਾਇਆ ਗਿਆ। ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਸਹਿਯੋਗ ਨਾਲ ਸ੍ਰੀ ਰਹਿਰਾਸ ਸਾਹਿਬ ਜੀ ਦੇ ਪਾਠ ਤੇ ਸਰਬੱਤ ਦੇ ਭਲੇ ਦੀ ਅਰਦਾਸ ਉਪਰੰਤ ਸਾਮ 5 ਵਜੇ ਤੋਂ ਲੈ ਕੇ 8 ਵਜੇ ਤੱਕ ਕਰਵਾਏ ਗਏ ਸਮਾਗਮ ਵਿੱਚ ਗੁਰਦੁਆਰਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਹਰਭਜਨ ਸਿੰਘ ਅਤੇ ਭਾਈ ਜਸਵੀਰ ਸਿੰਘ ਦਸਮੇਸ਼ ਨਗਰ ਟਾਂਡਾ ਵਾਲਿਆਂ ਦੇ ਰਾਗੀ ਜਥੇ ਨੇ ਸਮੂਹ ਸੰਗਤ ਨੂੰ ਗੁਰਬਾਣੀ ਕੀਰਤਨ ਅਤੇ ਗੁਰਮਤਿ ਵਿਚਾਰਾਂ ਰਾਹੀਂ ਨਿਹਾਲ ਕਰਦੇ ਹੋਏ ਸਿੱਖ ਕੌਮ ਦੇ ਕੁਰਬਾਨੀਆਂ ਭਰੇ ਇਤਿਹਾਸ 'ਤੇ ਚਾਨਣਾ ਪਾਇਆ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਲਖਵਿੰਦਰ ਸਿੰਘ ਮੁਲਤਾਨੀ, ਗੁਰਮਤ ਪ੍ਰਚਾਰ ਸੇਵਾ ਸਿਮਰਨ ਸੁਸਾਇਟੀ ਦੇ ਪ੍ਰਧਾਨ ਜਗਮੋਹਨ ਸਿੰਘ ਤੇ ਹੋਰਨਾਂ ਬੁਲਾਰਿਆਂ ਨੇ ਸਮੂਹ ਸੰਗਤ ਨੂੰ ਚਾਰ ਸਾਹਿਬਜ਼ਾਦੇ, ਮਾਤਾ ਗੁਜਰ ਕੌਰ ਤੇ ਸ਼ਹੀਦਾਂ ਦੀ ਲਾਸਾਨੀ ਸ਼ਹਾਦਤ ਤੋਂ ਪ੍ਰੇਰਨਾ ਲੈਣ ਲਈ ਕਿਹਾ। ਇਸ ਮੌਕੇ ਕਿਰਪਾਲ ਸਿੰਘ ਪੰਡੋਰੀ, ਸਰਧਾ ਸਿੰਘ, ਗਿਆਨੀ ਕੇਵਲ ਸਿੰਘ, ਜਥੇਦਾਰ ਪਰਮਜੀਤ ਸਿੰਘ ਖਾਲਸਾ, ਮਾਸਟਰ ਕੁਲਵੰਤ ਸਿੰਘ, ਦਲੇਰ ਸਿੰਘ, ਕੌਂਸਲਰ ਕ੍ਰਿਸ਼ਨ ਕੁਮਾਰ ਬਿੱਟੂ, ਅਨੂਪ ਸਿੰਘ, ਸੂਬੇਦਾਰ ਬਲਦੇਵ ਸਿੰਘ, ਗੁਰਪ੍ਰੀਤ ਸਿੰਘ ਸੈਣੀ, ਜਰਨੈਲ ਸਿੰਘ, ਤਰਲੋਚਨ ਸਿੰਘ, ਸਤਵੰਤ ਕੌਰ ਤੇ ਵੱਡੀ ਗਿਣਤੀ ਵਿੱਚ ਸੰਗਤਾਂ ਹਾਜ਼ਰ ਸਨ।

## ਭੱਟੋ 'ਚ ਛੋਟੇ ਸਾਹਿਬਜ਼ਾਦਿਆਂ ਨੂੰ ਸਮਰਪਤ ਫੁੱਟਬਾਲ ਟੂਰਨਾਮੈਂਟ ਕਰਵਾਇਆ



**ਨੂਰਪੁਰ ਬੇਦੀ (ਸੁਰਜੀਤ ਸਿੰਘ ਕਾਹਲੋਂ)**- ਖੇਤਰ ਦੇ ਪਿੰਡ ਭੱਟੋ ਵਿਖੇ ਛੋਟੇ ਸਾਹਿਬਜ਼ਾਦਿਆਂ ਦੀ ਲਾਸਾਨੀ ਸ਼ਹੀਦੀ ਦਿਹਾੜੇ ਨੂੰ ਸਮਰਪਤ ਨੌਜਵਾਨ ਸਭਾ ਪਿੰਡ ਭੱਟੋ ਵੱਲੋਂ ਦੂਜਾ ਫੁੱਟਬਾਲ ਟੂਰਨਾਮੈਂਟ ਕਰਵਾਇਆ ਗਿਆ ਜਿਸ ਵਿੱਚ 32 ਟੀਮਾਂ ਨੇ ਭਾਗ ਲਿਆ। ਪਹਿਲੇ ਦਿਨ ਦੇ ਰੋਚਕ ਮੁਕਾਬਲਿਆਂ ਤੋਂ ਬਾਅਦ ਦੂਜੇ ਦਿਨ ਵੀ ਫਸਵੇਂ ਮੁਕਾਬਲੇ ਹੋਏ। ਫਾਈਨਲ ਮੁਕਾਬਲੇ ਵਿੱਚ ਦਹੀਰਪੁਰ ਨੇ 15000 ਦੀ ਇਨਾਮੀ ਰਾਸ਼ੀ ਅਤੇ ਟਰਾਫੀ 'ਤੇ ਕਬਜ਼ਾ ਕੀਤਾ ਜਦੋਂ ਕਿ ਦੂਜੇ ਨੰਬਰ 'ਤੇ ਰਹੀ ਪਿੰਡ ਰੈਲ ਮਾਜਰਾ ਦੀ ਟੀਮ ਨੇ 11 ਹਜ਼ਾਰ 'ਤੇ ਕਬਜ਼ਾ ਕੀਤਾ। ਇਸ ਮੌਕੇ ਹਲਕਾ ਵਿਧਾਇਕ ਦਿਨੇਸ਼ ਚੱਢਾ ਮੁੱਖ ਮਹਿਮਾਨ ਵਜੋਂ ਪਹੁੰਚੇ। ਉਨ੍ਹਾਂ ਵੱਲੋਂ ਜਿੱਥੇ ਇਨਾਮਾਂ ਦੀ ਵੰਡ ਕੀਤੀ ਗਈ ਅਤੇ ਖਿਡਾਰੀ ਦੇ ਨਾਲ ਮੁਲਾਕਾਤ ਕਰਕੇ ਉਹਨਾਂ ਨੂੰ ਆਸ਼ੀਰਵਾਦ ਦਿੱਤਾ। ਇਸ ਮੌਕੇ ਵਿਧਾਇਕ ਚੱਡਾ ਵੱਲੋਂ ਪਿੰਡ ਭੱਟੋ ਦੇ ਖੇਡ ਸਟੇਡੀਅਮ ਵਾਸਤੇ 20 ਲੱਖ ਦੀ ਗਰਾਂਟ ਦਾ ਐਲਾਨ ਕੀਤਾ। ਚੱਢਾ ਨੇ ਨੌਜਵਾਨਾਂ ਨੂੰ ਖੇਡਾਂ ਪ੍ਰਤੀ ਪ੍ਰੇਰਿਤ ਹੋਣ ਤੇ ਨਸ਼ਿਆਂ ਤੋਂ ਦੂਰ ਰਹਿਣ ਦੀ ਪ੍ਰੇਰਨਾ ਦਿੱਤੀ। ਇਸ ਮੌਕੇ ਕਿਰਤੀ ਕਿਸਾਨ ਮੋਰਚਾ ਰੋਪੜ ਦੇ ਬਲਾਕ ਪ੍ਰਧਾਨ ਹਰਪ੍ਰੀਤ ਭੱਟੋ ਤੇ ਆਪ ਆਗੂ ਸਿੰਘ ਗੁਰਵਿੰਦਰ ਸਿੰਘ ਸੁੱਖਾ ਵੱਲੋਂ ਵਿਧਾਇਕ ਚੱਢਾ ਦਾ ਸਨਮਾਨ ਕੀਤਾ ਗਿਆ ਉਥੇ ਪਿੰਡ ਵਿੱਚ ਸਟੇਡੀਅਮ ਦੀ ਮੰਗ ਨੂੰ ਪੂਰਾ ਕਰਨ ਲਈ ਉਨ੍ਹਾਂ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਸਰਪੰਚ ਦਰਸ਼ਨ ਕੌਰ, ਸਤਨਾਮ ਨਾਗਰਾ, ਆਪ ਆਗੂ ਰਾਮ ਪ੍ਰਤਾਪ ਤਾਰੀ, ਮਨੀ ਗਿੱਲ, ਸਨੀ ਗਿੱਲ, ਗੁਰਵਿੰਦਰ ਰੰਧਾਵਾ, ਚੰਨੀ ਗਿੱਲ, ਮਨਪ੍ਰੀਤ ਰਾਈ ਦੀਪੂ, ਦਲਵੀਰ ਗਿੱਲ, ਸੁਨੀਲ ਫੌਜੀ, ਰਿਸ਼ੀ ਤਖਤਗੜ੍ਹ, ਕਰਨੈਲ ਧਾਮੀ ਸੰਮਾ, ਦਵਿੰਦਰ ਰੰਧਾਵਾ, ਕਮਲੂ ਮੱਟੂ, ਦਰਸ਼ਨ ਧਾਮੀ, ਲਾਡੀ ਫੌਜੀ, ਸੁੱਖਾ ਧਾਮੀ ਅਤੇ ਹੋਰ ਵੱਡੀ ਗਿਣਤੀ ਵਿੱਚ ਪਿੰਡ ਵਾਸੀ ਹਾਜ਼ਰ ਸਨ।

## 8 ਕਿਲੋ ਡੋਡਾ ਚੂਰਾ ਪੋਸਤ ਸਮੇਤ ਕਾਬੂ



**ਬਿਲਗਾ (ਵਿਜੇ ਕੁਮਾਰ)**- ਮੁਖਵਿੰਦਰ ਸਿੰਘ ਭੁੱਲਰ ਸੀਨੀਅਰ ਪੁਲਸ ਕਪਤਾਨ ਜਲੰਧਰ ਦਿਹਾਤੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਸਮਾਜ ਦੇ ਭਾੜੇ ਅਨਸਰਾਂ/ਨਸ਼ਾ ਤਸਕਰਾਂ ਖਿਲਾਫ ਚਲਾਈ ਗਈ ਵਿਸ਼ੇਸ਼ ਮੁਹਿੰਮ ਤਹਿਤ ਇਕ ਵਿਅਕਤੀ ਕੋਲੋਂ ਇਕ ਪਲਾਸਟਿਕ ਬੋਰਾ ਡੋਡਾ ਚੂਰਾ ਪੋਸਤ 8 ਕਿਲੋਗ੍ਰਾਮ ਬਰਾਮਦ ਕੀਤਾ ਗਿਆ। ਸਿਮਰਨਜੀਤ ਸਿੰਘ ਉਪ ਪੁਲਸ ਕਪਤਾਨ ਸਬ-ਡਵੀਜ਼ਨ ਫਿਲੌਰ ਨੇ ਦੱਸਿਆ ਕਿ ਥਾਣਾ ਬਿਲਗਾ ਦੇ ਮੁੱਖ ਅਫਸਰ ਇੰਸਪੈਕਟਰ ਅਮਨ ਸੈਣੀ ਦੀ ਅਗਵਾਈ ਹੇਠ ਐਸ ਆਈ ਕੁਲਵਿੰਦਰ ਸਿੰਘ ਵੱਲੋਂ ਪੁਲਸ ਪਾਰਟੀ ਸਮੇਤ ਗਸ਼ਤ ਅਤੇ ਭੈੜੇ ਅਨਸਰਾਂ ਨੂੰ ਨੱਥ ਪਾਉਣ ਲਈ ਬਿਲਗਾ ਤੋਂ ਫਰਵਾਲਾ ਪਿੰਡ ਨੂੰ ਜਾ ਰਹੇ ਸਨ ਤਾਂ ਪੁਲਸ ਪਾਰਟੀ ਰੇਲਵੇ ਫਾਟਕ 200 ਗਜ਼ ਪਿੱਛੇ ਹੀ ਸੀ ਤਾਂ ਫਰਵਾਲਾ ਵੱਲੋਂ ਆ ਰਹੇ ਮੋਨੇ ਨੌਜਵਾਨ ਨੇ ਪੁਲਸ ਪਾਰਟੀ ਨੂੰ ਦੇਖ ਕੇ ਸਿਰ 'ਤੇ ਰੱਖੇ ਪਲਾਸਟਿਕ ਦੇ ਬੋਰੇ ਨੂੰ ਸੁੱਟ ਦਿੱਤਾ ਅਤੇ ਪਿੱਛੇ ਨੂੰ ਮੁੜਨ ਲਗਾ ਤਾਂ ਪੁਲਸ ਨੇ ਸ਼ਕ ਪੈਣ 'ਤੇ ਨੌਜਵਾਨ ਨੂੰ ਰੋਕਿਆ ਤਾਂ ਪੁਲਸ ਵੱਲੋਂ ਤਲਾਸ਼ੀ ਲੈਣ ਤੇ ਉਸ ਕੋਲੋਂ ਪਲਾਸਟਿਕ ਬੋਰੇ ਵਿੱਚੋ 8 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਬਰਾਮਦ ਕੀਤੇ ਗਏ। ਫੜੇ ਗਏ ਵਿਅਕਤੀ ਦੀ ਪਹਿਚਾਣ ਡੈਨੀ ਓਰਫ ਗੋਪੀ ਪੁੱਤਰ ਰਾਮ ਲਭਾਇਆ ਵਾਸੀ ਪੱਤੀ ਭੱਟੀ ਬਿਲਗਾ ਥਾਣਾ ਬਿਲਗਾ ਜ਼ਿਲ੍ਹਾ ਜਲੰਧਰ ਵਜੋਂ ਹੋਈ। ਪੁਲਸ ਪ੍ਰਸ਼ਾਸਨ ਵੱਲੋਂ ਦੋਸ਼ੀ 'ਤੇ ਮੁਕੱਦਮਾ ਥਾਣਾ ਬਿਲਗਾ ਦਰਜ ਰਜਿਸਟਰ ਕੀਤਾ ਗਿਆ। ਦੋਸ਼ੀ ਡੈਨੀ ਉਰਫ ਗੋਪੀ ਨੂੰ ਅਦਾਲਤ ਵਿੱਚ ਪੇਸ਼ ਕਰਕੇ 3 ਦਿਨ ਦਾ ਪੁਲਸ ਰਿਮਾਂਡ ਲਿਆ ਗਿਆ ਹੈ।

## ਨਗਰ ਕੌਂਸਲ ਵੱਲੋਂ ਸਫਾਈ ਮੁਹਿੰਮ ਜ਼ੋਰਾਂ 'ਤੇ, ਵਾਰਡ ਨੰ. 13 'ਚ ਚਲਾਇਆ ਸਫਾਈ ਅਭਿਆਨ



**ਸ੍ਰੀ ਅਨੰਦਪੁਰ ਸਾਹਿਬ (ਅਰਵਿੰਦਰ ਸਿੰਘ ਬਿੰਦੀ)**- ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਗਰ ਕੌਂਸਲ ਪ੍ਰਧਾਨ ਹਰਜੀਤ ਸਿੰਘ ਜੀਤਾ ਦੀ ਅਗਵਾਈ ਹੇਠ ਹਰਬਖਸ਼ ਸਿੰਘ ਕਾਰਜ ਸਾਧਕ ਅਫਸਰ ਤੇ ਸੈਨੇਟਰੀ ਇੰਸਪੈਕਟਰ ਮਦਨ ਲਾਲ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਵੱਲੋਂ ਗੁਰੂ ਨਗਰੀ ਸ੍ਰੀ ਅਨੰਦਪੁਰ ਸਾਹਿਬ ਨੂੰ ਸਾਫ ਸੁਥਰਾ ਅਤੇ ਸੁੰਦਰ ਬਣਾਉਣ ਲਈ ਚੱਲ ਰਹੀ ਸਫਾਈ ਮੁਹਿੰਮ ਅੱਜ ਵੀ ਜਾਰੀ ਰਹੀ। ਇਸੇ ਸਬੰਧ ਵਿੱਚ ਅੱਜ ਸਥਾਨਕ ਵਾਰਡ ਨੰਬਰ 13 ਕੌਂਸਲਰ ਗੁਰਿੰਦਰ ਸਿੰਘ ਬੰਟੀ ਵਾਲੀਆ, ਆਪ ਬਲਾਕ ਪ੍ਰਧਾਨ ਜਗਜੀਤ ਸਿੰਘ ਜੱਗੀ ਠੇਕੇਦਾਰ, ਸੀਨੀਅਰ ਆਗੂ ਜਤਿੰਦਰਪਾਲ ਸਿੰਘ ਦੀ ਅਗਵਾਈ ਵਿੱਚ ਸਮੁੱਚੇ ਵਾਰਡ ਦੀ ਸਫਾਈ ਕੀਤੀ ਗਈ। ਉਨ੍ਹਾਂ ਕਿਹਾ ਕਿ ਸਫਾਈ ਮੁਹਿੰਮ ਦਾ ਮੁੱਖ ਮਕਸਦ ਸ਼ਹਿਰ ਵਾਸੀਆਂ ਨੂੰ ਗੰਦਗੀ ਤੋਂ ਆ ਰਹੀ ਸਮੱਸਿਆ ਤੋਂ ਨਿਜਾਤ ਦਿਵਾਉਣਾ ਹੈ। ਇਸ ਮੌਕੇ ਕਮਲਜੀਤ ਕੌਂਸਲਰ ਸਮੀ ਬਰਾਰੀ ਯੂਥ ਪ੍ਰਧਾਨ ਆਪ, ਗੁਰਅਵਤਾਰ ਸਿੰਘ ਚੰਨ, ਕੈਪਟਨ ਅਨੂਪ ਸਿੰਘ, ਪ੍ਰੀਤਮਪਾਲ ਸਿੰਘ ਫੁੱਲ, ਹਰਜੀਤ ਸਿੰਘ ਅਨੰਦ, ਪਰਮਜੀਤ ਸੋਨੂੰ, ਅਨਿਲ ਕੁਮਾਰ, ਰੋਹਿਤ ਕੁਮਾਰ, ਹਰੀਸ਼ ਕਲਮਾ, ਲੌਕੇਸ਼ ਕੁਮਾਰ, ਪ੍ਰਦੀਪ ਨਾਹਰ ਨੀਛੂ, ਓਮ ਪ੍ਰਕਾਸ਼ , ਸਾਗਰ, ਸੰਜੀਵ ਝੱਜ, ਗੋਬਿੰਦ ਸਿੰਘ ਆਦਿ ਹਾਜ਼ਰ ਸਨ।

## ਅਮਿਤ ਸ਼ਾਹ ਦਾ ਬਿਆਨ ਅਕਾਲੀ ਦਲ ਨੂੰ ਸ਼ਰਮਸਾਰ ਕਰਨ ਵਾਲਾ : ਸਿੰਗੜੀਵਾਲਾ

**ਹੁਸ਼ਿਆਰਪੁਰ (ਬਲਵੀਰ ਸਿੰਘ ਸੈਣੀ)**-ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਮਰਹੂਮ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਲੋਕਾਂ ਨੂੰ ਭਾਰਤੀ ਜਨਤਾ ਪਾਰਟੀ ਨਾਲ ਨਹੁੰ ਮਾਸ ਦਾ ਰਿਸ਼ਤਾ ਦੱਸ ਕੇ ਅਤੇ ਬਿਨਾਂ ਸ਼ਰਤ ਹਮਾਇਤ ਦੇ ਕੇ ਗੱਠਜੋੜ ਕੀਤਾ ਸੀ ਅਤੇ ਸਰਕਾਰਾਂ ਦੀ ਸੱਤਾ ਦਾ ਸੁੱਖ ਭੋਗਿਆ ਪਰ ਉਸ ਸਮੇਂ ਜੇਲ੍ਹਾਂ ਵਿੱਚ ਬੰਦ ਸਜ਼ਾਵਾਂ ਪੂਰੀਆਂ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਲਈ ਡੱਕਾ ਨਹੀਂ ਤੋੜਿਆ। ਉਲਟਾ ਉਨ੍ਹਾਂ ਨੂੰ ਅੱਤਵਾਦੀ ਅਤੇ ਵੱਖਵਾਦੀ ਆਖ ਕੇ ਭਾਰਤੀ ਜਨਤਾ ਪਾਰਟੀ ਨੂੰ ਖੁਸ਼ ਕਰਦੇ ਰਹੇ। ਪਰ ਹੁਣ ਪੰਜਾਬ ਦੇ ਲੋਕਾਂ ਨੂੰ ਇਨ੍ਹਾਂ 'ਤੇ ਬਿਲਕੁਲ ਵੀ ਭਰੋਸਾ ਨਹੀਂ ਰਿਹਾ ਤੇ ਦੋ ਵਾਰ ਸੱਤਾ ਤੋਂ ਬਾਹਰ ਰੱਖਿਆ। ਜਿਸ ਕਰਕੇ ਹੁਣ ਅਕਾਲੀ ਦਲ ਬਾਦਲ ਦੇ ਆਗੂਆਂ ਸੁਖਬੀਰ ਸਿੰਘ ਬਾਦਲ, ਹਰਜਿੰਦਰ ਸਿੰਘ ਧਾਮੀ, ਹਰਸਿਮਰਤ ਕੌਰ ਬਾਦਲ ਆਦਿ ਨੂੰ ਬੰਦੀ ਸਿੰਘਾਂ ਦੀ ਰਿਹਾਈ ਦਾ ਚੇਤਾ ਆ ਗਿਆ। ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵੱਲੋਂ ਦੇਸ਼ ਦੀ ਪਾਰਲੀਮੈਂਟ ਵਿੱਚ ਬੰਦੀ ਸਿੰਘਾਂ ਨੂੰ ਰਿਹਾਅ ਨਾ ਕਰਨ ਤੋਂ ਕੋਰੀ ਨਾਂਹ ਕਰਨ ਦਾ ਬਿਆਨ ਅਕਾਲੀ ਦਲ ਬਾਦਲ ਦੇ ਆਗੂਆਂ ਨੂੰ ਸਿੱਖ ਕੌਮ ਅੰਦਰ ਸ਼ਰਮਸ਼ਾਰ ਕਰਨ ਤੇ ਕੜਿੱਕੀ ਵਿੱਚ ਫਸਾਉਣ ਵਾਲਾ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਗੁਰਨਾਮ ਸਿੰਘ ਸਿੰਗੜੀਵਾਲਾ ਜ਼ਿਲ੍ਹਾ ਜਨਰਲ ਸਕੱਤਰ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪ੍ਰੈਸ ਨੋਟ ਰਾਹੀਂ ਕੀਤਾ। ਉਨ੍ਹਾਂ ਕਿਹਾ ਕਿ ਦੇਸ਼ ਦੇ ਗ੍ਰਹਿ ਮੰਤਰੀ ਅਮਿਤ ਸ਼ਾਹ ਵਿੱਚ ਔਰੰਗਜ਼ੇਬ ਦੀ ਰੂਹ ਪ੍ਰਵੇਸ਼ ਕਰ ਗਈ ਹੈ ਤੇ ਸੱਤਾ ਦੇ ਹੰਕਾਰ ਵਿੱਚ ਸਿੱਖ ਕੌਮ ਨੂੰ ਝੁਕਾਉਣਾ ਚਾਹੁੰਦਾ ਹੈ। ਜਿਸ ਵਿੱਚ ਉਹ ਮੁਗਲ ਹਕੂਮਤ, ਅੰਗਰੇਜ਼ ਹਕੂਮਤ ਤੇ ਇੰਦਰਾ ਗਾਂਧੀ ਵਾਂਗ ਜਬਰ ਜ਼ੁਲਮ ਕਰਕੇ ਵੀ ਸਫਲ ਨਹੀਂ ਹੋਣਗੇ ਤੇ ਸਿੱਖ ਕੌਮ ਚੜ੍ਹਦੀ ਕਲਾ ਵਿੱਚ ਰਹੇਗੀ।

## ਸ਼ਹੀਦ ਊਧਮ ਸਿੰਘ ਪਬਲਿਕ ਸਕੂਲ ਲੋਹੀਆਂ ਖਾਸ 'ਚ ਖੇਡ ਮੁਕਾਬਲੇ



**ਲੋਹੀਆਂ (ਰੀਨਾ ਸ਼ਰਮਾ)**- ਸ਼ਹੀਦ ਊਧਮ ਸਿੰਘ ਪਬਲਿਕ ਸਕੂਲ, (ਸੀ.ਬੀ.ਐਸ.ਈ) ਲੋਹੀਆਂ ਖਾਸ ਵਿੱਚ ਖੇਡ ਮੁਕਾਬਲੇ ਕਰਵਾਏ ਗਏ। ਜਿਸ ਵਿੱਚ 100 ਮੀਟਰ, 200 ਮੀਟਰ ਤੇ 400 ਮੀਟਰ ਦੌੜ, ਥਰੀ ਲੈਗ ਰੇਸ, ਲੌਂਗ ਜੰਪ, ਜੈਵਲਿਨ ਥਰੂ ਤੇ ਡਿਸਕਸ ਥਰੂ ਅਤੇ ਮਨੋਰੰਜਨ ਖੇਡਾਂ ਕਰਵਾਈਆਂ ਗਈਆਂ। ਇਨ੍ਹਾਂ ਵੱਖ ਵੱਖ ਖੇਡ ਮੁਕਾਬਲਿਆਂ ਵਿੱਚ ਪਹਿਲੇ ਸਥਾਨ 'ਤੇ ਜਸਕੀਰਤ ਸਿੰਘ, ਜਸ਼ਨ, ਯੁਵਰਾਜ ਸਿੰਘ, ਗੁਰਕਰਨਪ੍ਰੀਤ ਸਿੰਘ ਅਨਮੋਲਪ੍ਰੀਤ ਕੌਰ, ਐਨਮਪ੍ਰੀਤ ਕੌਰ, ਅਰਪਨਪ੍ਰੀਤ ਕੌਰ ਅਤੇ ਹਰਪ੍ਰੀਤ ਸਿੰਘ ਰਹੇ। ਸਕੂਲ ਪ੍ਰਿੰਸੀਪਲ ਸੁਖਵਿੰਦਰ ਸਿੰਘ ਵੱਲੋਂ ਜੇਤੂ ਬੱਚਿਆਂ ਨੂੰ ਇਨਾਮ ਦਿੰਦੇ ਹੋਏ ਖੇਡਾਂ ਵਿੱਚ ਭਾਗ ਲੈ ਕੇ ਤੰਦਰੁਸਤ ਰਹਿਣ ਦਾ ਸੁਨੇਹਾ ਦਿੱਤਾ। ਇਸ ਮੌਕੇ ਸੰਸਕਾਰ ਵੈਲੀ ਸੁਸਾਇਟੀ ਦੇ ਮੈਨੇਜਿੰਗ ਡਾਇਰੈਕਟਰ ਅਨੀਲ ਕੁਮਾਰ ਤੇ ਸਕੂਲ ਸਟਾਫ ਨੇ ਬੱਚਿਆਂ ਨੂੰ ਮੁਬਾਰਕਬਾਦ ਦਿੱਤੀ।

## ਪੰਜਾਬ ਏ ਆਈ ਐੱਫ ਸਕੀਮ ਲਾਗੂ ਕਰਨ ਵਾਲਾ ਮੋਹਰੀ ਸੂਬਾ ਬਣਿਆ, 2000 ਕਰੋੜ ਰੁਪਏ ਵੰਡੇ : ਜੌੜਾਮਾਜਰਾ

**ਚੰਡੀਗੜ੍ਹ, (ਗੁਰਜੀਤ ਬਿੱਲਾ)**-ਪੰਜਾਬ ਦੇ ਬਾਗਬਾਨੀ ਮੰਤਰੀ ਚੇਤਨ ਸਿੰਘ ਜੌੜਾਮਾਜਰਾ ਨੇ ਅੱਜ ਇੱਥੇ ਦੱਸਿਆ ਕਿ ਪੰਜਾਬ ਖੇਤੀਬਾੜੀ ਬੁਨਿਆਦੀ ਢਾਂਚਾ ਫੰਡ (ਏ.ਆਈ.ਐਫ) ਸਕੀਮ ਨੂੰ ਲਾਗੂ ਕਰਨ ਵਿੱਚ ਮੋਹਰੀ ਸੂਬਾ ਬਣ ਕੇ ਉੱਭਰਿਆ ਹੈ ਅਤੇ ਇਸ ਸਕੀਮ ਤਹਿਤ ਸੂਬੇ ਵੱਲੋਂ ਹੁਣ ਤੱਕ ਦੇਸ਼ ਵਿੱਚ ਸਭ ਤੋਂ ਵੱਧ ਪ੍ਰਾਜੈਕਟਾਂ ਨੂੰ ਮਨਜ਼ੂਰੀ ਦਿੱਤੀ ਗਈ ਹੈ। ਬਾਗਬਾਨੀ ਮੰਤਰੀ ਨੇ ਦੱਸਿਆ ਕਿ ਇਸ ਹਫਤੇ ਪੰਜਾਬ ਨੇ ਇੱਕ ਵੱਡਾ ਮੀਲ ਪੱਥਰ ਸਥਾਪਤ ਕਰਦਿਆਂ 3500 ਕਰੋੜ ਰੁਪਏ ਦੀ ਕੁੱਲ ਲਾਗਤ ਵਾਲੇ 7646 ਪ੍ਰਾਜੈਕਟਾਂ ਦੀ ਸਥਾਪਤੀ ਲਈ 2000 ਕਰੋੜ ਰੁਪਏ ਦੇ ਏ.ਆਈ.ਐਫ ਮਿਆਦੀ ਕਰਜ਼ੇ ਵੰਡੇ ਹਨ। ਉਨ੍ਹਾਂ ਦੱਸਿਆ ਕਿ ਹੁਣ ਤੱਕ ਮਨਜ਼ੂਰ ਕੀਤੇ ਗਏ 8298 ਪ੍ਰਾਜੈਕਟਾਂ ਵਿੱਚੋਂ 92 ਫੀਸਦੀ (ਭਾਵ 7646 ਪ੍ਰਾਜੈਕਟਾਂ) ਲਈ ਮਿਆਦੀ ਕਰਜ਼ੇ ਦਿੱਤੇ ਜਾ ਚੁੱਕੇ ਹਨ, ਜੋ ਮੱਧ ਪ੍ਰਦੇਸ਼ ਸਣੇ ਸੂਬੇ ਵਿੱਚ ਉੱਚ ਰਾਸ਼ੀ ਵੰਡ ਦਰ ਨੂੰ ਦਰਸਾਉਂਦਾ ਹੈ। ਉਨ੍ਹਾ ਕਿਹਾ ਕਿ ਇਹ ਅੰਕੜੇ ਸੂਬੇ ਵਿੱਚ ਖੇਤੀਬਾੜੀ ਬੁਨਿਆਦੀ ਢਾਂਚੇ ਲਈ ਨਿਵੇਸ਼ ਨੂੰ ਉਤਸਸ਼ਾਹਤ ਕਰਨ ਵਾਸਤੇ ਸਟੇਟ ਨੋਡਲ ਏਜੰਸੀ ਅਰਥਾਤ ਸੂਬੇ ਦਾ ਬਾਗਬਾਨੀ ਵਿਭਾਗ ਅਤੇ ਹੋਰਨਾਂ ਭਾਈਵਾਲਾਂ ਤੇ ਕਰਜਜ਼ਦਾਤਾ ਸੰਸਥਾਵਾਂ ਦਰਮਿਆਨ ਮਜ਼ਬੂਤ ਤਾਲਮੇਲ ਨੂੰ ਉਜਾਗਰ ਕਰਦੇ ਹਨ। ਜੌੜਾਮਾਜਰਾ ਨੇ ਦੱਸਿਆ ਕਿ ਵੰਡੀ ਗਈ ਰਾਸ਼ੀ ਦੇ ਮਾਮਲੇ ਵਿੱਚ ਪਟਿਆਲਾ (250.3 ਕਰੋੜ ਰੁਪਏ), ਲੁਧਿਆਣਾ (206.23 ਕਰੋੜ ਰੁਪਏ), ਸੰਗਰੂਰ (201.97 ਕਰੋੜ ਰੁਪਏ), ਬਠਿੰਡਾ (182.33 ਕਰੋੜ ਰੁਪਏ) ਅਤੇ ਫਿਰੋਜ਼ਪੁਰ (159.59 ਕਰੋੜ ਰੁਪਏ) ਨਾਲ ਮੋਹਰੀ ਜ਼ਿਲ੍ਹਿਆਂ 'ਚ ਸ਼ੁਮਾਰ ਹਨ। ਕੈਬਨਿਟ ਮੰਤਰੀ ਨੇ ਦੱਸਿਆ ਕਿ ਵਿਭਾਗ ਨੇ ਸੰਭਾਵੀ ਲਾਭਪਾਤਰੀਆਂ ਦੀ ਸਹਾਇਤਾ ਦੇ ਉਦੇਸ਼ ਨਾਲ ਅਤੇ ਸਕੀਮ ਬਾਰੇ ਜਾਣਕਾਰੀ ਤੱਕ ਆਸਾਨ ਪਹੁੰਚ ਪ੍ਰਦਾਨ ਕਰਨ ਲਈ ਇੱਕ ਵੱਟਸਐਪ ਹੈਲਪਲਾਈਨ (90560-92906) ਵੀ ਸਥਾਪਤ ਕੀਤੀ ਹੈ। ਏ.ਆਈ.ਐਫ ਸਕੀਮ ਯੋਗ ਗਤੀਵਿਧੀਆਂ ਲਈ ਮਿਆਦੀ ਕਰਜ਼ਿਆਂ ਉਤੇ 7 ਸਾਲਾਂ ਤੱਕ 3 ਫੀਸਦੀ ਵਿਆਜ ਸਹਾਇਤਾ ਦਿੰਦੀ ਹੈ। ਬੈਂਕ ਵੱਧ ਤੋਂ ਵੱਧ 9 ਫੀਸਦੀ ਵਿਆਜ ਲੈ ਸਕਦੇ ਹਨ ਅਤੇ ਇਹ ਲਾਭ 2 ਕਰੋੜ ਰੁਪਏ ਤੱਕ ਦੀ ਰਾਸ਼ੀ ਲਈ ਪ੍ਰਾਪਤ ਕੀਤਾ ਜਾ ਸਕਦਾ ਹੈ। ਹਰੇਕ ਲਾਭਪਾਤਰੀ ਵੱਖ-ਵੱਖ ਥਾਵਾਂ 'ਤੇ 25 ਪ੍ਰਾਜੈਕਟ ਤੱਕ ਸਥਾਪਤ ਕਰ ਸਕਦਾ ਹੈ। ਯੋਗ ਲਾਭਪਾਤਰੀ ਆਪਣੇ ਕਰਜ਼ਿਆਂ 'ਤੇ ਕ੍ਰੈਡਿਟ ਗਾਰੰਟੀ ਦਾ ਲਾਭ ਵੀ ਲੈ ਸਕਦੇ ਹਨ। ਇਸ ਤੋਂ ਇਲਾਵਾ ਦੂਹਰਾ ਲਾਭ ਲੈਣ ਲਈ ਏ.ਆਈ.ਐਫ ਸਕੀਮ ਨੂੰ ਕਈ ਹੋਰ ਰਾਜ ਅਤੇ ਕੇਂਦਰੀ ਸਕੀਮਾਂ/ਸਬਸਿਡੀਆਂ ਨਾਲ ਵੀ ਜੋੜਿਆ ਜਾ ਸਕਦਾ ਹੈ।

## ਭੱਟੀ ਵੱਲੋਂ ਵਿਕਾਸ ਦੇ ਕੰਮਾਂ ਦਾ ਉਦਘਾਟਨ



**ਭੋਗਪੁਰ ( ਗੁਰਪ੍ਰੀਤ ਸਿੰਘ ਭੋਗਲ )**-ਹਲਕਾ ਆਦਮਪੁਰ ਦੇ ਪਿੰਡ ਟਾਂਡੀ, ਸਨੌਰਾ,ਚਮਿਆਰੀ ਅਤੇ ਭਟਨੂਰਾ ਲੁਬਾਣਾ ਵਿਖੇ ਹਲਕਾ ਇੰਚਾਰਜ ਜੀਤ ਲਾਲ ਭੱਟੀ ਨੇਂ 20 ਲੱਖ ਰੁਪਏ ਦੇ ਵਿਕਾਸ ਦੇ ਕੰਮਾਂ ਦਾ ਉਦਘਾਟਨ ਕੀਤਾ। ਜਿਸ ਵਿੱਚ ਨਵੇਂ ਛੱਪੜ ਦੀ ਉਸਾਰੀ, ਸੀਵਰੇਜ, ਬਾਜੀਗਰ ਭਾਈਚਾਰੇ ਦੀ ਧਰਮਸ਼ਾਲਾ ਅਤੇ ਨਵੀਆਂ ਗਲੀਆਂ ਦੇ ਕੰਮ ਸ਼ੁਰੂ ਕਰਵਾਏ ਗਏ। ਇਸ ਮੌਕੇ ਬਰਕਤ ਰਾਮ ਚੇਅਰਮੈਨ ਮਾਰਕੀਟ ਕਮੇਟੀ ਭੋਗਪੁਰ, ਬੀ.ਡੀ.ਪੀ.ਓ ਕੁਸ਼ਲ ਕੁਮਾਰ, ਪੰਚਾਇਤ ਸੈਕਟਰੀ, ਸਰਪੰਚ, ਪੰਚਾਇਤ ਮੈਂਬਰ ,ਬਲਾਕ ਪ੍ਰਧਾਨ ਪ੍ਰਦੀਪ ਸਿੰਘ,ਬਲਾਕ ਪ੍ਰਧਾਨ ਬਲਵਿੰਦਰ ਭੰਡਾਰੀ, ਭੁਪਿੰਦਰ ਸਿੰਘ ਦੇਵ,ਸਤਨਾਮ ਸਿੰਘ ਟਾਂਡੀ, ਗੁਰਦੇਵ ਸਿੰਘ,ਬਲਵਿੰਦਰ ਸਿੰਘ,ਮਸਤਾਨ ਸਿੰਘ ਪਾਰਟੀ ਦੇ ਮੈਂਬਰ ਅਤੇ ਪਿੰਡ ਵਾਸੀ ਮੌਜੂਦ ਸਨ।

## ਸ਼ਹੀਦਾਂ ਦੀ ਧਰਤੀ ਚਮਕੌਰ ਸਾਹਿਬ ਖਾਲਸੇ ਦਾ ਮਾਣ : ਸੰਧਵਾਂ

**ਸ੍ਰੀ ਚਮਕੌਰ ਸਾਹਿਬ , (ਗੁਰਵਿੰਦਰਪਾਲ ਸਿੰਘ ਬੌਬੀ)**-ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਇੱਥੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਟ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ਹੀਦਾਂ ਦੀ ਧਰਤੀ ਚਮਕੌਰ ਸਾਹਿਬ ਖਾਲਸੇ ਦਾ ਮਾਣ ਹੈ, ਜਿੱਥੇ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਗਿਣਤੀ ਦੇ ਚਾਲੀ ਯੋਧੇ ਸਿੰਘਾਂ ਅਤੇ ਵੱਡੇ ਸਾਹਿਬਜ਼ਾਦਿਆਂ ਨਾਲ ਇਤਿਹਾਸ ਦੀ ਉਹ ਅਸਾਵੀਂ ਜੰਗ ਲੜੀ ਜਿਸ ਦੀ ਮਿਸਾਲ ਕਿਧਰੇ ਨਹੀਂ ਮਿਲਦੀ। ਉਨ੍ਹਾ ਕਿਹਾ ਕਿ ਪੋਹ ਦੀ ਕਹਿਰੀ ਠੰਢ ਵਿੱਚ ਜਦੋਂ ਇਹ ਸਿੰਘ ਵਰ੍ਹਦੇ ਮੀਂਹ ਵਿੱਚ ਚਮਕੌਰ ਦੀ ਗੜ੍ਹੀ ਪੁਹੰਚੇ ਸਨ ਤਾਂ ਪਿੱਛਾ ਕਰਦਿਆਂ ਦਸ ਲੱਖ ਫੌਜਾਂ ਨੇ ਆਣ ਘੇਰਾ ਪਾ ਲਿਆ ਸੀ ਪਰ ਸਿੰਘਾਂ ਦੇ ਇਰਾਦਿਆਂ ਨੂੰ ਭਾਰੀ ਠੰਢ ਵਿੱਚ ਵੱਡਾ ਫੌਜੀ ਘੇਰਾ ਡੁਲਾ ਨਾ ਸਕਿਆ ਅਤੇ ਉਨ੍ਹਾਂ ਸਨਮਾਨਯੋਗ ਗੜ੍ਹੀ ਤੋਂ ਬਾਹਰ ਆ ਕੇ ਦੁਸ਼ਮਣ ਨਾਲ ਲੋਹਾ ਲੈਂਦਿਆਂ ਸ਼ਹੀਦੀਆਂ ਪ੍ਰਾਪਤ ਕੀਤੀਆਂ। ਇਹ ਅਜਿਹੀ ਜੰਗ ਸੀ ਜਿੱਥੇ ਜਿੱਤ ਹਾਰ ਮਾਅਨੇ ਨਹੀਂ ਰੱਖਦੀ ਸਗੋਂ ਸਿੰਘਾਂ ਦੇ ਬੁਲੰਦ ਹੌਸਲਿਆਂ ਨੂੰ ਦੁਨੀਆ ਯੁੱਗਾਂ ਤੱਕ ਸਜਦੇ ਕਰਦੇ ਰਹੇਗੀ । ਇਸ ਤੋਂ ਬਾਅਦ ਸੰਧਵਾਂ ਵੱਡੇ ਸਾਹਿਬਜ਼ਾਦਿਆਂ ਅਤੇ ਤਿੰਨ ਪਿਆਰੇ ਚਾਲੀ ਸਿੰਘਾਂ ਦੀ ਲਾਸਾਨੀ ਕੁਰਬਾਨੀ ਨੂੰ ਸਮਰਪਤ ਬੁਲੰਦ ਪ੍ਰੈੱਸ ਕਲੱਬ ਵੱਲੋਂ ਲਗਾਏ ਖ਼ੂਨਦਾਨ ਕੈਂਪ ਵਿੱਚ ਵੀ ਵਿਸ਼ੇਸ਼ ਤੌਰ 'ਤੇ ਪਹੁੰਚੇ, ਜਿੱਥੇ ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿ ਕੇ ਖ਼ੂਨਦਾਨ ਕਰਨ ਲਈ ਪ੍ਰੇਰਿਤ ਕੀਤਾ ਅਤੇ ਖ਼ੂਨਦਾਨੀਆਂ ਨੂੰ ਸਰਟੀਫਿਕੇਟ ਦੇ ਕੇ ਸਨਮਾਨਤ ਵੀ ਕੀਤਾ। ਕਲੱਬ ਪ੍ਰਧਾਨ ਅਮਰਜੀਤ ਸਿੰਘ ਕਲਸੀ ਨੇ ਦੱਸਿਆ ਕਿ ਕੈਂਪ ਦੌਰਾਨ 42 ਦੇ ਕਰੀਬ ਯੂਨਿਟਾਂ ਇਕੱਤਰਤ ਕੀਤੀਆਂ ਗਈਆਂ । ਇਸ ਕੈਂਪ ਵਿਚ ਹਲਕਾ ਵਿਧਾਇਕ ਡਾ.ਚਰਨਜੀਤ ਸਿੰਘ, ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਧੋਆ, ਨਗਰ ਕੌਂਸਲ ਦੇ ਵਾਇਸ ਪ੍ਰਧਾਨ ਭੁਪਿੰਦਰ ਸਿੰਘ ਭੂਰਾ, ਕੌਂਸਲਰ ਸੁਖਬੀਰ ਸਿੰਘ, ਮੈਨੇਜਰ ਭਾਈ ਨੱਥਾ ਸਿੰਘ, ਕੌਂਸਲਰ ਕ੍ਰਿਪਾਲ ਸਿੰਘ ਗਿੱਲ ਅਤੇ ਹਰਜੀਤ ਸਿੰਘ ਆਦਿ ਹਾਜ਼ਰ ਸਨ ।



# ਖ਼ਾਲਸਾ ਕਾਲਜ ਵੱਲੋਂ ਵਿੱਦਿਅਕ ਟੂਰ




**ਜਲੰਧਰ (ਸ਼ੈਲੀ ਐਲਬਰਟ)**-ਲਾਇਲਪੁਰ ਖ਼ਾਲਸਾ ਕਾਲਜ ਕਾਲਜ ਦੇ ਫਿਜ਼ੀਓਥਰੈਪੀ ਵਿਭਾਗ ਦੁਆਰਾ ਕ੍ਰਿਸ਼ੀ ਵਿਗਿਆਨ ਕੇਂਦਰ ਕਪੂਰਥਲਾ ਦਾ ਇੱਕ ਵਿੱਦਿਅਕ ਟੂਰ ਲਗਾਇਆ ਗਿਆ ਜਿਸ ਵਿੱਚ ਵਿਭਾਗ ਦੇ ਬੀ ਪੀ ਟੀ ਭਾਗ ਦੂਜਾ, ਤੀਜਾ ਅਤੇ ਚੌਥਾ ਸਾਲ ਦੇ ਵਿਦਿਆਰਥੀਆਂ ਨੇ ਭਾਗ ਲਿਆ। ਇਸ ਵਿੱਦਿਅਕ ਟੂਰ ਨੂੰ ਰਵਾਨਾ ਕਰਦੇ ਹੋਏ ਪ੍ਰਿੰਸੀਪਲ ਡਾ. ਜਸਪਾਲ ਸਿੰਘ ਨੇ ਵਿਦਿਆਰਥੀਆਂ ਅਤੇ ਵਿਭਾਗ ਦੇ ਮੁਖੀ ਡਾ. ਰਾਜੂ ਸ਼ਰਮਾ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ। ਵਿੱਦਿਅਕ ਟੂਰ ਦੌਰਾਨ ਕ੍ਰਿਸ਼ੀ ਵਿਗਿਆਨ ਕੇਂਦਰ ਕਪੂਰਥਲਾ ਦੇ ਐਸੋਸੀਏਟ ਡਾਇਰੈਕਟਰ ਡਾ. ਹਰਿੰਦਰ ਸਿੰਘ ਅਤੇ ਉਨ੍ਹਾਂ ਦੇ ਵਿਗਿਆਨੀ ਡਾ. ਅਵਨੀਤ ਕੌਰ ਅਤੇ ਡਾ. ਸੁਮਨ ਨੇ ਵਿਦਿਆਰਥੀਆਂ ਲਈ ਗਿਆਨ ਵਰਧਕ ਲੈਕਚਰ ਦਾ ਆਯੋਜਨ ਕੀਤਾ। ਡਾ. ਹਰਿੰਦਰ ਸਿੰਘ ਨੇ ਦੱਸਿਆ ਕਿ ਕ੍ਰਿਸ਼ੀ ਵਿਗਿਆਨ ਕੇਂਦਰ ਵਿੱਚ ਉਹ ਕਿਵੇਂ ਖੋਜ ਸਿੱਟਿਆਂ ਨੂੰ ਖੇਤੀ ਵਿੱਚ ਵਿਕਸਿਤ ਕਰਦੇ ਹਨ। ਡਾ. ਅਵਨੀਤ ਕੌਰ ਨੇ ਮੋਟੇ ਅਨਾਜ ਦੀ ਵਰਤੋਂ ਨਾਲ ਕਿਹੜੀ ਕਿਹੜੀ ਬਿਮਾਰੀ ਤੋਂ ਬਚਿਆ ਜਾ ਸਕਦਾ ਹੈ ਅਤੇ ਮਰੀਜ਼ਾਂ ਵਿੱਚ ਇਸ ਦੀ ਵਰਤੋਂ ਦੇ ਤਰੀਕਿਆਂ ਬਾਰੇ ਵੀ ਜਾਣਕਾਰੀ ਦਿੱਤੀ । ਡਾ. ਸੁਮਨ ਨੇ ਵਿਸ਼ੇਸ਼ ਤੌਰ ਤੇ ਮਸ਼ਰੂਮ ਅਤੇ ਇਸ ਦੀ ਸਿਹਤ ਸੰਬੰਧੀ ਉਪਯੋਗਤਾ ਅਤੇ ਘਰ ਵਿੱਚ ਇਸ ਨੂੰ ਉਗਾਉਣ ਦੇ ਤਰੀਕਿਆਂ ਬਾਰੇ ਜਾਣਕਾਰੀ ਦਿੱਤੀ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਡਾ. ਐਨ.ਐਸ. ਕੰਗ ਅਤੇ ਉਨ੍ਹਾਂ ਦੀ ਸੁਪਤਨੀ ਸ਼੍ਰੀਮਤੀ ਕੰਗ ਮੌਜੂਦ ਸਨ। ਡਾ. ਕੰਗ ਪਿੰਡ ਖੱਸਣ ਦੇ ਸਾਬਕਾ ਸਰਪੰਚ ਹਨ ਅਤੇ ਉਨ੍ਹਾਂ ਨੂੰ ਹੈਲਥ ਸਬੰਧੀ ਗਲੋਬਲ ਐਵਾਰਡ ਨਾਲ ਵੀ ਸਨਮਾਨਤ ਕੀਤਾ ਜਾ ਚੁੱਕਾ ਹੈ। ਉਹ ਚਾਰ ਵਾਰ ਰਾਸ਼ਟਰੀ ਐਵਾਰਡ ਸਿਹਤ, ਸਿੱਖਿਆ, ਵਾਤਾਵਰਣ ਅਤੇ ਵਾਟਰ ਕੰਜ਼ਰਵੇਸ਼ਨ ਲਈ ਸਨਮਾਨਤ ਹੋ ਚੁੱਕੇ ਹਨ। ਉਨ੍ਹਾਂ ਵੀ ਵਿਦਿਆਰਥੀਆਂ ਨਾਲ ਆਪਣੇ ਵਿਚਾਰ ਅਤੇ ਅਨੁਭਵ ਸਾਂਝੇ ਕੀਤੇ। ਇਸ ਮੌਕੇ ਵਿਭਾਗ ਦੇ ਮੁਖੀ ਡਾ. ਰਾਜੂ ਸ਼ਰਮਾ ਨੇ ਡਾ. ਹਰਿੰਦਰ ਸਿੰਘ ਅਤੇ ਡਾ. ਕੰਗ ਨੂੰ ਕਾਲਜ ਵੱਲੋਂ ਸਨਮਾਨ ਚਿੰਨ੍ਹ ਦੇ ਕੇ ਉਨ੍ਹਾਂ ਦਾ ਧੰਨਵਾਦ ਕੀਤਾ। ਵਿਭਾਗੀ ਟੂਰ ਨਾਲ ਵਿਭਾਗ ਦੇ ਅਧਿਆਪਕ ਪ੍ਰੋਫੈਸਰ ਵਿਸ਼ਾਲੀ ਮਹਿੰਦਰੂ ਵੀ ਸ਼ਾਮਿਲ ਸਨ।

## ਨੋਬੇਲ ਸਕੂਲ 'ਚ ਕਿੰਡਰ ਗਾਰਟਨ ਦਾ ਸਾਲਾਨਾ ਇਨਾਮ ਵੰਡ ਸਮਾਰੋਹ



**ਕਰਤਾਰਪੁਰ (ਹਰਮੇਸ਼ ਦੱਤ)**- ਸਾਲਾਨਾ ਇਨਾਮ ਵੰਡ ਸਮਾਰੋਹ 2022-23 'ਪਰਵਾਜ਼' ਐਤਵਾਰ ਨੂੰ 'ਦ ਨੋਬੇਲ ਸਕੂਲ' ਦੇ ਵਿਹੜੇ ਵਿੱਚ ਆਯੋਜਿਤ ਕੀਤਾ ਗਿਆ। ਸਕੂਲ ਪ੍ਰਬੰਧਕਾਂ ਵਲੋਂ ਕਿੰਡਰ ਗਾਰਟਨ ਜਮਾਤਾਂ ਵਿੱਚੋਂ ਪਹਿਲੇ, ਦੂਜੇ, ਤੀਜੇ ਸਥਾਨ 'ਤੇ ਰਹਿਣ ਵਾਲੇ ਭਿੰਨ-ਭਿੰਨ ਗਤੀਵਿਧੀਆਂ ਜਿਵੇਂ ਵੈਲ ਡਰੈੱਸ, ਗੁਡ ਹੈਂਡਰਾਈਟਿੰਗ, ਵੈਲ ਡਸਿਪਲਿਨ, ਮੈਕਸੀਮਮ ਅਟੈਂਡੈਂਸ ਵਿੱਚ ਵਿਜੇਤਾ ਰਹੇ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ ਗਿਆ। ਇਸ ਮੌਕੇ ਮੁੱਖ ਮਹਿਮਾਨਾਂ ਨੇ ਪ੍ਰਥਮ ਆਏ ਵਿਦਿਆਰਥੀਆਂ ਨੂੰ ਸਨਮਾਨਤ ਕੀਤਾ। ਪ੍ਰੋਗਰਾਮ ਦੀ ਸ਼ੁਰੂਆਤ ਜੋਤੀ ਪਰਜਵਲਿਤ ਅਤੇ ਸਰਸਵਤੀ ਵੰਦਨਾ ਤੇ ਸਵਾਗਤ ਗੀਤ ਨਾਲ ਕੀਤੀ ਗਈ। ਇਸ ਤੋਂ ਬਾਅਦ ਕ੍ਰਿਸਮਿਸ ਦੇ ਗੀਤ 'ਤੇ ਬੱਚਿਆਂ ਨੇ ਡਾਂਸ ਪੇਸ਼ ਕੀਤਾ ਅਤੇ ਨਾਟਕ ਦੁਆਰਾ ਆਪਣੇ ਅਭਿਨੈ ਨਾਲ ਸਭ ਦਾ ਮਨ ਮੋਹ ਲਿਆ। ਸਕੂਲ ਵਿੱਚ ਕਿੰਡਰ ਗਾਰਡਨ ਵਿੱਚ ਪਹਿਲਾ, ਦੂਜਾ, ਤੀਜਾ ਸਥਾਨ 'ਤੇ ਰਹੇ ਵਿਦਿਆਰਥੀਆਂ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਸਕੂਲ ਪ੍ਰਿੰਸੀਪਲ ਸੰਗੀਤ ਕੁਮਾਰ ਨੇ ਸਲਾਨਾ ਰਿਪੋਰਟ ਪੜ੍ਹੀ। ਇਸ ਮੌਕੇ ਸਕੂਲ ਦੇ ਚੇਅਰਮੈਨ ਪ੍ਰੋਫੈਸਰ ਸੀ.ਐਲ. ਕੋਛੜ, ਸਕੂਲ ਦੇ ਮੈਨੇਜਿੰਗ ਡਾਇਰੈਕਟਰ ਇੰਜੀਨੀਅਰ ਕੁਮਾਰ ਸ਼ਿਵ ਕੋਛੜ, ਅਧਿਆਪਕ ਸਾਹਿਬਾਨ, ਪਤਵੰਤੇ, ਨੇੜੇ-ਤੇੜੇ ਦੇ ਪਿੰਡਾਂ ਤੋਂ ਆਏ ਸਰਪੰਚ ਸਾਹਿਬਾਨ, ਬੱਚੇ ਉਨ੍ਹਾਂ ਦੇ ਮਾਪੇ ਅਤੇ ਹੋਰ ਵਿਦਿਆਰਥੀ ਸ਼ਾਮਲ ਸਨ।

## ਬਰਸਟ ਨੇ ਨੈਸ਼ਨਲ ਲੈਵਲ ਕਾਨਕਲੇਵ ਆਨ ਰੂਰਲ ਡਿਵੈੱਲਪਮੈਂਟ ਤੇ ਖੇਤੀਬਾੜੀ ਮਾਰਕਿਟਿੰਗ 'ਚ ਲਿਆ ਹਿੱਸਾ

**ਐਸ.ਏ.ਐਸ. ਨਗਰ (ਮੋਹਾਲੀ/ਚੰਡੀਗੜ੍ਹ) (ਗੁਰਜੀਤ ਬਿੱਲਾ )** - ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕੋਸਾਂਬ ਦੁਆਰਾ ਨੈਸ਼ਨਲ ਸਕਿੱਲ ਡਿਵੈਲਪਮੈਂਟ ਕਾਰਪੋਰੇਸ਼ਨ ਦੇ ਸਹਿਯੋਗ ਨਾਲ ਕਰਵਾਈ "ਨੈਸ਼ਨਲ ਲੈਵਲ ਕਾਨਕਲੇਵ ਆਨ ਰੂਰਲ ਡਿਵੈਲਪਮੈਂਟ ਅਤੇ ਖੇਤੀਬਾੜੀ ਮਾਰਕਿਟਿੰਗ" ਵਿੱਚ ਭਾਗ ਲਿਆ। ਇਸ ਕਾਨਕਲੇਵ ਵਿੱਚ ਗਿਰੀਰਾਜ ਸਿੰਘ, ਕੇਂਦਰੀ ਮੰਤਰੀ ਪੇਂਡੂ ਵਿਕਾਸ ਅਤੇ ਪੰਚਾਇਤਾਂ ਦੀ ਮੌਜੂਦਗੀ ਵਿੱਚ ਬਰਸਟ ਵੱਲੋਂ ਪੰਜਾਬ ਰਾਜ ਦੇ ਕੇਂਦਰ ਸਰਕਾਰ ਵੱਲ ਬਕਾਇਆ ਫੰਡਾਂ ਦਾ ਹਵਾਲਾ ਦਿੰਦੇ ਹੋਏ ਵਿਕਾਸ ਕਾਰਜਾਂ 'ਤੇ ਪੈ ਰਹੇ ਅਸਰ ਸਬੰਧੀ ਮੁੱਦਾ ਉਠਾਇਆ ਗਿਆ ਅਤੇ ਸੂਬੇ ਦੇ ਕਿਸਾਨਾਂ ਦੇ ਹਿੱਤਾਂ ਨੂੰ ਮੁੱਖ ਰੱਖਦੇ ਹੋਏ ਬਕਾਇਆ ਫੰਡ ਜਲਦ ਰਿਲੀਜ਼ ਕਰਨ ਦੀ ਮੰਗ ਕੀਤੀ ਗਈ। ਉਨ੍ਹਾਂ ਕਿਹਾ ਕਿ ਫੰਡ ਨਾ ਮਿਲਣ ਕਰਕੇ ਪੰਜਾਬ ਦੇ ਪਿੰਡਾਂ ਦੇ ਵਿਕਾਸ ਕਾਰਜ ਰੁਕੇ ਪਏ ਹਨ। ਉਨ੍ਹਾਂ ਦੱਸਿਆ ਕਿ ਪੰਜਾਬ ਨਵੀਆਂ ਤਕਨੀਕਾਂ ਅਪਣਾਉਣ ਵਿੱਚ ਹਮੇਸ਼ਾ ਹੀ ਦੇਸ਼ ਵਿੱਚ ਮੋਹਰੀ ਸੂਬਾ ਰਿਹਾ ਹੈ । ਉਨ੍ਹਾਂ ਦੱਸਿਆ ਕਿ ਮਾਰਕਿਟ ਕਮੇਟੀਆਂ ਦੇ ਸਹਿਯੋਗ ਨਾਲ 1000 ਲੋਕਾਂ ਨੂੰ ਡਰੋਨ ਸਬੰਧੀ ਸਿਖਲਾਈ ਦੇਣ ਦਾ ਫੈਸਲਾ ਕੀਤਾ ਗਿਆ ਹੈ, ਤਾਂ ਕਿ ਉਨ੍ਹਾਂ ਦੇ ਸਵੈ-ਰੋਜ਼ਗਾਰ ਦੇ ਮੌਕੇ ਵਧ ਸਕਣ। ਇਸ ਮੌਕੇ ਹਰਿਆਣਾ ਮੰਡੀ ਬੋਰਡ ਦੇ ਚੇਅਰਮੈਨ ਅਦਿਤਿਆ ਦੇਵੀ ਲਾਲ ਚੌਟਾਲਾ ਵੱਲੋਂ ਪੰਜਾਬ ਰਾਜ ਦੀਆਂ ਮੰਡੀਆਂ ਵਿੱਚ ਬਰਸਟ ਦੀ ਅਗਵਾਈ ਹੇਠ ਪਿਛਲੇ 10 ਮਹੀਨਿਆਂ ਦੌਰਾਨ ਪੰਜਾਬ ਮੰਡੀ ਬੋਰਡ ਦੀ ਆਮਦਨ ਵਧਾਉਣ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ ਗਈ। ਉਨ੍ਹਾਂ ਨੇ ਬਰਸਟ ਵੱਲੋਂ ਮੰਡੀਆਂ ਨੂੰ ਆਫ-ਸੀਜ਼ਨ ਦੌਰਾਨ ਹੋਰ ਮੰਤਵਾਂ ਲਈ ਵਰਤਣ, ਹਰਿਆਵਲ ਲਹਿਰ ਤਹਿਤ ਮੰਡੀਆਂ ਨੂੰ ਗ੍ਰੀਨ ਬੈਲਟ ਵਜੋਂ ਵਿਕਸਿਤ ਕਰਨਾ, ਕਿਸਾਨਾਂ/ਆੜ੍ਹਤੀਆਂ ਦੀ ਸਹੂਲਤ ਲਈ ਮੰਡੀਆਂ ਵਿੱਚ ਏ.ਟੀ.ਐਮ. ਲਗਾਉਣ, ਲੰਬੇ ਸਮੇਂ ਤੋਂ ਬੰਦ ਪਏ ਪੰਜਾਬ ਮੰਡੀ ਬੋਰਡ ਦੇ ਰੈਸਟ ਹਾਊਸਾਂ ਨੂੰ ਕਿਸਾਨਾਂ ਦੇ ਠਹਿਰਨ ਲਈ ਉੱਚ-ਪੱਧਰੀ ਬਣਾਉਣਾ, ਚੰਡੀਗੜ੍ਹ ਵਿਖੇ ਸਥਿਤ ਕਿਸਾਨ ਭਵਨ ਦੇ ਨਵੀਨੀਕਰਨ ਨਾਲ ਹੋਏ ਆਮਦਨ ਵਿੱਚ ਦੁੱਗਣੇ ਵਾਧੇ, ਕਿਸਾਨ ਹਵੇਲੀ ਆਨੰਦਪੁਰ ਸਾਹਿਬ ਨੂੰ ਇੱਕ ਪ੍ਰਮੁੱਖ ਸੈਰ ਸਪਾਟੇ ਦੇ ਕੇਂਦਰ ਵਜੋਂ ਵਿਕਸਿਤ ਕਰਨਾ ਆਦਿ ਕੰਮਾਂ ਦੀ ਸ਼ਲਾਘਾ ਕਰਦੇ ਹੋਏ ਵੱਖ-ਵੱਖ ਰਾਜਾਂ ਤੋਂ ਆਏ ਡੈਲੀਗੇਸ਼ਨ ਨੂੰ ਵੀ ਅਜਿਹੇ ਤਰੀਕੇ ਅਪਣਾਉਣ ਲਈ ਪ੍ਰੇਰਿਤ ਕੀਤਾ। ਇਸ ਮੌਕੇ ਵਿਸ਼ੇਸ਼ ਮਹਿਮਾਨ ਵਜੋਂ ਦਰਸ਼ਨਾ ਜਰਦੋਸ ਯੂਨੀਅਨ ਮਿਨਸਟਰ ਆਫ ਸਟੇਟ ਫਾਰ ਰੇਲਵੇ ਅਤੇ ਟੈਕਸਟਾਈਲ, ਤੇਜਸਵੀ ਸੁਰੀਆ, ਲੋਕ ਸਭਾ ਮੈਂਬਰ, ਰਿਸ਼ੀਕੇਸ਼ ਪਟਨਾਕਰ ਵਾਈਸ ਪ੍ਰੈਜ਼ੀਡੈਂਟ ਨੈਸ਼ਨਲ ਸਕਿੱਲ ਡਿਵਲੈਪਮੈਂਟ ਕਾਰਪੋਰੇਸ਼ਨ, ਮਨੋਜ ਬਾਰੂਆ ਚੇਅਰਮੈਨ ਆਸਾਮ ਸਟੇਟ ਐਗਰੀਕਲਚਰਲ ਮਾਰਕਿਟਿੰਗ ਬੋਰਡ, ਫੈਜ਼ ਅਹਿਮਦ ਕਿਦਵਾਈ, ਅਡੀਸ਼ਨਲ ਸਕੱਤਰ, ਮਿਨਸਟਰੀ ਆਫ ਐਗਰੀਕਲਚਰ, ਜਤਿਨ ਲਾਲ ਆਈ.ਏ.ਐਸ, ਐਮ.ਡੀ. ਹਿਮਾਚਲ ਪ੍ਰਦੇਸ ਕੌਂਸਲ ਵਿਕਾਸ ਨਿਗਮ ਅਤੇ ਜੇ.ਐਸ ਯਾਦਵ ਐਮ.ਡੀ ਕੌਸਾਂਬ ਵੱਲੋਂ ਸ਼ਿਰਕਤ ਕੀਤੀ ਗਈ।



# ...ਤੇ ਵਿਹੜੇ ਵਾਲੇ ਪੈਰਾਂ 'ਚੋਂ ਨਿਕਲੇ ਹੁੰਦੇ ਆ





**ਸ਼ਾਹਕੋਟ (ਗਿਆਨ ਸੈਦਪੁਰੀ)**

ਤਰਕਸ਼ੀਲ ਸੁਸਾਇਟੀ ਪੰਜਾਬ (ਰਜਿ.) ਦੀ ਇਕਾਈ ਸ਼ਾਹਕੋਟ ਵੱਲੋਂ ਕਰਵਾਏ ਗਏ ਤਰਕਸ਼ੀਲ ਮੇਲੇ ਦੌਰਾਨ ਨਾਟਕਕਾਰ ਡਾ. ਸਾਹਿਬ ਸਿੰਘ ਵੱਲੋਂ ਖੇਡੇ ਗਏ ਇੱਕ ਪਾਤਰੀ ਨਾਟਕ 'ਸੰਮਾਂ ਵਾਲੀ ਡਾਂਗ' ਨੇ ਜਿੱਥੇ ਪੰਜਾਬ ਦੇ ਲੋਕਾਂ ਨੂੰ ਹਾਕਮਾਂ ਦੇ ਹਰ ਅਨਿਆਂ, ਜ਼ੁਲਮ ਅਤੇ ਨਾ-ਬਰਾਬਰੀ ਦੇ ਵਰਤਾਰੇ ਵਿਰੁੱਧ ਨਾਬਰ ਹੋ ਕੇ ਲੜਨ ਦਾ ਹੋਕਾ ਦਿੱਤਾ, ਉੱਥੇ ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜਥੇਬੰਦਕ ਮੁਖੀ ਮਾਸਟਰ ਰਜਿੰਦਰ ਭਦੌੜ ਨੇ ਲੰਬੀ ਤਕਰੀਰ ਵਿੱਚ ਸਮਝਾਉਣ ਦੀ ਕੋਸ਼ਿਸ਼ ਕੀਤੀ ਕਿ ਦੁਨੀਆ ਵਿੱਚ ਦਸਾਂ ਨਹੁੰਆਂ ਦੀ ਕਿਰਤ ਕਰਨ ਵਾਲੇ ਕਾਮੇ ਨਾਲੋਂ ਹੋਰ ਕੋਈ ਵੀ ਵੱਡਾ ਨਹੀਂ ਹੈ, ਇਸ ਲਈ ਅਖੌਤੀ ਬਾਬਿਆਂ ਦੇ ਕੂੜ ਪ੍ਰਚਾਰ ਨੂੰ ਨਾਕਾਰ ਕੇ ਵਿਗਿਆਨਕ ਸੋਚ ਦੇ ਧਾਰਨੀ ਬਣਿਆ ਜਾਵੇ। ਦੋ ਸਾਲਾਂ ਦੇ ਅਰਸੇ ਤੱਕ ਚੱਲੀਆਂ ਰਿਹਰਸਲਾਂ ਨਾਲ ਤਿਆਰ ਕੀਤੇ ਨਾਟਕ 'ਸੰਮਾਂ ਵਾਲੀ ਡਾਂਗ' ਵਿੱਚ ਕਿਸਾਨੀ ਦੇ ਹਾਲਾਤ, ਹਾਕਮਾਂ ਦੇ ਕਿਸਾਨਾਂ ਪ੍ਰਤੀ ਰਵੱਈਏ, ਖਾਦਾਂ ਤੇ ਦਵਾਈਆਂ ਦੀ ਅੰਨ੍ਹੀ ਵਰਤੋਂ ਨਾਲ ਬਿਮਾਰ ਹੋਈ ਪੰਜਾਬ ਦੀ ਭੋਂ ਅਤੇ ਹੋਰ ਅਨੇਕਾਂ ਮਸਲਿਆਂ ਨੂੰ ਛੋਹਿਆ ਗਿਆ ਹੈ। ਇੱਕ ਗਰੰਥ ਵਿੱਚ ਅਨਿਆਂਪੂਰਨ ਵਰਗ ਵੰਡ ਦਾ ਸ਼ਿੱਦਤ ਨਾਲ ਜ਼ਿਕਰ ਵੀ ਨਾਟਕ ਦਾ ਹਿੱਸਾ ਹੈ। ਨਾਟਕ ਦਾ ਪਾਤਰ ਬੋਲਦਾ ਹੈ, 'ਦੱਸਦੇ ਹਨ ਕਿ ਇੱਕ ਗਰੰਥ ਵਿੱਚ ਲਿਖਿਆ ਹੋਇਆ ਹੈ ਕਿ ਕਿਹੜਾ ਬੰਦਾ ਕੀ ਕੰਮ ਕਰੇਗਾ। ਗਰੰਥ ਲਿਖਣ ਵਾਲੇ ਨੂੰ ਵੱਡਾ ਵਿਦਵਾਨ ਆਖਿਆ ਜਾਂਦਾ ਹੈ। ਗਰੰਥ ਵਿੱਚ ਦੱਸਿਆ ਗਿਆ ਹੈ ਕਿ ਵੱਡੇ ਬੰਦੇ ਬ੍ਰਹਮਾ ਦੇ ਸਿਰ 'ਚੋਂ ਪੈਦਾ ਹੁੰਦੇ ਹਨ, ਉਨ੍ਹਾਂ ਤੋਂ ਛੋਟੇ ਬਾਹਾਂ ਵਿੱਚੋਂ, ਹੋਰ ਛੋਟੇ ਲੱਤਾਂ ਵਿੱਚੋਂ ਤੇ ਵਿਹੜੇ ਵਾਲੇ ਪੈਰਾਂ 'ਚੋਂ ਨਿਕਲੇ ਹੁੰਦੇ ਆ'। ਫਸਲਾਂ ਦੀ ਗੱਲ ਕਰਦਾ ਨਾਟਕ ਦਾ ਪਾਤਰ ਆਖਦਾ ਹੈ, 'ਅਸੀਂ ਖੇਤਾਂ 'ਚ ਖੜ੍ਹੀ ਫ਼ਸਲ ਨੂੰ ਆਪਣੀ ਔਲਾਦ ਸਮਝਦੇ ਹਾਂ'।...ਅਸੀਂ ਗਿੱਲੇ ਹੱਥਾਂ ਵਿੱਚ ਨਮਕ ਸੰਭਾਲੀ ਬੈਠੇ ਹਾਂ, ਖੁਰਨ ਨਹੀਂ ਦਿੱਤਾ, ਪਰ ਸਾਡੀ ਕੀਮਤ ਕਿਸੇ ਨੇ ਨਹੀਂ ਪਾਈ'। ਇਹ ਨਾਟਕ ਵੇਖਦਿਆਂ ਦਰਸ਼ਕਾਂ ਨੇ ਸਾਹ ਰੋਕ ਲਏ ਜਾਪਦੇ ਸਨ। ਮਾਸਟਰ ਰਜਿੰਦਰ ਭਦੌੜ ਨੇ ਇਸ ਗੱਲ ਦਾ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਕਿ ਜਦੋਂ ਅਸੀਂ ਵਾਪਰ ਰਹੇ ਵਰਤਾਰਿਆਂ ਦੇ ਕਾਰਨ ਲੱਭ ਲਵਾਂਗੇ ਤਾਂ ਅੰਧ-ਵਿਸ਼ਵਾਸ ਦੀ ਕੋਈ ਥਾਂ ਨਹੀਂ ਰਹੇਗੀ। ਉਨ੍ਹਾ ਕਿਹਾ ਕਿ ਸੁਸਾਇਟੀ ਦਾ ਚੈਲਿੰਜ ਹੈ ਕਿ ਮਰੇ ਹੋਏ ਬੰਦੇ ਦਾ ਕੋਈ ਭੂਤ ਨਹੀਂ ਹੁੰਦਾ। ਜੋ ਭੂਤ ਹੋਣ ਦਾ ਫਰੇਬ ਕਰਦਾ ਹੈ, ਸੁਸਾਇਟੀ ਨੇ ਅਜਿਹਾ ਸਿੱਧ ਕਰਨ ਲਈ ਪੰਜ ਲੱਖ ਰੁਪਏ ਦਾ ਇਨਾਮ ਰੱਖਿਆ ਹੋਇਆ ਹੈ। ਸੁਖਦੇਵ ਮਲੂਕਪੁਰ ਅਤੇ ਸਹਿਜ ਪ੍ਰੀਤ ਨੇ ਜਾਦੂ ਦੇ ਸ਼ੋਅ ਦਿਖਾਉਣ ਉਪਰੰਤ ਦੱਸਿਆ ਕਿ ਇਹ ਕੋਈ ਗੈਬੀ ਸ਼ਕਤੀ ਨਹੀਂ ਹੈ ਤੇ ਨਾ ਹੀ ਤਾਂਤਰਿਕ ਕਾਰਾ ਹੈ। ਇਹ ਸਿਰਫ਼ ਇੱਕ ਕਲਾ ਹੈ।

ਸੁਸਾਇਟੀ ਦੇ ਜ਼ੋਨ ਪ੍ਰਧਾਨ ਸੁਰਜੀਤ ਟਿੱਬਾ ਨੇ ਕਈ ਕਲਾਕਾਰਾਂ, ਲੇਖਕਾਂ ਵੱਲੋਂ ਫੈਲਾਏ ਜਾ ਰਹੇ ਅਸੱਭਿਆਚਾਰ ਦੀ ਨਿੰਦਾ ਕਰਦਿਆਂ ਕਿਹਾ ਕਿ ਤਰਕਸ਼ੀਲ ਸੁਸਾਇਟੀ ਨਰੋਆ ਸੱਭਿਆਚਾਰ ਉਸਾਰਨ ਲਈ ਸੁਹਿਰਦ ਯਤਨ ਕਰ ਰਹੀ ਹੈ। ਅਗਾਂਹਵਧੂ ਗਾਇਕ ਧਰਮਿੰਦਰ ਮਸਾਣੀ, ਅਮੀਸ਼ ਬਾਗਪੁਰ, ਬਨਤਾਬ ਕੌਰ ਫੁਲਵਾੜੀ ਪਬਲਿਕ ਸਕੂਲ ਲੋਹੀਆਂ ਅਤੇ ਜਾਨਵੀ ਮਲਸੀਆਂ ਨੇ ਇਨਕਲਾਬੀ ਗੀਤ-ਸੰਗੀਤ ਰਾਹੀਂ ਮੇਲੇ ਵਿੱਚ ਹੋਰ ਰੰਗ ਭਰਿਆ।

ਮੇਲੇ ਦੇ ਸ਼ੁਰੂ ਵਿੱਚ ਅਮਨ ਬਾਗਪੁਰ ਨੇ ਸਮਾਗਮ ਵਿੱਚ ਸ਼ਾਮਲ ਹੋਣ ਵਾਲਿਆਂ ਦਾ ਸਵਾਗਤ ਕਰਦਿਆਂ ਮੇਲੇ ਦੀ ਰੂਪ-ਰੇਖਾ ਵੀ ਬਿਆਨ ਕੀਤੀ। ਜਿੰਦਰ ਬਾਗਪੁਰ ਨੇ ਸਟੇਜ ਦੀ ਕਾਰਵਾਈ ਚਲਾਉਂਦਿਆਂ ਬਹੁਤ ਸਾਰੀਆਂ ਮੁੱਲਵਾਨ ਗੱਲਾਂ ਕੀਤੀਆਂ। ਤਰਕਸ਼ੀਲ ਸੁਸਾਇਟੀ ਦੀ ਇਕਾਈ ਸ਼ਾਹਕੋਟ ਦੇ ਜਥੇਬੰਦਕ ਮੁਖੀ ਪ੍ਰਿੰਸੀਪਲ ਮਨਜੀਤ ਸਿੰਘ ਮਲਸੀਆਂ ਨੇ ਤਰਕਸ਼ੀਲ ਮੇਲੇ ਦੀ ਸਫ਼ਲਤਾ ਲਈ ਕਲਾਕਾਰਾਂ ਅਤੇ ਸਰੋਤਿਆਂ/ਦਰਸ਼ਕਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸੁਸਾਇਟੀ ਅਜਿਹੇ ਮੇਲਿਆਂ ਦੀ ਨਿਰੰਤਰਤਾ ਲਈ ਉਤਸ਼ਾਹਿਤ ਹੋਈ ਹੈ।

ਮੇਲੇ ਵਿੱਚ ਲਾਈ ਗਈ ਪੁਸਤਕ ਪ੍ਰਦਰਸ਼ਨੀ 'ਤੇ ਵੀ ਰੌਣਕ ਰਹੀ। ਮੇਲੇ ਵਿੱਚ ਜਵਾਨੀ ਦੀ ਭਰਵੀਂ ਸ਼ਮੂਲੀਅਤ ਮੇਲੇ ਦਾ ਹਾਸਲ ਰਹੀ। ਹੋਰਨਾਂ ਤੋਂ ਇਲਾਵਾ ਕਿਸਾਨ ਆਗੂ ਬਲਕਾਰ ਸਿੰਘ ਫਾਜ਼ਲਵਾਲ, ਕਾਮਰੇਡ ਪਰਮਜੀਤ ਸਿੰਘ ਜਲੰਧਰ, ਸੀ ਪੀ ਆਈ ਜ਼ਿਲ੍ਹਾ ਜਲੰਧਰ ਦੇ ਸਹਾਇਕ ਸਕੱਤਰ ਹਰਜਿੰਦਰ ਸਿੰਘ ਮੌਜੀ, ਬੈਂਕ ਅਧਿਕਾਰੀ ਮੋਹਣ ਸਿੰਘ ਮੋਤੀ ਆਦਿ ਨੇ ਮੇਲੇ 'ਚ ਸ਼ਮੂਲੀਅਤ ਕੀਤੀ। ਮੇਲੇ ਦੀ ਸਮਾਪਤੀ ਉਪਰੰਤ ਨਾਟਕਕਾਰਾਂ, ਕਲਾਕਾਰਾਂ ਅਤੇ ਪ੍ਰਬੰਧਕਾਂ ਨੇ ਬਾਗਪੁਰੀਆ ਦੇ ਪਰਵਾਰ ਵੱਲੋਂ ਤਿਆਰ ਕੀਤੇ ਖਾਣੇ ਦਾ ਅਨੰਦ ਮਾਣਿਆ।

## ਕ੍ਰਿਸਮਸ ਮੌਕੇ ਵਿਸ਼ਵ ਸ਼ਾਂਤੀ ਤੇ ਭਾਈਚਾਰਕ ਸਾਂਝ 'ਤੇ ਜ਼ੋਰ

**ਸਿਰਸਾ (ਸੁਰਿੰਦਰ ਪਾਲ ਸਿੰਘ)**

ਆਲ ਇੰਡੀਆ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਦੇ ਜਰਨਲ ਸਕੱਤਰ ਡਾ: ਸੁਖਦੇਵ ਸਿੰਘ ਸਿਰਸਾ ਅਤੇ ਉਨ੍ਹਾਂ ਦੀ ਸਮੁੱਚੀ ਕਾਰਜਕਾਰਣੀ ਵੱਲੋਂ ਕ੍ਰਿਸਮਸ ਦੇ ਇਸ ਤਿਉਹਾਰ ਤੇ ਦੁਨੀਆ ਦੇ ਸਾਰੇ ਨਾਗਰਿਕਾਂ ਨੂੰ ਸ਼ੁਭਕਾਮਨਾਵਾਂ ਭੇਜੀਆਂ ਗਈਆਂ ਹਨ।

ਡਾ. ਸੁਖਦੇਵ ਨੇ ਕਿਹਾ ਕਿ ਜਦੋਂ ਜੰਗ, ਦਹਿਸ਼ਤ ਤੇ ਫ਼ਿਰਕਾਪ੍ਰਸਤੀ ਨੂੰ ਹਵਾ ਦੇਣ ਵਾਲੀਆਂ ਨਾਪਾਕ ਤਾਕਤਾਂ ਦੁਨੀਆਂ ਭਰ ਵਿੱਚ ਬੇਈਮਾਨੀ ਅਤੇ ਪਾਗਲਪਣ ਦਾ ਸਾਮਰਾਜ ਬਣਾਉਣ ਲਈ ਉਤਾਵਲੀਆਂ ਜਾਪਦੀਆਂ ਹਨ ਤਾਂ ਅਜਿਹੀ ਸਥਿਤੀ ਵਿੱਚ ਕ੍ਰਿਸਮਸ ਵਰਗੇ ਵਿਸ਼ਵਵਿਆਪੀ ਤਿਉਹਾਰ ਤੇ ਉਮੀਦ ਕੀਤੀ ਜਾਂਦੀ ਹੈ ਕਿ ਇਹ ਤਿਉਹਾਰ ਵਿਸ਼ਵ ਸ਼ਾਂਤੀ, ਆਪਸੀ ਭਾਈਚਾਰਾ, ਫਿਰਕੂ-ਧਾਰਮਿਕ ਸਦਭਾਵਨਾ, ਜੰਗ, ਫਿਰਕੂ-ਧਾਰਮਿਕ ਨਫ਼ਰਤ, ਵੈਰ-ਵਿਰੋਧ, ਵੈਰ-ਵਿਰੋਧ ਦੀ ਵਕਾਲਤ ਕਰਨ ਵਾਲੀਆਂ ਤਾਕਤਾਂ ਦੇ ਇਰਾਦਿਆਂ ਨੂੰ ਦਰਕਿਨਾਰ ਕਰਕੇ ਸਮਾਨਤਾ ਦਾ ਸਮਾਜ ਉਸਾਰੇਗਾ। ਉਨ੍ਹਾਂ ਕਿਹਾ ਕਿ ਆਲ ਇੰਡੀਆ ਪ੍ਰੋਗਰੈਸਿਵ ਰਾਈਟਰਜ਼ ਐਸੋਸੀਏਸ਼ਨ ਕ੍ਰਿਸਮਸ ਦੇ ਇਸ ਤਿਉਹਾਰ ਤੇ ਯੂਕਰੇਨ-ਰੂਸ ਅਤੇ ਹਮਾਸ-ਇਜ਼ਰਾਈਲ ਯੁੱਧ ਨੂੰ ਤੁਰੰਤ ਰੋਕਣ ਸਮੇਤ ਵਿਸ਼ਵ ਸ਼ਾਂਤੀ ਦੀ ਸੁਰੱਖਿਆ ਲਈ ਪ੍ਰਾਰਥਨਾ ਕਰਦੀ ਹੈ।ਡਾ ਸੁਖਦੇਵ ਨੇ ਕਿਹਾ ਕਿ ਵਿਸ਼ਵ ਸ਼ਾਂਤੀ, ਭਾਈਚਾਰਕ ਸਾਂਝ ਅਤੇ ਆਮ ਲੋਕਾਂ ਦੇ ਜੀਵਨ ਵਿਚ ਗਿਆਨ ਵਿਗਿਆਨ ਦਾ ਪ੍ਰਚਾਰ ਪ੍ਰਸਾਰ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ।

## ਐੱਸ ਓ ਈ ਸਕੂਲ 'ਚ ਸੱਤ ਰੋਜ਼ਾ ਐੱਨ ਐੱਸ ਐੱਸ ਕੈਂਪ ਸਮਾਪਤ




**ਸਮਰਾਲਾ (ਸੁਰਜੀਤ ਸਿੰਘ)**

ਐਸ.ਓ.ਈ. ਸੀਨੀਅਰ ਸੈਕੰਡਰੀ ਸਕੂਲ (ਲੜਕੇ) ਵਿਖੇ ਦਵਿੰਦਰ ਸਿੰਘ ਲੋਟੇ ਸਹਾਇਕ ਡਾਇਰੈਕਟਰ ਯੁਵਕ ਸੇਵਾਵਾਂ ਦੀ ਅਗਵਾਈ ਸਕੂਲ ਵਿੱਚ ਸੱਤ ਰੋਜ਼ਾ ਐਨ. ਐਸ. ਐਸ. ਕੈਂਪ ਦਾ ਆਯੋਜਨ ਕੀਤਾ ਗਿਆ।

ਕੈਂਪ ਦੇ ਪ੍ਰੋਗਰਾਮ ਅਫਸਰ ਲੈਕ: ਰਜੀਵ ਰਤਨ ਨੇ ਦੱਸਿਆ ਕਿ ਕੈਂਪ ਦੇ ਅਖਰੀ ਦਿਨ ਕਰਵਾਏ ਸਮਾਗਮ ਦੌਰਾਨ ਐਸ. ਐਮ. ਸੀ. ਚੇਅਰਮੈਨ ਤੇਜਿੰਦਰ ਸਿੰਘ ਗਰੇਵਾਲ ਨੇ ਬਤੌਰ ਮੁੱਖ ਮਹਿਮਾਨ ਸ਼ਿਰਕਤ ਕੀਤੀ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਸੁਮਨ ਲਤਾ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਜੀ ਕਹਿੰਦੇ ਹੋਏ ਕੈਂਪ ਵਿੱਚ ਸ਼ਾਮਲ ਵਿਦਿਆਰਥੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਇਨ੍ਹਾਂ ਸੱਤ ਦਿਨਾਂ ਦੌਰਾਨ ਵਿਦਿਆਰਥੀਆਂ ਨੇ ਜੋ ਗਿਆਨ ਪ੍ਰਾਪਤ ਕੀਤਾ ਹੈ, ਇਸ ਗਿਆਨ ਨੂੰ ਆਪਣੀ ਜ਼ਿੰਦਗੀ ਵਿੱਚ ਲਾਗੂ ਕਰਨ ਤਾਂ ਜੁ ਉਨ੍ਹਾਂ ਦੀ ਜ਼ਿੰਦਗੀ ਬਿਹਤਰ ਬਣ ਸਕੇ।

ਮੁੱਖ ਮਹਿਮਾਨ ਤੇਜਿੰਦਰ ਸਿੰਘ ਗਰੇਵਾਲ ਨੇ ਬੱਚਿਆਂ ਨੂੰ ਕਿਹਾ ਕਿ ਇਸ ਉਮਰ ਵਿੱਚ ਜੋ ਕੁਝ ਪ੍ਰੈਕਟੀਕਲ ਕਰਕੇ ਗਿਆਨ ਹਾਸਲ ਹੁੰਦਾ ਖਾਸ ਕਰਕੇ ਅਜਿਹੇ ਕੈਂਪਾਂ ਦੌਰਾਨ, ਉਹੀ ਲਮ੍ਹੇ ਅਤੇ ਤਜ਼ਰਬੇ ਪੂਰੀ ਜ਼ਿੰਦਗੀ ਕੰਮ ਆਉਂਦੇ ਹਨ। ਅੱਜ ਕੱਲ ਦੇ ਸਮੇਂ ਵਿੱਚ ਅਜਿਹੇ ਕੈਂਪ ਲੱਗਣੇ ਸਮੇਂ ਦੀ ਪ੍ਰਮੁੱਖ ਲੋੜ ਹੈ।

ਸਮਾਗਮ ਦੌਰਾਨ ਵਿਦਿਆਰਥੀਆਂ ਵੱਲੋਂ ਵੱਖ ਵੱਖ ਵੰਨਗੀਆਂ ਦੇ ਪ੍ਰੋਗਰਾਮ, ਜਿਨ੍ਹਾਂ ਵਿੱਚ ਮੋਨੋ ਐਕਟਿੰਗ, ਗਾਣੇ, ਭੰਗੜਾ ਆਦਿ ਸ਼ਾਮਲ ਸਨ ਪੇਸ਼ ਕੀਤੇ ਗਏ। ਸਮਾਗਮ ਦੇ ਅਖੀਰ ਵਿੱਚ ਮੁੱਖ ਮਹਿਮਾਨ ਅਤੇ ਪ੍ਰਿੰਸੀਪਲ ਮੈਡਮ ਵੱਲੋਂ ਸਾਂਝੇ ਤੌਰ ਤੇ ਸਹਿ ਕਿਰਿਆਵਾਂ ਵਿੱਚ ਭਾਗ ਲੈਣ ਵਾਲੇ ਬੱਚਿਆਂ ਅਤੇ ਕੈਂਪ ਵਿੱਚ ਭਾਗ ਲੈਣ ਵਾਲੇ ਸਮੁੱਚੇ ਬੱਚਿਆਂ ਨੂੰ ਸਨਮਾਨਤ ਕੀਤਾ ਗਿਆ।

# ਪੰਜਾਬੀ 'ਵਰਸਿਟੀ ਨੂੰ ਹਰਾ ਕੇ ਹਾਕਸ ਰੂਪਨਗਰ ਨੇ ਜਿੱਤਿਆ ਖਿਤਾਬੀ ਮੁਕਾਬਲਾ

**ਨਾਭਾ (ਵਰਿੰਦਰ ਵਰਮਾ, ਤੇਜਾ ਸਿੰਘ)**



46ਵੇਂ ਜੀ.ਐਸ. ਬੈਂਸ ਲਿਬਲਰਜ ਆਲ ਇੰਡੀਆ ਹਾਕੀ ਟੂਰਨਾਮੈਂਟ ਦੇ ਆਖਰੀ ਦਿਨ ਫਾਇਨਲ ਮੁਕਾਬਲਾ ਹਾਕਸ ਰੂਪਨਗਰ ਤੇ ਪੰਜਾਬ ਯੂਨੀਵਰਸਿਟੀ ਪਟਿਆਲਾ ਦੀਆਂ ਟੀਮਾਂ ਵਿਚਕਾਰ ਖੇਡਿਆ ਗਿਆ, ਜਿਸ ਵਿੱਚ ਹਾਕਸ ਰੂਪਨਗਰ ਦੀ ਟੀਮ ਨੇ ਪਿਛਲੇ ਸਾਲ ਦੀ ਚੈਂਪੀਅਨ ਪੰਜਾਬੀ ਯੂਨੀਵਰਸਿਟੀ ਪਟਿਆਲਾ ਨੂੰ 5-3 ਦੇ ਫ਼ਰਕ ਨਾਲ ਹਰਾ ਕੇ ਖਿਤਾਬੀ ਮੁਕਾਬਲਾ ਜਿੱਤ ਲਿਆ। ਫਾਇਨਲ ਮੁਕਾਬਲੇ ਦੌਰਾਨ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਅਤੇ ਵਿਸ਼ੇਸ਼ ਮਹਿਮਾਨ ਵਜੋਂ ਹਲਕਾ ਵਿਧਾਇਕ ਗੁਰਦੇਵ ਸਿੰਘ ਦੇਵ ਮਾਨ, ਬਾਰ ਐਸੋਸੀਏਸਨ ਨਾਭਾ ਪ੍ਰਧਾਨ ਗਿਆਨ ਸਿੰਘ ਮੂੱਗੋ, ਜੈ ਸਿੰਘ ਗਿੱਲ ਸਾਬਕਾ ਚੀਫ ਸੈਕਟਰੀ ਪੰਜਾਬ ਤੇ ਐਸਡੀਐਮ ਨਾਭਾ ਤਰਸੇਮ ਚੰਦ ਨੇ ਹਾਜ਼ਰੀ ਲਵਾਈ, ਜਿਨ੍ਹਾਂ ਨੂੰ ਪ੍ਰਧਾਨ ਗੁਰਕਰਨ ਸਿੰਘ ਬੈਂਸ (ਆਈਆਰਐਸ), ਇੰਦਰਜੀਤ ਸਿੰਘ ਮਿੱਠੂ, ਬਸੰਤ ਸਿੰਘ, ਜਤਿੰਦਰ ਦਾਖੀ, ਅਸ਼ੋਕ ਬਾਂਸਲ, ਹਾਰਡੀ ਪਟਿਆਲਾ, ਕਿੱਟੂ ਗਰੇਵਾਲ ਅਤੇ ਹੋਰ ਮੈਂਬਰਾਂ ਵੱਲੋਂ ਸਾਂਝੇ ਤੌਰ 'ਤੇ ਸਨਮਾਨ ਚਿੰਨ੍ਹ ਦੇ ਕੇ ਸਨਮਾਨਤ ਕੀਤਾ ਗਿਆ। ਕੈਬਨਿਟ ਮੰਤਰੀ ਅਮਨ ਅਰੋੜਾ ਨੇ ਟੂਰਨਾਮੈਂਟ ਦਾ ਸੋਵੀਨਾਰ ਜਾਰੀ ਕਰਦਿਆਂ ਫਾਇਨਲ ਖੇਡਣ ਵਾਲੀਆਂ ਟੀਮਾਂ ਦੇ ਖਿਡਾਰੀਆਂ ਨਾਲ ਜਾਣ-ਪਛਾਣ ਕਰਦਿਆਂ ਉਨ੍ਹਾਂ ਦੀ ਹੌਸਲਾ ਅਫ਼ਜ਼ਾਈ ਕੀਤੀ। ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਨਿਭਾਉਂਦਿਆਂ ਕਿਹਾ ਕਿ ਨਰੋਏ ਸਰੀਰ 'ਚ ਨਰੋਆ ਮਨ ਰਹਿੰਦਾ ਹੈ, ਦੀ ਕਹਾਵਤ ਅਨੁਸਾਰ ਸਾਡੇ ਜੀਵਨ ਲਈ ਖੇਡਾਂ ਅਤੇ ਖੇਡ ਮੈਦਾਨਾਂ ਦਾ ਮਹੱਤਵ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ।

ਫਾਇਨਲ ਮੁਕਾਬਲੇ ਦੌਰਾਨ ਹਾਕਸ ਰੂਪਨਗਰ ਤੇ ਪੰਜਾਬੀ ਯੂਨੀਵਰਸਿਟੀ ਪਟਿਆਲਾ ਵਿਚਕਾਰ ਕਾਂਟੇਦਾਰ ਟੱਕਰ ਦੇਖਣ ਨੂੰ ਮਿਲੀ। ਮੈਚ ਦੇ ਪਹਿਲੇ ਹਾਫ਼ 'ਚ ਹਾਕਸ ਵੱਲੋਂ ਬਣਾਏ 1-0 ਦੇ ਵਾਧੇ ਨੂੰ ਦੂਜੇ ਹਾਫ਼ ਦੌਰਾਨ ਪਟਿਆਲਾ ਯੂਨੀਵਰਸਿਟੀ ਦੀ ਟੀਮ ਨੇ ਦੋ ਗੋਲ ਦਾਗ ਕੇ 2-1 'ਤੇ ਲਿਆਂਦਾ ਜ਼ਰੂਰ, ਪ੍ਰੰਤੂ ਹਾਕਸ ਨੇ ਦੂਜੇ ਹਾਫ਼ 'ਚ ਵਾਪਸੀ ਕਰਦਿਆਂ ਇੱਕ ਹੋਰ ਗੋਲ ਦਾਗ ਕੇ ਮੁਕਾਬਲੇ ਨੂੰ 2-2 ਨਾਲ ਬਰਾਬਰ ਕਰ ਦਿੱਤਾ। ਮੈਚ ਦੇ ਆਖਰੀ ਹਾਫ਼ ਦੌਰਾਨ ਦੋਨੋਂ ਟੀਮਾਂ ਨੇ ਜੁਝਾਰੂ ਖੇਡ ਦਾ ਪ੍ਰਦਰਸ਼ਨ ਜ਼ਰੂਰ ਕੀਤਾ, ਪ੍ਰੰਤੂ ਮਾਮਲਾ ਬਰਾਬਰੀ 'ਤੇ ਹੋਣ ਬਾਵਜੂਦ ਆਖਰ 'ਚ ਪੈਨਲਟੀ ਸ਼ੂਟ ਤੱਕ ਅੱਪੜ ਹੀ ਗਿਆ। ਪੈਨਲਟੀ ਸ਼ੂਟ ਦੌਰਾਨ ਹਾਕਸ ਰੂਪਨਗਰ ਦੀ ਟੀਮ ਨੇ 5-3 ਦੇ ਫ਼ਰਕ ਨਾਲ ਸ਼ਾਨਦਾਰ ਪ੍ਰਦਰਸ਼ਨ ਕਰਦਿਆਂ ਪਹਿਲੀ ਵਾਰ ਖਿਤਾਬੀ ਮੁਕਾਬਲਾ ਜਿੱਤ ਲਿਆ। ਆਖਰ 'ਚ ਫਾਇਨਲ ਮੁਕਾਬਲੇ ਦੀ ਜੇਤੂ ਹਾਕਸ ਰੂਪਨਗਰ ਤੇ ਉਪ ਜੇਤੂ ਪੰਜਾਬੀ ਯੂਨੀਵਰਸਿਟੀ ਪਟਿਆਲਾ ਟੀਮ ਨੂੰ ਖੇਡ ਪ੍ਰਬੰਧਕਾਂ ਵੱਲੋਂ ਰਾਖਵੇਂ ਤੇ ਨਕਦ ਇਨਾਮਾਂ ਦੀ ਵੰਡ ਪੰਜਾਬ ਦੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕੀਤੀ।

## ਪੁਲਸ 'ਤੇ ਫਾਇਰਿੰਗ ਕਰਨ ਵਾਲੇ ਨੌਜਵਾਨ ਕਾਬੂ

**ਬਠਿੰਡਾ (ਪਰਵਿੰਦਰ ਜੀਤ ਸਿੰਘ)**-ਸ਼ਾਮੀਂ ਵਰਨਾ ਗੱਡੀ 'ਤੇ ਸਵਾਰ ਦੋ ਨੌਜਵਾਨਾਂ ਵਲੋਂ ਇੱਕ ਨਾਕੇ 'ਤੇ ਰੋਕਣ ਦੌਰਾਨ ਪੁਲਿਸ ਪਾਰਟੀ 'ਤੇ ਫਾਈਰਿੰਗ ਕਰਨ ਦੀ ਸੂਚਨਾ ਮਿਲੀ ਹੈ। ਪੁਲਸ ਨੇ ਮੁਸਤੈਦੀ ਵਰਤਿਆਂ ਘਟਨਾ ਦੇ ਥੋੜ੍ਹੀ ਦੂਰ ਹੀ ਗੱਡੀ ਨੂੰ ਘੇਰ ਲਿਆ ਅਤੇ ਕਥਿਤ ਦੋਸ਼ੀਆਂ ਨੂੰ ਵੀ ਕਾਬੂ ਕਰ ਲਿਆ। ਹਾਲੇ ਪੁਲਸ ਅਧਿਕਾਰੀ ਇਸ ਮਾਮਲੇ ਵਿਚ ਕੁੱਝ ਦੱਸਣ ਨੂੰ ਤਿਆਰ ਨਹੀਂ, ਪ੍ਰੰਤੂ ਪਤਾ ਚੱਲਿਆ ਹੈ ਕਿ ਪੁਲਸ ਨੂੰ ਇਨ੍ਹਾਂ ਨੌਜਵਾਨਾਂ ਉਪਰ ਨਸ਼ਾ ਤਸਕਰੀ ਦਾ ਸ਼ੱਕ ਹੈ। ਇਸ ਸਬੰਧੀ ਥਾਣਾ ਸਿਵਲ ਲਾਈਨ ਦੀ ਪੁਲਸ ਵੱਲੋਂ ਦੋ ਨੌਜਵਾਨਾਂ ਸੁਖਦੀਪ ਸਿੰਘ ਤੇ ਅਵਤਾਰ ਸਿੰਘ ਵਿਰੁੱਧ ਕਾਨੂੰਨੀ ਕਾਰਵਾਈ ਦੀ ਤਿਆਰੀ ਕੀਤੀ ਜਾ ਰਹੀ ਸੀ। ਸੂਚਨਾ ਮੁਤਾਬਕ ਪੁਲਸ ਵੱਲੋਂ ਸੈਪਲ ਹੋਟਲ ਦੇ ਨਜ਼ਦੀਕ ਨਾਕੇਬੰਦੀ ਕੀਤੀ ਹੋਈ ਸੀ। ਇੱਕ ਚਿੱਟੇ ਰੰਗ ਦੀ ਸ਼ੱਕੀ ਵਰਨਾ ਕਾਰ ਆਉਂਦੀ ਦਿਖਾਈ ਦਿੱਤੀ, ਜਿਸਨੂੰ ਰੋਕਣ ਦਾ ਇਸ਼ਾਰਾ ਕੀਤਾ ਪ੍ਰੰਤੂ ਗੱਡੀ ਚਾਲਕ ਨੌਜਵਾਨ ਕਾਰ ਨੂੰ ਭਜਾ ਕੇ ਲੈ ਗਏ। ਇਸ ਦੌਰਾਨ ਪੀਸੀਆਰ ਦੀ ਟੀਮ ਵਲੋਂ ਪਿੱਛਾ ਕੀਤਾ ਗਿਆ ਤਾਂ ਇਨ੍ਹਾਂ ਨੌਜਵਾਨਾਂ ਨੇ ਪੁਲਸ 'ਤੇ ਫਾਇਰਿੰਗ ਕਰ ਦਿੱਤੀ। ਜਵਾਬ ਵਿਚ ਪੁਲਿਸ ਪਾਰਟੀ ਵਲੋਂ ਵੀ ਫਾਈਰਿੰਗ ਕੀਤੀ ਗਈ। ਪੁਲਸਸ ਦਾ ਘੇਰਾ ਪੈਣ 'ਤੇ ਇਹ ਨੌਜਵਾਨ ਕਾਰ ਉਥੇ ਹੀ ਛੱਡ ਕੇ ਫਰਾਰ ਹੋ ਗਏ। ਸੂਚਨਾ ਮਿਲਣ 'ਤੇ ਐਸ.ਪੀ ਡੀ ਅਜੈ ਗਾਂਧੀ, ਐਸ.ਪੀ ਸਿਟੀ ਨਰਿੰਦਰ ਸਿੰਘ, ਡੀਐਸਪੀ ਸਿਟੀ .ਐਚ.ਓ ਸਿਵਲ ਲਾਈਨ ਸਹਿਤ ਸੀਆਈਏ -1 ਤੇ -2 ਦੇ ਇੰਚਾਰਜ ਤੇ ਟੀਮਾਂ ਵੀ ਮੌਕੇ 'ਤੇ ਪੁੱਜੀਆਂ। ਪੁਲਸ ਅਧਿਕਾਰੀਆਂ ਨੇ ਦੱਸਿਆ ਕਿ ਦੋ ਨੌਜਵਾਨਾਂ ਨੂੰ ਹਿਰਾਸਤ ਵਿਚ ਲਿਆ ਗਿਆ ਹੈ ਤੇ ਮਾਮਲੇ ਦੀ ਡੂੰਘਾਈ ਨਾਲ ਪੜਤਾਲ ਕੀਤੀ ਜਾ ਰਹੀ ਹੈ।

## ਸਪੀਕਰ ਸੰਧਵਾਂ ਨੇ ਜ਼ਖ਼ਮੀ ਦਾ ਹਾਲ-ਚਾਲ ਪੁੱਛਿਆ

**ਕੋਟਕਪੂਰਾ (ਰਛਪਾਲ ਭੁੱਲਰ)**



ਸਿੱਖਾਂਵਾਲਾ ਰੋਡ 'ਤੇ ਦੁਕਾਨ ਵਿੱਚ ਬੈਠੇ ਨੌਜਵਾਨ 'ਤੇ ਕੁਝ ਬਦਮਾਸ਼ਾਂ ਵੱਲੋਂ ਅਚਾਨਕ ਡੰਡੇ ਸੋਟਿਆਂ ਤੇ ਕਾਪੇ ਨਾਲ ਹਮਲਾ ਕਰਕੇ ਸਿਰ ਅਤੇ ਬਾਹਾਂ ਤੇ ਕਾਫੀ ਸੱਟਾਂ ਮਾਰੀਆਂ, ਪਰ ਪੁਲਸ ਬਦਮਾਸ਼ਾਂ ਨੂੰ ਫੜਨ ਵਿੱਚ ਨਾਕਾਮਯਾਬ ਰਹੀ।

ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਉਸ ਨੌਜਵਾਨ ਮੋਹਿਤ ਕੁਮਾਰ ਗੋਇਲ (16) ਦੇ ਘਰ ਆ ਕੇ ਹਾਲ-ਚਾਲ ਪੁੱਛਿਆ। ਸੰਧਵਾਂ ਨੇ ਦੱਸਿਆ ਜਿਹੜੇ ਕ੍ਰਮਚਾਰੀਆਂ ਨੇ ਹਾਲੇ ਤੱਕ ਕਾਰਵਾਈ ਨਹੀਂ ਕੀਤੀ, ਉਨ੍ਹਾਂ ਵਿਰੁੱਧ ਕਾਰਵਾਈ ਕੀਤੀ ਜਾਵੇਗੀ ਤੇ ਜਿਹੜੇ ਕ੍ਰਮਚਾਰੀ ਕੰਮ ਕਰਕੇ ਦਿਖਾਉਣਗੇ ਉਨ੍ਹਾਂ ਨੂੰ ਸਨਮਾਨਤ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਕਿਸੇ ਨੂੰ ਵੀ ਅਮਨ ਕਾਨੂੰਨ ਦੀ ਸਥਿਤੀ ਨੂੰ ਵਿਗਾੜਾਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ ਤੇ ਜਿਹੜਾ ਅਜਿਹਾ ਕਰੇਗਾ, ਉਸ ਨੂੰ ਕਿਸੇ ਹਾਲਤ ਵਿੱਚ ਨਹੀਂ ਬਖਸ਼ਿਆ ਜਾਵੇਗਾ। ਇੱਕ ਹੋਰ ਸਵਾਲ ਦੇ ਜਵਾਬ ਵਿੱਚ ਸੰਧਵਾਂ ਨੇ ਕਿਹਾ ਕਿ ਸਿੱਖਾਂਵਾਲਾ ਸੜਕ ਦਾ ਜਿਹੜਾ ਹਿੱਸਾ ਬਣਾਉਣ ਵਾਲਾ ਰਹਿੰਦਾ ਹੈ ਤੇ ਜੋ ਹੀਰਾ ਸਿੰਘ ਨਗਰ ਵਾਲੀ ਮੇਨ ਸੜਕ ਬਨਣ ਵਾਲੀ ਰਹਿੰਦੀ ਹੈ, ਵੀ ਛੇਤੀ ਹੀ ਬਣਵਾ ਦਿੱਤੀ ਜਾਵੇਗੀ। ਇਸ ਮੌਕੇ ਮੇਹਰ ਸਿੰਘ ਚੱਕੀਵਾਲਾ ਬਲਾਕ ਪ੍ਰਧਾਨ ਨੇ ਸਪੀਕਰ ਸੰਧਵਾਂ ਦੇ ਧਿਆਨ ਵਿੱਚ ਲਿਆਂਦਾ ਕਿ ਜਦ ਕਦੇ ਨਗਰ ਦਾ ਮੇਨ ਚੌਂਕ ਟ੍ਰੈਫ਼ਿਕ ਜਾਂ ਕਿਸੇ ਹੋਰ ਸਮੱਸਿਆ ਕਾਰਨ ਬੰਦ ਰਹਿੰਦਾ ਹੈ ਤਾਂ ਫ਼ਰੀਦਕੋਟ ਅੰਮ੍ਰਿਤਸਰ ਨੂੰ ਸਾਰਾ ਟ੍ਰੈਫ਼ਿਕ ਇਸੇ ਰਸਤੇ ਗੁਜ਼ਰਦਾ ਹੈ ਤੇ ਸੜਕ ਦੇ ਇਸ ਬਨਣ ਵਾਲੇ ਟੋਟੇ ਕਾਰਨ ਇੱਥੋਂ ਲੰਘਣ ਵਾਲਿਆਂ ਨੂੰ ਬਹੁਤ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈਂਦਾ ਹੈ।

ਇਸ ਮੌਕੇ ਹਰਪ੍ਰੀਤ ਮੜ੍ਹਾਰ, ਗੋਲਡੀ, ਮਨੀ ਧਾਲੀਵਾਲ, ਚੇਅਰਮੈਨ ਮਾਰਕੀਟ ਕਮੇਟੀ ਗੁਰਮੀਤ ਸਿੰਘ ਆਰੇਵਾਲਾ, ਕਰਨੈਲ ਸਿੰਘ ਬਰਾੜ, ਗੁਰਜੀਤ ਮੱਤਾ, ਗੁਰਨੈਬ ਸਿੰਘ ਬਰਾੜ, ਸਵਰਨ ਵਿਰਦੀ, ਹਰਪ੍ਰੀਤ ਚਾਨੀ, ਰਜਿੰਦਰ ਸਿੰਘ ਚਾਨੀ ਤੇ ਹੋਰ ਕਾਫੀ ਮੁਹੱਲਾ ਵਾਸੀ ਹਾਜ਼ਰ ਸਨ।

## 86 ਗ੍ਰਾਮ ਹੈਰੋਇਨ ਸਮੇਤ 2 ਵਿਅਕਤੀ ਗ੍ਰਿਫ਼ਤਾਰ

**ਸ੍ਰੀ ਮੁਕਤਸਰ ਸਾਹਿਬ (ਸ਼ਮਿੰਦਰਪਾਲ, ਪੂਜਾ)**

ਭਾਗੀਰਥ ਸਿੰਘ ਮੀਨਾ ਐਸ.ਪੀ ਵੱਲੋਂ ਜ਼ਿਲ੍ਹੇ ਅੰਦਰ ਨਸ਼ਿਆਂ ਖਿਲਾਫ਼ ਵਿੱਢੀ ਮੁਹਿੰਮ ਤਹਿਤ ਥਾਣਾ ਲੱਖੇਵਾਲੀ ਪੁਲਸ ਵੱਲੋਂ 2 ਦੋਸ਼ੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਨ੍ਹਾਂ ਪਾਸੋਂ 86 ਗ੍ਰਾਮ ਹੈਰੋਇਨ ਨੂੰ ਬਰਾਮਦ ਕੀਤਾ ਗਿਆ ਹੈ। ਥਾਣਾ ਲੱਖੇਵਾਲੀ ਪੁਲਸ ਵੱਲੋਂ ਬ੍ਰਾਏ ਗਸ਼ਤ ਵਾ ਚੈਕਿੰਗ ਸ਼ੱਕੀ ਪੁਰਸ਼ਾਂ ਦੇ ਸਬੰਧ ਵਿੱਚ ਨੇੜੇ ਫਾਟਕ ਪਿੰਡ ਲੱਖੇਵਾਲੀ ਤੋਂ ਜਲਾਲਾਬਾਦ ਰੋਡ ਕੂਹਣੀ ਮੋੜ 'ਤੇ ਨਾਕੇਬੰਦੀ ਕੀਤੀ ਹੋਈ ਸੀ ਤਾਂ ਦੋ ਵਿਅਕਤੀ ਕਾਲੇ ਰੰਗ ਦਾ ਡੀਲਕਸ ਮੋਟਰਸਾਈਕਲ ਨੰਬਰੀ 61 0463 'ਤੇ ਆਉਂਦੇ ਦਿਖਾਈ ਦਿੱਤੇ, ਜਿਸ ਨੂੰ ਸ਼ੱਕ ਦੀ ਬਿਨ੍ਹਾ 'ਤੇ ਰੋਕ ਕੇ ਵਿਅਕਤੀਆਂ ਦਾ ਨਾਂਅ ਪੁੱਛਿਆ ਤਾਂ ਉਨ੍ਹਾਂ ਨੇ ਆਪਣਾ ਨਾਂਅ ਸੁਖਦੇਵ ਸਿੰਘ ਉਰਫ਼ ਸੁੱਖਾ ਪੁੱਤਰ ਦਰਸ਼ਨ ਸਿੰਘ ਅਤੇ ਦੂਜੇ ਵਿਅਕਤੀ ਨੇ ਆਪਣਾ ਨਾਂਅ ਜਸਵਿੰਦਰ ਸਿੰਘ ਉਰਫ ਬੱਬੂ ਪੁੱਤਰ ਦਰਸ਼ਨ ਸਿੰਘ ਵਾਸੀਆਨ ਕਾਠਗੜ੍ਹ ਜ਼ਿਲ੍ਹਾ ਫ਼ਾਜ਼ਿਲਕਾ ਦੱਸਿਆ। ਸ਼ੱਕ ਦੇ ਅਧਾਰ 'ਤੇ ਤਲਾਸ਼ੀ ਲੈਣ 'ਤੇ ਉਨ੍ਹਾਂ ਪਾਸੋਂ 86 ਗ੍ਰਾਮ ਹੈਰੋਇਨ ਬਰਾਮਦ ਹੋਈ, ਜਿਸ 'ਤੇ ਉਕਤ ਦੋਸ਼ੀਆਂ 'ਤੇ ਥਾਣਾ ਲੱਖੇਵਾਲੀ ਪੁਲਸ ਵੱਲੋਂ ਮੁਕੱਦਮਾ ਤਹਿਤ ਦਰਜ ਕਰ ਅਗਲੇਰੀ ਕਾਰਵਾਈ ਸ਼ੁਰੂ ਕੀਤੀ।

## ਪੰਜ ਰਚਨਾਕਾਰ ਡਾ. ਤਿਵਾੜੀ ਯਾਦਗਾਰੀ ਪੁਰਸਕਾਰ ਨਾਲ ਸਨਮਾਨਤ

**ਜੈਤੋ (ਸਤੀਸ਼ ਕੁਮਾਰ ਭੀਰੀ)**-ਸੀਨੀਅਰ ਅਧਿਆਪਕ ਤੇ ਲੇਖਕ



ਡਾ. ਐੱਸ. ਐਨ. ਤਿਵਾੜੀ ਸਮ੍ਰਿਤੀ ਸਨਮਾਨ ਇਸ ਸਾਲ ਪੰਜ ਲੇਖਕਾਂ ਨੂੰ ਦਿੱਤਾ ਗਿਆ। ਇਸ ਪੁਰਸਕਾਰ ਨਾਲ 24 ਦਸੰਬਰ ਨੂੰ ਬਾਅਦ ਦੁਪਿਹਰ ਇੰਦੌਰ ਪ੍ਰੈੱਸ ਕਲੱਬ ਦੇ ਰਾਜੇਂਦਰ ਮਾਥੁਰ ਆਡੀਟੋਰੀਅਮ 'ਚ ਆਯੋਜਤ ਇੱਕ ਸਮਾਗਮ 'ਚ ਇਨ੍ਹਾਂ ਰਚਨਾਕਾਰਾਂ ਨੂੰ ਸਨਮਾਨਤ ਕੀਤਾ ਗਿਆ। ਪ੍ਰੋਗਰਾਮ ਦੇ ਮੁੱਖ ਮਹਿਮਾਨ ਇੰਡੀਅਨ ਇੰਸਟੀਚਿਊਟ ਆਫ਼ ਮਾਸ ਕਮਿਊਨੀਕੇਸ਼ਨ (ਆਈਆਈਐਮਸੀ) ਦੇ ਸਾਬਕਾ ਡਾਇਰੈਕਟਰ ਜਨਰਲ ਪ੍ਰੋ. ਸੰਜੇ ਦਿਵੇਦੀ ਸਨ।

ਪ੍ਰੋਗਰਾਮ ਦੀ ਪ੍ਰਧਾਨਗੀ ਸਾਹਿਤ ਅਕਾਦਮੀ ਮੱਧ ਪ੍ਰਦੇਸ਼ ਦੇ ਡਾਇਰੈਕਟਰ ਡਾ. ਵਿਕਾਸ ਦਵੇ ਨੇ ਕੀਤੀ। ਵਿਸ਼ੇਸ਼ ਮਹਿਮਾਨ ਦੇ ਤੌਰ 'ਤੇ ਇੰਦੌਰ ਪ੍ਰੈੱਸ ਕਲੱਬ ਦੇ ਪ੍ਰਧਾਨ ਸ੍ਰੀ ਅਰਵਿੰਦ ਤਿਵਾੜੀ ਨੇ ਸ਼ਮੂਲੀਅਤ ਕੀਤੀ। ਸਮਾਗਮ ਵਿੱਚ ਵਿਚਾਰ ਪ੍ਰਚਾਰ ਸਾਹਿਤ ਮੰਚ, ਇੰਦੌਰ ਵੱਲੋਂ ਸਹਿਯੋਗ ਦਿੱਤਾ ਗਿਆ। ਸੀਨੀਅਰ ਸਾਹਿਤਕਾਰ ਡਾ. ਪਦਮ ਸਿੰਘ ਤੇ ਪ੍ਰਭੂ ਤ੍ਰਿਵੇਦੀ ਨੂੰ ਵਿਸ਼ੇਸ਼ ਸਾਹਿਤਕ ਯੋਗਦਾਨ ਪੁਰਸਕਾਰ, ਡਾ. ਗਰਿਮਾ ਸੰਜੇ ਦੂਬੇ ਨੂੰ ਸ਼ੈਲੀ ਆਧਾਰਤ ਸਨਮਾਨ ਲਈ ਚੁਣਿਆ ਗਿਆ ਹੈ, ਜਦੋਂਕਿ ਸ੍ਰੀਮਤੀ ਮਾਧੁਰੀ ਵਿਆਸ ਨੂੰ ਕਾਰਜ ਆਧਾਰਤ ਪੁਰਸਕਾਰ ਲਈ ਅਤੇ ਹਰਸ਼ਵਰਧਨ ਪ੍ਰਕਾਸ਼ ਨੂੰ ਪ੍ਰਤਿਭਾਸ਼ਾਲੀ ਨੌਜਵਾਨ ਰਚਨਾਕਾਰ ਪੁਰਸਕਾਰ ਲਈ ਚੁਣਿਆ ਗਿਆ ਹੈ। ਪ੍ਰਬੰਧਕੀ ਕਮੇਟੀ ਦੀ ਸਰਪ੍ਰਸਤ ਸ੍ਰੀਮਤੀ ਸੁਸਮਾ ਦੂਬੇ ਤੇ ਕੋਆਰਡੀਨੇਟਰ ਮੁਕੇਸ਼ ਤਿਵਾੜੀ ਨੇ ਦੱਸਿਆ ਕਿ ਡਾ. ਤਿਵਾੜੀ ਯਾਦਗਾਰੀ ਪੁਰਸਕਾਰ ਸਾਲ 2018 ਤੋਂ ਦਿੱਤਾ ਜਾ ਰਿਹਾ ਹੈ। ਇਹ ਸਨਮਾਨ ਦਾ ਛੇਵਾਂ ਸਾਲ ਹੈ।

# ਵਿਰਸਾ ਸੰਭਾਲ ਗੱਤਕਾ ਮੁਕਾਬਲੇ ਕਰਾਏ

### ਰਣਜੀਤ ਅਖਾੜਾ ਨਿਹੰਗ ਸਿੰਘਾਂ ਨੇ ਕੀਤਾ ਪਹਿਲਾ ਸਥਾਨ ਪ੍ਰਾਪਤ



**ਮਾਛੀਵਾੜਾ ਸਾਹਿਬ (ਸ਼ੈਂਕੀ ਸ਼ਰਮਾ, ਜਗਦੀਸ਼ ਰਾਏ)**-ਦਸਮ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯਾਦ ਨੂੰ ਸਮਰਪਤ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਸ਼੍ਰੋਮਣੀ ਗੱਤਕਾ ਫੈਡਰੇਸ਼ਨ ਆਫ਼ ਇੰਡੀਆ ਦੇ ਸਹਿਯੋਗ ਨਾਲ ਵਿਰਸਾ ਸੰਭਾਲ ਗੱਤਕਾ (ਸ਼ਸਤਰ ਵਿੱਦਿਆ) ਮੁਕਾਬਲੇ ਗੁਰਦੁਆਰਾ ਸ੍ਰੀ ਚਰਨ ਕੰਵਲ ਸਾਹਿਬ ਵਿਖੇ ਕਰਾਏ ਗਏ, ਜਿਸ ਵਿੱਚ 10 ਟੀਮਾਂ ਨੇ ਆਪਣੀ ਕਲਾ ਦੇ ਜੌਹਰ ਦਿਖਾਏ।

ਗੱਤਕਾ ਫੈਡਰੇਸ਼ਨ ਦੇ ਚੇਅਰਮੈਨ ਅਤੇ ਚਿੱਤਰਕਾਰ ਜਗਦੀਸ਼ ਸਿੰਘ ਬਰਾੜ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦਾ ਉਦਘਾਟਨ ਬਾਬਾ ਮੋਹਣ ਸਿੰਘ ਬਾਰਨ ਵਾਲੇ, ਸਾਬਕਾ ਸੰਸਦੀ ਸਕੱਤਰ ਬਿਕਰਮਜੀਤ ਸਿੰਘ ਖਾਲਸਾ, ਅਕਾਲੀ ਦਲ ਦੇ ਮੁੱਖ ਸੇਵਾਦਾਰ ਪਰਮਜੀਤ ਸਿੰਘ ਢਿੱਲੋਂ ਤੇ ਸ਼੍ਰੋਮਣੀ ਕਮੇਟੀ ਮੈਂਬਰ ਹਰਜਤਿੰਦਰ ਸਿੰਘ ਬਾਜਵਾ ਵਲੋਂ ਸੰਯੁਕਤ ਰੂਪ ਵਿਚ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ 'ਚੋਂ ਰਣਜੀਤ ਅਖਾੜਾ ਨਿਹੰਗ ਸਿੰਘਾਂ ਪਟਿਆਲਾ ਨੇ ਪਹਿਲਾ ਸਥਾਨ ਪ੍ਰਾਪਤ ਕੀਤਾ, ਜਦਕਿ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਗੱਤਕਾ ਅਖਾੜਾ ਮੁੱਲਾਂਪੁਰ ਨੇ ਦੂਜਾ ਤੇ ਸਾਹਿਬਜ਼ਾਦਾ ਬਾਬਾ ਫ਼ਤਹਿ ਸਿੰਘ ਗੱਤਕਾ ਅਕੈਡਮੀ ਫਤਹਿਗੜ੍ਹ ਸਾਹਿਬ ਨੇ ਤੀਜਾ ਸਥਾਨ ਹਾਸਲ ਕੀਤਾ। ਇਸ ਤੋਂ ਇਲਾਵਾ ਵਿਅਕਤੀਗਤ ਤੌਰ 'ਤੇ ਰਵੀ ਸਿੰਘ ਮੁੱਲਾਂਪੁਰ ਨੇ ਪਹਿਲਾ, ਮਨਪ੍ਰੀਤ ਸਿੰਘ ਸਿੰਘਪੁਰਾ ਨੇ ਦੂਜਾ ਅਤੇ ਗੁਰਵਿੰਦਰ ਸਿੰਘ ਮਾਛੀਵਾੜਾ ਤੇ ਵੀਰ ਦਵਿੰਦਰ ਸਿੰਘ ਮੋਹਾਲੀ ਨੇ ਤੀਜਾ ਸਥਾਨ ਪ੍ਰਾਪਤ ਕੀਤਾ।

## ਸੰਯੁਕਤ ਕਿਸਾਨ ਮੋਰਚੇ ਵੱਲੋਂ ਜਨਵਰੀ 'ਚ ਆਲ ਇੰਡੀਆ ਕਿਸਾਨ ਕਾਨਫਰੰਸ ਬੁਲਾਉਣ ਦਾ ਫ਼ੈਸਲਾ

**ਲੁਧਿਆਣਾ (ਐਮ.ਐਸ.ਭਾਟੀਆ)**-ਕਿਸਾਨ ਮੋਰਚਾ ਦੀ ਕੌਮੀ ਤਾਲਮੇਲ ਕਮੇਟੀ ਤੇ ਜਨਰਲ ਇਜਲਾਸ ਦੀ ਦੋ ਰੋਜ਼ਾ ਮੀਟਿੰਗ ਨਵੀਂ ਦਿੱਲੀ ਵਿੱਚ ਹੋਈ। ਮੀਟਿੰਗ ਵਿੱਚ ਸਾਂਝੇ ਕਿਸਾਨ ਮੋਰਚੇ ਦੀਆਂ ਮੁੱਖ ਮੰਗਾਂ ਸਾਰੀਆਂ ਫ਼ਸਲਾਂ ਦੀ ਖਰੀਦ ਲਈ ਸੀ 2+50% ਦੀ ਦਰ ਨਾਲ ਐਮ.ਐਸ.ਪੀ ਦੀ ਕਾਨੂੰਨੀ ਗਾਰੰਟੀ, ਕਰਜ਼ਾ ਮੁਆਫ਼ੀ ਰਾਹੀਂ ਕਿਸਾਨਾਂ ਨੂੰ ਕਰਜ਼ਾ ਮੁਕਤ ਕਰਨਾ, ਬਿਜਲੀ ਦਾ ਨਿੱਜੀਕਰਨ ਬੰਦ ਕਰਨਾ, ਕੇਂਦਰੀ ਗ੍ਰਹਿ ਰਾਜ ਮੰਤਰੀ ਅਜੇ ਮਿਸ਼ਰਾ ਟੈਨੀ, ਲਖੀਮਪੁਰ ਖੀਰੀ ਕਤਲੇਆਮ ਦੇ ਮੁੱਖ ਸਾਜ਼ਿਸ਼ਕਰਤਾਵਾਂ ਨੂੰ ਬਰਖਾਸਤ ਕਰਨ ਅਤੇ ਮੁਕੱਦਮੇ ਚਲਾਉਣ ਦੇ ਨਾਲ-ਨਾਲ ਹੋਰ ਮੰਗਾਂ ਨੂੰ ਪ੍ਰਾਪਤ ਕਰਨ ਲਈ ਇੱਕ ਕਾਰਜ ਯੋਜਨਾ ਦਾ ਐਲਾਨ ਕਰਨ ਲਈ ਜਨਵਰੀ 2024 ਵਿੱਚ ਪੰਜਾਬ ਵਿੱਚ ਇੱਕ ਆਲ ਇੰਡੀਆ ਕਿਸਾਨ ਕਾਨਫਰੰਸ ਬੁਲਾਉਣ ਦਾ ਫੈਸਲਾ ਕੀਤਾ ਗਿਆ ਸੀ। ਰਾਸ਼ਟਰੀ ਕਾਨਫਰੰਸ ਕਾਰਪੋਰੇਟ ਰਾਜ ਅਧੀਨ ਗੰਭੀਰ ਖੇਤੀ ਸੰਕਟ ਨੂੰ ਹੱਲ ਕਰਨ, ਕਿਸਾਨ ਸੰਘਰਸ਼ ਨੂੰ ਤੇਜ਼ ਕਰਨ ਅਤੇ ਕਾਰਪੋਰੇਟ ਫਿਰਕੂ ਗਠਜੋੜ ਵਿਰੁੱਧ ਦੇਸ ਭਰ ਦੇ ਕਿਸਾਨਾਂ ਅਤੇ ਮਜ਼ਦੂਰਾਂ ਦੀ ਏਕਤਾ ਨੂੰ ਮਜਬੂਤ ਕਰਨ ਲਈ ਵਿਕਲਪਕ ਵਿਕਾਸ ਨੀਤੀ 'ਤੇ ਚਰਚਾ ਕਰੇਗੀ। ਮੀਟਿੰਗ ਵਿੱਚ ਉਲੰਪਿਕ ਤਮਗਾ ਜੇਤੂ ਸਾਕਸੀ ਮਲਿਕ ਨਾਲ ਇਕਜੁਟਤਾ ਪ੍ਰਗਟਾਈ, ਜਿਸ ਨੇ ਮਹਿਲਾ ਪਹਿਲਵਾਨਾਂ ਦਾ ਜਿਨਸੀ ਸੋਸ਼ਣ ਕਰਨ ਦੇ ਦੋਸ਼ 'ਚ ਭਾਜਪਾ ਸੰਸਦ ਬ੍ਰਿਜ ਭੂਸ਼ਣ ਸ਼ਰਨ ਸਿੰਘ ਦੇ ਕਰੀਬੀ ਸਹਿਯੋਗੀ ਦੀ ਚੋਣ ਦੇ ਵਿਰੋਧ 'ਚ ਕੁਸ਼ਤੀ ਛੱਡ ਦਿੱਤੀ ਹੈ। ਭਾਰਤ ਭਰ ਵਿੱਚ ਰਾਜ ਭਵਨ ਦੇ ਸਾਹਮਣੇ 26 ਤੋਂ 28 ਨਵੰਬਰ ਤੱਕ ਕੀਤੇ ਗਏ ਤਿੰਨ ਦਿਨਾਂ ਮਹਾਪੜਾਅ ਨੂੰ ਸਫਲ ਬਣਾਉਣ ਲਈ ਭਾਰਤ ਦੇ ਲੱਖਾਂ ਕਿਸਾਨਾਂ ਅਤੇ ਮਜ਼ਦੂਰਾਂ ਨੂੰ ਵਧਾਈ ਦਿੱਤੀ ਗਈ। ਇਸ ਸੰਘਰਸ ਨੇ ਕਿਸਾਨਾਂ ਅਤੇ ਮਜ਼ਦੂਰਾਂ ਦੀਆਂ ਮੁੱਖ ਮੰਗਾਂ ਨੂੰ ਲੋਕਾਂ ਦੇ ਧਿਆਨ ਵਿੱਚ ਲਿਆਂਦਾ ਅਤੇ ਇਹ ਆਜ਼ਾਦੀ ਤੋਂ ਬਾਅਦ ਸੰਯੁਕਤ ਕਿਸਾਨ ਮੋਰਚਾ ਅਤੇ ਕੇਂਦਰੀ ਟਰੇਡ ਯੂਨੀਅਨਾਂ/ਫੈਡਰੇਸ਼ਨਾਂ ਦੇ ਸਾਂਝੇ ਮੰਚ ਦਾ ਪਹਿਲਾ ਵੱਡਾ ਸਾਂਝਾ ਐਕਸ਼ਨ ਸੀ।

## ਬੁਲਟ ਦੇ ਪਟਾਕੇ ਪਾਉਣ ਤੇ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਵਾਲਿਆਂ ਦੇ ਚਲਾਨ ਕੱਟੇ



**ਸਮਾਣਾ (ਪੱਤਰ ਪ੍ਰੇਰਕ)**-ਸ਼ਹਿਰ ਦੇ ਮੇਨ ਰੋਡ ਵਿਖੇ ਟ੍ਰੈਫ਼ਿਕ ਇੰਚਾਰਜ ਸੁਖਵਿੰਦਰ ਸਿੰਘ ਵੱਲੋਂ ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲੇ ਸਕੂਟਰ, ਬੁਲਟ ਮੋਟਰਸਾਇਕਲ ਦੇ ਚਲਾਨ ਕੱਟੇ ਗਏ। ਇਸ ਮੌਕੇ ਤਾਇਨਾਤ ਟ੍ਰੈਫ਼ਿਕ ਕ੍ਰਮਚਾਰੀਆਂ ਵਲੋਂ ਵਾਹਨਾਂ ਚਾਲਕਾਂ ਨੂੰ ਟ੍ਰੈਫਿਕ ਨਿਯਮਾਂ ਸਬੰਧੀ ਸੁਚੇਤ ਵੀ ਕੀਤਾ ਗਿਆ ਅਤੇ ਟ੍ਰੈਫਿਕ ਇੰਚਾਰਜ ਸੁਖਵਿੰਦਰ ਸਿੰਘ ਵਲੋਂ ਬੱਚਿਆਂ ਦੇ ਮਾਪਿਆਂ ਨੂੰ ਅਪੀਲ ਕੀਤੀ ਕਈ ਉਹ ਛੋਟੀ ਉਮਰ ਦੇ ਬੱਚਿਆਂ ਨੂੰ ਕੋਈ ਵਾਹਨ ਨਾ ਚਲਾਉਣ ਦੇਣ ਤਾਂ ਜੁ ਕਿਸੇ ਵੀ ਤਰਾਂ ਦੀ ਕੋਈ ਅਣਸੁਖਾਵੀਂ ਘਟਨਾ ਨਾ ਵਾਪਰ ਸਕੇ। ਲੋਕ ਮਾਨਯੋਗ ਸੁਪਰੀਮ ਕੋਰਟ ਦੇ ਫ਼ੈਸਲੇ ਨੂੰ ਵੀ ਟਿੱਚ ਸਮਝਦੇ ਨੇ ਜਾਂ ਫਿਰ ਪੁਲਸ ਸੁਪਰੀਮ ਕੋਰਟ ਦੇ ਫੈਸਲੇ ਲਾਗੂ ਕਰਾਉਣ ਵਿੱਚ ਅਸਫ਼ਲ ਹੈ, ਜੇਕਰ ਪੰਜਾਬ ਪੁਲਿਸ ਵੀ ਚੰਡੀਗੜ੍ਹ ਪੁਲਸ ਜਾਂ ਦਿੱਲੀ ਪੁਲਸ ਵਾਂਗ ਰਾਜਨੀਤਕ ਜਾਂ ਸਮਾਜਿਕ ਲੋਕਾਂ ਦੇ ਚਲਾਣ ਕੱਟਣ ਵਕਤ ਫੋਨ ਨਾ ਸੁਣੇ, ਟ੍ਰੈਫ਼ਿਕ ਨਿਯਮਾਂ ਦੀ ਉਲੰਘਣਾ ਕਰਨ ਵਾਲਿਆਂ ਦੇ ਚਲਾਣ ਕੱਟੇ ਲੋਕ ਆਪਣੇ ਆਪ ਮਾਨਯੋਗ ਸੁਪਰੀਮ ਕੋਰਟ ਦੇ ਫੈਸਲੇ 'ਤੇ ਅਮਲ ਕਰਨਾ ਸੁਰੂ ਕਰ ਦੇਣਗੇ। ਇਸ ਮੌਕੇ ਟ੍ਰੈਫ਼ਿਕ ਕ੍ਰਮਚਾਰੀ ਸੁਸ਼ਵਿੰਦਰ ਸਿੰਘ, ਹਰਜੀਤ ਸਿੰਘ ਤੇ ਜਸਪਾਲ ਸਿੰਘ ਹਾਜ਼ਰ ਸਨ।

## ਮਾਪੇ-ਅਧਿਆਪਕ ਮਿਲਣੀ ਕਰਾਈ ਗਈ

**ਅਜੀਤਵਾਲ (ਨਛੱਤਰ ਸੰਧੂ)**-ਹੋਲੀ ਹਾਰਟ ਸਕੂਲ ਵਿਖੇ ਨਰਸਰੀ ਜਮਾਤ ਤੋਂ ਲੈ ਕੇ 12ਵੀਂ ਜਮਾਤ ਤੱਕ ਮਾਪੇ-ਅਧਿਆਪਕ ਮਿਲਣੀ ਕਰਾਈ ਗਈ। ਇਸ ਮਾਪੇ-ਅਧਿਆਪਕ ਮਿਲਣੀ ਵਿੱਚ ਦਸੰਬਰ 'ਚ ਹੋਏ ਪੀ.ਟੀ-2 ਦੇ ਇਮਤਿਹਾਨਾਂ ਦਾ ਨਤੀਜਾ ਕੱਢਿਆ ਗਿਆ। ਪ੍ਰੀਖਿਆ ਵਿੱਚੋਂ ਵਿਦਿਆਰਥੀਆ ਨੇ ਮੱਲ੍ਹਾਂ ਮਾਰਦੇ ਹੋਏ ਚੰਗੇ ਅੰਕ ਪ੍ਰਾਪਤ ਕਰ ਕੇ ਮਾਪਿਆਂ ਅਤੇ ਅਧਿਆਪਕਾਂ ਦਾ ਨਾਂਅ ਰੌਸ਼ਨ ਕੀਤਾ। ਅਧਿਆਪਕਾਵਾਂ ਦੁਆਰਾ ਮਾਪਿਆਂ ਨੂੰ ਬੱਚਿਆ ਦੇ ਮਾਰਚ ਨਤੀਜੇ ਵਿੱਚ ਹੋਰ ਜ਼ਿਆਦਾ ਸਖਤ ਮਿਹਨਤ ਕਰਾਉਣ ਲਈ ਕਿਹਾ। ਅਧਿਆਪਕਾਂ ਵੱਲੋਂ ਵਿਦਿਆਰਥੀਆਂ ਦੇ ਮਾਪਿਆਂ ਨੂੰ ਬੱਚਿਆਂ ਦੀ ਪੜ੍ਹਾਈ ਬਾਰੇ ਵੀ ਜਾਗਰੂਕ ਕੀਤਾ ਤੇ ਨਾਲ ਹੀ ਬੱਚਿਆਂ ਨੂੰ ਹੋਰ ਜਿਆਦਾ ਮਿਹਨਤ ਕਰਨ ਲਈ ਉਤਸ਼ਾਹਤ ਕੀਤਾ ਤੇ ਨਾਲ ਹੀ ਸਕੂਲ ਦੇ ਅਧਿਆਪਕਾਂ ਦੁਆਰਾ ਸਕੂਲ ਨੂੰ ਚਾਰ ਸਾਹਿਬਜ਼ਾਦਿਆਂ ਦੀ ਕੁਰਬਾਨੀ ਨੂੰ ਦਰਸਾਇਆ ਗਿਆ। ਅਧਿਆਪਕਾਂ ਦੁਆਰਾ ਬੱਚਿਆਂ ਨੂੰ ਦੱਸਿਆ ਗਿਆ ਕਿ ਚਾਰ ਸਾਹਿਬਜਾਦਿਆ ਨੇ ਸਿੱਖ ਕੌਮ ਲਈ ਕਿਵੇਂ ਕੁਰਬਾਨੀ ਦਿੱਤੀ। ਗੁਰੂ ਗੋਬਿੰਦ ਸਿੰਘ ਜੀ ਦੇ ਪਰਵਾਰ ਬਾਰੇ ਪੂਰਾ ਚਾਨਣਾ ਪਾਇਆ ਗਿਆ ਅਤੇ ਹੁਣ ਚੱਲਦੇ ਪੋਹ ਮਹੀਨੇ ਦੇ ਦਿਨਾਂ ਬਾਰੇ ਵੀ ਦੱਸਿਆ ਗਿਆ। ਇਸ ਮੌਕੇ ਸਕੂਲ ਚੇਅਰਮੈਨ ਸੁਭਾਸ਼ ਪਲਤਾ, ਡਾਇਰੈਕਟਰ ਅਮਿਤ ਪਲਤਾ, ਸ਼੍ਰੈਆ ਪਲਤਾ ਤੇ ਸਕੂਲ ਪ੍ਰਿੰਸੀਪਲ ਸਾਕਸ਼ੀ ਗੁਲੇਰੀਆ ਨੇ ਕਿਹਾ ਕਿ ਇਸ ਮਾਪੇ-ਅਧਿਆਪਕ ਮਿਲਣੀ ਦੌਰਾਨ ਵਿਦਿਆਰਥੀਆਂ ਦੇ ਮਾਪਿਆਂ ਨੇ ਸਕੂਲ ਦੀ ਹੋਰ ਤਰੱਕੀ ਤੇ ਵਿਕਾਸ ਨੂੰ ਮੁੱਖ ਰੱਖਦਿਆਂ ਸਕੂਲ ਚੇਅਰਮੈਨ ਅਤੇ ਪ੍ਰਿੰਸੀਪਲ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਚੇਅਰਮੈਨ ਸੁਭਾਸ਼ ਪਲਤਾ ਨੇ ਕਿਹਾ ਕਿ ਅਗਲੇ ਸੈਸ਼ਨ 'ਚ ਹੋਰ ਵੀ ਬਹੁਤ ਕੁਝ ਨਵਾਂ ਬੱਚਿਆਂ ਨੂੰ ਸਿੱਖਣ ਲਈ ਮਿਲੇਗਾ।

# ਸੂਬਾ ਪੱਧਰੀ ਖੱਤਰੀ ਮਹਾਂ ਸਭਾ ਪੰਜਾਬ ਦਾ ਹੋਇਆ ਗਠਨ



**ਮੋਗਾ (ਅਮਰਜੀਤ ਬੱਬਰੀ)**

ਖੱਤਰੀ ਸਭਾ ਮੋਗਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਅਤੇ ਪ੍ਰਧਾਨ ਡਾਕਟਰ ਐੱਮ ਐੱਲ ਜੈਦਕਾ ਦੇ ਸੱਦੇ 'ਤੇ ਖੱਤਰੀ ਸਭਾ ਦੇ ਹੈਡਕੁਆਰਟਰ ਖੱਤਰੀ ਭਵਨ ਵਿਖੇ ਪੰਜਾਬ ਦੇ ਵੱਖ-ਵੱਖ ਸ਼ਹਿਰਾਂ ਤੇ ਕਸਬਿਆਂ ਵਿਚੋਂ ਖੱਤਰੀ ਬਿਰਾਦਰੀ ਦੇ ਸਿਰਕੱਢ ਆਗੂਆਂ ਤੇ ਵੱਖ ਵੱਖ ਸਥਾਨਕ ਸਭਾਵਾਂ ਦੇ ਪ੍ਰਤੀਨਿਧੀਆਂ ਨੇ ਇੱਕ ਅਹਿਮ ਮੀਟਿੰਗ ਕੀਤੀ।ਮੀਟਿੰਗ ਦੀ ਪ੍ਰਧਾਨਗੀ ਲੁਧਿਆਣਾ ਤੋਂ ਅਮਰ ਸ਼ਹੀਦ ਸੁਖਦੇਵ ਥਾਪਰ ਮੈਮੋਰੀਅਲ ਟਰੱਸਟ ਦੇ ਰਾਸ਼ਟਰੀ ਪ੍ਰਧਾਨ ਅਸ਼ੋਕ ਥਾਪਰ ਨੇ ਕੀਤੀ ਅਤੇ ਮੰਚ ਸੰਚਾਲਨ ਖੱਤਰੀ ਸਭਾ ਦੇ ਚੇਅਰਮੈਨ ਵਿਜੇ ਧੀਰ ਐਡਵੋਕੇਟ ਨੇ ਕੀਤਾ।

ਮੀਟਿੰਗ ਸਥਾਨ 'ਤੇ ਪੁੱਜਣ 'ਤੇ ਬਾਹਰੋਂ ਆਏ ਪ੍ਰਤੀਨਿਧੀਆਂ ਦਾ ਖੱਤਰੀ ਸਭਾ, ਮਹਿਲਾ ਖੱਤਰੀ ਸਭਾ ਅਤੇ ਯੁਵਾ ਖੱਤਰੀ ਸਭਾ ਮੋਗਾ ਦੇ ਅਹੁਦੇਦਾਰਾਂ ਨੇ ਫੁੱਲ ਮਾਲਾਵਾਂ ਪਹਿਨਾ ਕੇ ਨਿੱਘਾ ਸਵਾਗਤ ਕੀਤਾ, ਜਿਨ੍ਹਾਂ ਸਥਾਨਾਂ ਤੋਂ ਖੱਤਰੀ ਸਭਾ ਦੇ ਪ੍ਰਤੀਨਿਧੀਆਂ ਨੇ ਸ਼ਿਰਕਤ ਕੀਤੀ ਉਨ੍ਹਾਂ ਵਿੱਚ ਮੋਗਾ, ਲੁਧਿਆਣਾ, ਫ਼ਿਰੋਜ਼ਪੁਰ, ਫਗਵਾੜਾ, ਸੁਨਾਮ, ਧੂਰੀ, ਹੁਸ਼ਿਆਰਪੁਰ, ਅੰਮ੍ਰਿਤਸਰ, ਸੁਲਤਾਨਪੁਰ ਲੋਧੀ, ਬੱਧਨੀ ਕਲਾਂ, ਬਾਘਾਪੁਰਾਣਾ, ਧਰਮਕੋਟ, ਕੋਟ ਈਸੇ ਖ਼ਾਂ, ਤਲਵੰਡੀ ਮੱਲੀਆਂ ਸ਼ਾਮਲ ਸਨ।

ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਤੀਨਿਧੀਆਂ ਨੇ ਭਗਵਾਨ ਸ੍ਰੀ ਰਾਮ ਚੰਦਰ ਜੀ ਦੇ ਸਰੂਪ 'ਤੇ ਫੁੱਲ ਮਾਲਾਵਾਂ ਅਰਪਿਤ ਕੀਤੀਆਂ। ਉਪਰੰਤ ਅਸ਼ੋਕ ਥਾਪਰ ਅਤੇ ਵਿਪਨ ਵਿਨਾਇਕ ਨੇ ਅਮਰ ਸ਼ਹੀਦ ਸੁਖਦੇਵ ਥਾਪਰ, ਖੱਤਰੀ ਸਭਾ ਪੰਜਾਬ ਦੇ ਪਹਿਲੇ ਚੁਣੇ ਗਏ ਪ੍ਰਦੇਸ਼ ਪ੍ਰਧਾਨ ਸਵਰਗੀ ਕੇ ਕੇ ਪੁਰੀ ਅਤੇ ਖੱਤਰੀ ਸਭਾ ਮੋਗਾ ਦੇ ਪੈਟਰਨ ਸਵਰਗੀ ਪ੍ਰੇਮ ਭੰਡਾਰੀ ਦੇ ਚਿੱਤਰ ਤੇ ਫੁੱਲ ਮਾਲਾਵਾਂ ਭੇਂਟ ਕਰਕੇ ਉਨ੍ਹਾਂ ਨੂੰ ਨਿੱਘੀ ਸ਼ਰਧਾਂਜਲੀ ਦਿੱਤੀ।ਸ਼ਹਿਰਾਂ ਤੇ ਕਸਬਿਆਂ ਤੋਂ ਆਏ ਪ੍ਰਤੀਨਿਧੀਆਂ ਨੇ ਵਿਚਾਰ ਪ੍ਰਗਟ ਕਰਦਿਆਂ ਪੰਜਾਬ ਦੀ ਖੱਤਰੀ ਬਿਰਾਦਰੀ ਦੀ ਪੰਜਾਬ ਵਿੱਚ ਸੰਗਠਿਤ ਬਿਰਾਦਰੀ ਦੀ ਪਛਾਣ ਬਣਾਉਣ ਲਈ ਸੂਬਾ ਪੱਧਰੀ ਨਵੇਂ ਸੰਗਠਨ ਖੱਤਰੀ ਮਹਾਂਸਭਾ ਪੰਜਾਬ ਦਾ ਗਠਨ ਕੀਤਾ।

ਇਸ ਮੌਕੇ ਹਾਜ਼ਰ ਪ੍ਰਤੀਨਿਧੀਆਂ ਨੇ ਸਰਬਸੰਮਤੀ ਨਾਲ ਅਮਰ ਸ਼ਹੀਦ ਸੁਖਦੇਵ ਥਾਪਰ ਮੈਮੋਰੀਅਲ ਟਰੱਸਟ ਦੇ ਰਾਸ਼ਟਰੀ ਪ੍ਰਧਾਨ ਅਸ਼ੋਕ ਥਾਪਰ ਨੂੰ ਨਵੀਂ ਬਣੀ ਖੱਤਰੀ ਮਹਾਂਸਭਾ ਪੰਜਾਬ ਦਾ ਹਾਈਕਮਾਂਡ, ਵਿਜੇ ਧੀਰ ਮੋਗਾ ਪ੍ਰਦੇਸ਼ ਪ੍ਰਧਾਨ ਸੁਨਾਮ ਤੋਂ ਤਰੁਣ ਬੰਦਾ ਨੂੰ ਸੂਬਾ ਵਰਕਿੰਗ ਪ੍ਰਧਾਨ, ਧਰਮਕੋਟ ਤੋਂ ਸੰਜੀਵ ਕੋਛੜ ਨੂੰ ਪ੍ਰਦੇਸ਼ ਮੁੱਖ ਬੁਲਾਰਾ, ਫਿਰੋਜ਼ਪੁਰ ਤੋਂ ਪਵਨ ਭੰਡਾਰੀ ਅਤੇ ਫਗਵਾੜਾ ਦੇ ਰਮਨ ਨਹਿਰਾ ਨੂੰ ਪ੍ਰਦੇਸ਼ ਜਨਰਲ ਸਕੱਤਰ, ਵਿਪਨ ਵਿਨਾਇਕ ਲੁਧਿਆਣਾ, ਦਿਨੇਸ਼ ਧੀਰ ਸੁਲਤਾਨਪੁਰ ਲੋਧੀ, ਸੁਦਰਸ਼ਨ ਧੀਰ ਸਾਬਕਾ ਕੌਂਸਲਰ ਹੁਸ਼ਿਆਰਪੁਰ ਨੂੰ ਸੀਨੀਅਰ ਮੀਤ ਪ੍ਰਧਾਨ, ਵਿਜੇ ਧੀਰ ਕੋਟ ਈਸੇ ਖ਼ਾਂ ਨੂੰ ਚੀਫ ਪੈਟਰਨ, ਸੰਦੀਪ ਹਾਂਡਾ ਤਲਵੰਡੀ ਮੱਲੀਆਂ ਨੂੰ ਯੁਵਾ ਪ੍ਰਦੇਸ਼ ਚੇਅਰਮੈਨ ਅਤੇ ਅਮਨ ਤਲਵਾੜ ਮੋਗਾ ਨੂੰ ਯੁਵਾ ਖੱਤਰੀ ਮਹਾਂਸਭਾ ਜ਼ਿਲ੍ਹਾ ਮੋਗਾ ਦਾ ਪ੍ਰਧਾਨ ਚੁਣ ਲਿਆ ਗਿਆ।

ਮੁੱਖ ਬੁਲਾਰੇ ਸੰਦੀਪ ਕੋਛੜ ਨੇ ਕਿਹਾ ਕਿ ਯੁਵਾ ਖੱਤਰੀ ਮਹਾਂਸਭਾ ਪੰਜਾਬ ਅਤੇ ਮਹਿਲਾ ਖੱਤਰੀ ਮਹਾਂਸਭਾ ਪੰਜਾਬ ਦੇ ਪ੍ਰਦੇਸ਼ ਪ੍ਰਧਾਨਾਂ ਦੀ ਨਿਯੁਕਤੀ ਜਲਦੀ ਕਰ ਦਿੱਤੀ ਜਾਵੇਗੀ।

## ਤੇਜ਼ ਰਫਤਾਰ ਕਾਰ ਦੀ ਲਪੇਟ 'ਚ ਆਉਣ ਕਾਰਨ ਮਜ਼ਦੂਰ ਦੀ ਮੌਤ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਪਿੰਡ ਕੰਗਣਪੁਰ ਚ ਇਕ ਤੇਜ਼ ਰਫਤਾਰ ਕਾਰ ਨੇ ਸੜਕ ਤੇ ਪੈਦਲ ਜਾ ਰਹੇ ਮਜ਼ਦੂਰ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ।ਮਜ਼ਦੂਰ ਦੀ ਗੰਭੀਰ ਸੱਟਾਂ ਲੱਗਣ ਕਾਰਨ ਮੌਕੇ 'ਤੇ ਹੀ ਮੌਤ ਹੋ ਗਈ।ਥਾਣਾ ਸਦਰ ਸਿਰਸਾ ਦੀ ਪੁਲਸ ਨੇ ਮੌਕੇ ਤੇ ਪਹੁੰਚ ਕੇ ਮ੍ਰਿਤਕ ਦੇ ਲੜਕੇ ਦੇ ਬਿਆਨ ਦਰਜ਼ ਕਰਕੇ ਅਣਪਛਾਤੇ ਵਾਹਨ ਚਾਲਕ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ।ਜਾਣਕਾਰੀ ਅਨੁਸਾਰ ਪਿੰਡ ਕੰਗਣਪੁਰ ਦਾ ਰਹਿਣ ਵਾਲਾ 50 ਸਾਲਾ ਸ਼ੰਕਰ ਲਾਲ ਮਜ਼ਦੂਰੀ ਕਰਦਾ ਸੀ ਤੇ ਰਾਤ ਸਮੇਂ ਉਹ ਮਜ਼ਦੂਰੀ ਕਰਕੇ ਆਪਣੇ ਘਰ ਜਾ ਰਿਹਾ ਸੀ ਕਿ ਰਸਤੇ ਵਿੱਚ ਇੱਕ ਤੇਜ਼ ਰਫ਼ਤਾਰ ਸੈਂਟਰੋ ਕਾਰ ਨੇ ਉਸ ਨੂੰ ਟੱਕਰ ਮਾਰ ਕੇ ਕੁਚਲ ਦਿੱਤਾ ਤੇ ਡਰਾਈਵਰ ਕਾਰ ਸਮੇਤ ਮੌਕੇ ਤੋਂ ਫਰਾਰ ਹੋ ਗਿਆ।ਰਾਹਗੀਰਾਂ ਨੇ ਘਟਨਾ ਦੀ ਸੂਚਨਾ ਪੁਲਸ ਨੂੰ ਦਿੱਤੀ। ਜਾਂਚ ਅਧਿਕਾਰੀ ਸ਼ਮਸ਼ੇਰ ਸਿੰਘ ਦਾ ਕਹਿਣਾ ਹੈ ਕਿ ਪੁਲਿਸ ਨੂੰ ਕਾਰ ਦਾ ਨੰਬਰ ਪਤਾ ਲੱਗ ਗਿਆ ਹੈ।ਡਰਾਈਵਰ ਦੀ ਪਛਾਣ ਤੋਂ ਬਾਅਦ ਡਰਾਈਵਰ ਨੂੰ ਗ੍ਰਿਫ਼ਤਾਰ ਕਰ ਲਿਆ ਜਾਵੇਗਾ।

## 50 ਲੱਖ ਦੀ ਹੈਰੋਇਨ ਸਮੇਤ ਦੋ ਕਾਬੂ

**ਸਿਰਸਾ (ਸੁਰਿੰਦਰ ਪਾਲ ਸਿੰਘ)**-ਨਸ਼ਿਆਂ ਵਿਰੁਧ ਚੱਲ ਰਹੀ ਜ਼ੋਰਦਾਰ ਮੁਹਿੰਮ ਤਹਿਤ ਸਿਰਸਾ ਅਤੇ ਕਾਲਾਂਵਾਲੀ ਪੁਲਿਸ ਨੇ ਦੋ ਨੌਜਵਾਨਾਂ ਨੂੰ ਕਰੀਬ 50 ਲੱਖ ਰੁਪਏ ਦੀ ਹੈਰੋਇਨ ਸਮੇਤ ਕਾਬੂ ਕੀਤਾ ਹੈ, ਜੋ ਪੰਜਾਬ ਤੋਂ ਹੈਰੋਇਨ ਲੈ ਕੇ ਸਿਰਸਾ ਵਿੱਚ ਸਪਲਾਈ ਕਰਨ ਲਈ ਆ ਰਹੇ ਸਨ।ਕਾਲਾਂਵਾਲੀ ਸੀਆਈਏ ਪੁਲਸ ਨੇ ਉਨ੍ਹਾਂ ਨੂੰ ਰਸਤੇ ਵਿੱਚ ਨਸ਼ੀਲੇ ਪਦਾਰਥਾਂ ਸਮੇਤ ਕਾਬੂ ਕੀਤਾ ਤਾਂ ਤਲਾਸ਼ੀ ਦੌਰਾਨ 402 ਗ੍ਰਾਮ ਹੈਰੋਇਨ ਬਰਾਮਦ ਹੋਈ।ਥਾਣਾ ਕਾਲਾਂਵਾਲੀ ਪੁਲਿਸ ਨੂੰ ਸੂਚਨਾ ਮਿਲੀ ਕਿ ਪੰਜਾਬ ਤੋਂ ਦੋ ਤਸਕਰ ਲੱਖਾਂ ਰੁਪਏ ਦੀ ਹੈਰੋਇਨ ਦੀ ਸਪਲਾਈ ਕਰਨ ਲਈ ਸਿਰਸਾ ਆ ਰਹੇ ਹਨ।ਇਸ ਮਗਰੋਂ ਪੁਲਸ ਨੂੰ ਪੰਜਾਬ ਸਰਹੱਦ ਨੇੜੇ ਨਾਕਾਬੰਦੀ ਦੌਰਾਨ ਸਾਹਮਣੇ ਤੋਂ ਗੱਡੀ ਆਉਂਦੀ ਦਿਖਾਈ ਦਿੱਤੀ ਤੇ ਪੁਲਸ ਨੇ ਕਾਰ ਰੋਕ ਲਈ।ਕਾਰ ਵਿੱਚ ਦੋ ਵਿਅਕਤੀ ਸਵਾਰ ਸਨ, ਜਦੋਂ ਪੁਲਸ ਨੇ ਕਾਰ ਦੀ ਤਲਾਸ਼ੀ ਲਈ ਤਾਂ ਉਸ ਵਿੱਚੋਂ 402 ਗ੍ਰਾਮ ਹੈਰੋਇਨ ਬਰਾਮਦ ਹੋਈ।ਪੁੱਛਗਿੱਛ ਦੌਰਾਨ ਗੱਡੀ ਵਿੱਚ ਸਵਾਰ ਨੌਜਵਾਨਾਂ ਦੀ ਪਛਾਣ ਕਰ ਲਈ ਗਈ ਹੈ।ਪੁੱਛਗਿੱਛ ਦੌਰਾਨ ਦੋਵਾਂ ਨੇ ਦੱਸਿਆ ਕਿ ਉਨ੍ਹਾਂ ਨੇ ਇਹ ਹੈਰੋਇਨ ਅੰਮ੍ਰਿਤਸਰ ਦੇ ਸਮਗਲਰ ਤੋਂ ਖਰੀਦੀ ਸੀ।ਪੁਲਸ ਨੇ ਕਾਲਾਂਵਾਲੀ ਥਾਣੇ ਵਿੱਚ ਨਾਰਕੋਟਿਕਸ ਐਕਟ ਤਹਿਤ ਮਾਮਲਾ ਦਰਜ ਕਰ ਲਿਆ ਤੇ ਪੁਲਸ ਵੱਲੋਂ ਅਗਲੀ ਪੁੱਛਗਿੱਛ ਜਾਰੀ ਹੈ।

# ਕੁਲ ਹਿੰਦ ਕਿਸਾਨ ਸਭਾ ਬਲਾਕ ਸਿੱਧਵਾਂ ਵੱਲੋਂ ਕਿਸਾਨੀ ਸੰਘਰਸ਼ ਨੂੰ ਤਿੱਖਾ ਕਰਨ ਦਾ ਫ਼ੈਸਲਾ

**ਲੁਧਿਆਣਾ (ਐਮ.ਐਸ.ਭਾਟੀਆ)**




ਸਿੱਧਵਾਂ ਵਿਖੇ ਕੁੱਲ ਹਿੰਦ ਕਿਸਾਨ ਸਭਾ 1936 ਬਲਾਕ ਸਿੱਧਵਾਂ ਦੀ ਮੀਟਿੰਗ ਕਾਮਰੇਡ ਖੁਸ਼ਹਾਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ। ਮੀਟਿੰਗ ਵਿੱਚ ਬਲਾਕ ਦੇ ਅਨੇਕਾਂ ਪਿੰਡਾਂ 'ਚੋਂ ਸਾਥੀ ਸ਼ਾਮਲ ਹੋਏ। ਕੁਲ ਹਿੰਦ ਕਿਸਾਨ ਸਭਾ ਦੇ ਲੁਧਿਆਣਾ ਜ਼ਿਲ੍ਹੇ ਦੇ ਜਨਰਲ ਸਕੱਤਰ ਕਾਮਰੇਡ ਚਮਕੌਰ ਸਿੰਘ ਨੇ ਸੰਬੋਧਨ ਕਰਦਿਆਂ ਹੋਇਆਂ ਦੱਸਿਆ ਕਿ ਕਿਸਾਨਾਂ ਨੇ ਦਿੱਲੀ 'ਚ ਲਗਭਗ ਸਵਾ ਸਾਲ ਦਾ ਮੋਰਚਾ ਲਾ ਕੇ ਬਹੁਤ ਵੱਡੀ ਜਿੱਤ ਪ੍ਰਾਪਤ ਕੀਤੀ ਅਤੇ ਪ੍ਰਧਾਨ ਮੰਤਰੀ ਮੋਦੀ ਨੂੰ ਝੁਕਾ ਕੇ ਦਿਖਾ ਦਿੱਤਾ। ਇਹ ਕਿਸਾਨੀ ਜਥੇਬੰਦੀਆਂ ਦੇ ਏਕੇ ਦੇ ਸਦਕਾ ਹੋਇਆ, ਭਾਵੇਂ ਤਿੰਨੋਂ ਕਾਨੂੰਨ ਵਾਪਸ ਲੈ ਲਏ, ਪਰ ਸਰਕਾਰ ਨੇ ਹੁਣ ਤੱਕ ਜੋ ਪ੍ਰਮੁੱਖ ਮੰਗਾਂ ਸਨ, ਜਿਵੇਂ ਸੀ 2+ 50% ਦੇ ਫਾਰਮੂਲੇ ਮੁਤਾਬਕ ਫ਼ਸਲਾਂ ਦੇ ਘੱਟੋ-ਘੱਟ ਕੀਮਤ ਦਾ ਕਾਨੂੰਨ, ਲਖੀਮਪੁਰ ਖੀਰੀ ਦੇ ਕਾਤਿਲ ਨੂੰ ਸਜ਼ਾ, ਉਸਦੇ ਪਿਤਾ ਅਜੇ ਮਿਸ਼ਰਾ ਟੈਨੀ, ਜੋ ਉਪਗ੍ਰਹਿ ਮੰਤਰੀ ਬਣਿਆ ਹੋਇਆ ਹੈ, ਨੂੰ ਗੱਦੀ ਤੋਂ ਹਟਾ ਕੇ ਉਸ 'ਤੇ ਕੇਸ ਚਲਾਉਣ ਬਾਰੇ, ਬਿਜਲੀ ਦੇ ਬਿੱਲਾਂ ਦੇ ਨਵੇਂ ਸੋਧੇ ਹੋਏ ਕਾਨੂੰਨ ਨੂੰ ਵਾਪਸ ਲੈਣ ਬਾਰੇ, ਜੋ ਕਿਸਾਨਾਂ ਦੀਆਂ ਮੰਗਾਂ ਹਨ, ਉਸ 'ਤੇ ਸਰਕਾਰ ਬਿਲਕੁਲ ਪੈਰ ਨਹੀਂ ਲਾ ਰਹੀ।

ਉਨ੍ਹਾਂ ਕਿਹਾ ਕਿ ਕੁੱਲ ਹਿੰਦ ਕਿਸਾਨ ਸਭਾ 1936 ਦੀ ਅਗਵਾਈ ਵਿੱਚ ਮੀਟਿੰਗਾਂ ਹੋਈਆਂ, ਜਿਸ ਸਦਕਾ 32 ਜਥੇਬੰਦੀਆਂ ਇਕੱਤਰ ਹੋ ਕੇ ਤੇ ਕਿਸਾਨ ਮੋਰਚਾ ਬੜੀ ਸਫਲਤਾ ਪੂਰਵਕ ਲਾਇਆ ਗਿਆ ਸੀ। ਹੁਣ ਫੇਰ ਸੰਯੁਕਤ ਕਿਸਾਨ ਮੋਰਚਾ ਨੇ ਫੈਸਲਾ ਕੀਤਾ ਹੈ ਕਿ ਉਹ ਜਨਵਰੀ ਦੇ ਮਹੀਨੇ ਵਿੱਚ ਕਿਸਾਨ ਜਥੇਬੰਦੀਆਂ ਦਾ ਕੌਮੀ ਪੱਧਰ ਦਾ ਸੰਮੇਲਨ ਪੰਜਾਬ ਵਿੱਚ ਕਰਨਗੇ। ਕੁੱਲ ਹਿੰਦ ਕਿਸਾਨ ਸਭਾ ਜ਼ਿਲ੍ਹਾ ਲੁਧਿਆਣਾ ਉਸ ਸੰਮੇਲਨ ਵਿੱਚ ਪੂਰੇ ਜ਼ੋਰ ਸ਼ੋਰ ਨਾਲ ਸ਼ਾਮਲ ਹੋਏਗੀ। ਡਾ. ਅਰੁਣ ਮਿਤਰਾ, ਜਿਨ੍ਹਾਂ ਦੀ ਅਗਵਾਈ ਵਿੱਚ ਮੈਡੀਕਲ ਟੀਮ ਨੇ ਕਿਸਾਨ ਮੋਰਚੇ ਵਿੱਚ ਲਗਾਤਾਰ ਡਾਕਟਰੀ ਸਹਾਇਤਾ ਪ੍ਰਦਾਨ ਕੀਤੀ, ਨੇ ਮੌਜੂਦਾ ਰਾਜਨੀਤਿਕ ਸਥਿਤੀ ਤੇ ਚਾਨਣ ਪਾਇਆ ਅਤੇ ਕਿਹਾ ਕਿ ਜਿਸ ਢੰਗ ਦੇ ਨਾਲ ਕਿਸਾਨ ਜਥੇਬੰਦੀਆਂ ਦੇ ਏਕੇ ਨੇ ਸਰਕਾਰ ਨੂੰ ਹਿਲਾ ਕੇ ਰੱਖ ਦਿੱਤਾ।

ਕਾਮਰੇਡ ਦਾਨ ਸਿੰਘ ਨੇ ਕਿਹਾ ਕਿ ਸਾਨੂੰ ਮਜਬੂਤੀ ਨਾਲ ਇਕੱਠੇ ਹੋਣਾ ਪਏਗਾ ਤੇ ਸਮੇਂ-ਸਮੇਂ ਸਿਰ ਉੱਠਦੇ ਕਿਸਾਨਾਂ ਦੇ ਨਾਲ ਜੋ ਵੀ ਮਸਲੇ ਹਨ, ਉਨ੍ਹਾਂ ਨੂੰ ਉਜਾਗਰ ਕਰਕੇ ਲੋਕਾਂ ਨੂੰ ਨਾਲ ਜੋੜਨਾ ਸੰਮੇਲਨ ਵਿੱਚ ਭਰਪੂਰ ਸ਼ਮੂਲੀਅਤ ਕੀਤੀ ਜਾਏਗੀ। ਕਾਮਰੇਡ ਖੁਸ਼ਹਾਲ ਸਿੰਘ ਵੱਲੋਂ ਸਾਰੇ ਆਏ ਹੋਏ ਸਾਥੀਆਂ ਦਾ ਧੰਨਵਾਦ ਕੀਤਾ ਗਿਆ।

# ਪੰਜਾਬ ਬਿਜਲੀ ਬੋਰਡ ਕਰਮਚਾਰੀ ਦਲ ਡਵੀਜ਼ਨ ਧਾਰੀਵਾਲ ਦੀ ਸਰਬਸੰਮਤੀ ਨਾਲ ਚੋਣ

## ਸੁਖਵਿੰਦਰ ਸਿੰਘ ਗਿੱਲ ਪ੍ਰਧਾਨ ਅਤੇ ਜਸਵਿੰਦਰ ਸਿੰਘ ਗਿੱਲ ਸਰਪ੍ਰਸਤ ਚੁਣੇ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਪੰਜਾਬ ਰਾਜ ਬਿਜਲੀ ਬੋਰਡ ਕਰਮਚਾਰੀ ਦਲ ਪੰਜਾਬ ਦੀ ਮੀਟਿੰਗ ਗੁਰਦੁਆਰਾ ਸ੍ਰੀ ਬੁਰਜ ਸਾਹਿਬ ਧਾਰੀਵਾਲ ਵਿਖੇ ਸਰਕਲ ਪ੍ਰਧਾਨ ਦਰਬਾਰਾ ਸਿੰਘ ਛੀਨਾ ਦੀ ਪ੍ਰਧਾਨਗੀ ਹੇਠ ਹੋਈ।

ਮੀਟਿੰਗ ਵਿੱਚ ਜਥੇਬੰਦੀ ਦੇ ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰ ਨੇ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਮੀਟਿੰਗ ਦੌਰਾਨ ਜਥੇਬੰਦੀ ਵਲੋਂ ਪਿਛਲੇ ਸਮੇਂ ਦੌਰਾਨ ਕੀਤੇ ਕੰਮਾਂ ਅਤੇ ਪ੍ਰਾਪਤੀਆਂ ਦੀ ਸਮੀਖਿਆ ਕਰਨ ਤੋਂ ਇਲਾਵਾ ਭਵਿੱਖ ਦੀ ਰਣਨੀਤੀ ਬਾਰੇ ਵਿਚਾਰ ਚਰਚਾ ਕੀਤੀ ਗਈ। ਇਸ ਮੌਕੇ ਡਵੀਜ਼ਨ ਧਾਰੀਵਾਲ ਦੀ ਚੋਣ ਸਰਬਸੰਮਤੀ ਨਾਲ ਹੋਈ, ਜਿਸ ਵਿੱਚ ਸੁਖਵਿੰਦਰ ਸਿੰਘ ਗਿੱਲ ਪ੍ਰਧਾਨ, ਜਸਵਿੰਦਰ ਸਿੰਘ ਗਿੱਲ ਸਰਪ੍ਰਸਤ, ਪਰਮਜੀਤ ਸਿੰਘ ਸੀਨੀਅਰ ਮੀਤ ਪ੍ਰਧਾਨ, ਗੁਰਮੁੱਖ ਸਿੰਘ ਤੇ ਦਵਿੰਦਰ ਸਿੰਘ ਮੀਤ ਪ੍ਰਧਾਨ, ਸੰਦੀਪ ਸਿੰਘ ਸੋਹਲ ਸਕੱਤਰ, ਸੁਖਦੇਵ ਸਿੰਘ ਸਹਾਇਕ ਸਕੱਤਰ, ਹਰਭਾਲ ਸਿੰਘ ਕੈਸ਼ੀਅਰ, ਸੁਖਬੀਰ ਸਿੰਘ ਕਲੇਰ ਆਰਗੇਨਾਈਜ਼ਰ ਅਤੇ ਸੁਰਿੰਦਰ ਸਿੰਘ ਪ੍ਰੈੱਸ ਸਕੱਤਰ ਚੁਣੇ ਗਏ। ਇਸ ਮੌਕੇ ਸੂਬਾ ਪ੍ਰਧਾਨ ਰਵੇਲ ਸਿੰਘ ਸਹਾਏਪੁਰ, ਸਰਕਲ ਪ੍ਰਧਾਨ ਦਰਬਾਰਾ ਸਿੰਘ ਛੀਨਾ ਅਤੇ ਸਰਕਲ ਸਕੱਤਰ ਤਰਲੋਕ ਸਿੰਘ ਖੁੰਡੀ ਨੇ ਡਵੀਜ਼ਨ ਧਾਰੀਵਾਲ ਦੇ ਚੁਣੇ ਅਹੁਦੇਦਾਰਾਂ ਨੂੰ ਵਧਾਈ ਦਿੱਤੀ। ਇਸ ਮੌਕੇ ਨਵ-ਨਿਯੁਕਤ ਡਵੀਜ਼ਨ ਪ੍ਰਧਾਨ ਸੁਖਵਿੰਦਰ ਸਿੰਘ ਗਿੱਲ ਅਤੇ ਸਰਪ੍ਰਸਤ ਜਸਵਿੰਦਰ ਸਿੰਘ ਗਿੱਲ ਨੇ ਭਰੋਸਾ ਦਿਵਾਇਆ ਕਿ ਉਹ ਸਮੁੱਚੀ ਟੀਮ ਇਕਜੁੱਟ ਹੋ ਕੇ ਮੁਲਾਜ਼ਮਾਂ ਦੇ ਹੱਕਾਂ ਦੀ ਪ੍ਰਾਪਤੀ ਲਈ ਪੂਰੀ ਲਗਨ ਅਤੇ ਇਮਾਨਦਾਰੀ ਨਾਲ ਕੰਮ ਕਰਨਗੇ। ਇਸ ਮੌਕੇ ਅਮੋਲਕ ਸਿੰਘ, ਬਲਵਿੰਦਰ ਸਿੰਘ ਬਾਜਵਾ, ਕੁਲਜੀਤ ਸਿੰਘ, ਮਨੋਹਰ ਲਾਲ ਆਦਿ ਮੁਲਾਜ਼ਮ ਸਾਥੀ ਵੀ ਹਾਜ਼ਰ ਸਨ।

# ਪੰਡਤ ਭੜੋਲੀਆਂ ਦੀ ਬਰਸੀ ਦੀਆਂ ਤਿਆਰੀਆਂ ਜ਼ੋਰਾਂ 'ਤੇ

**ਨੰਗਲ** : ਦੇਸ਼ ਭਗਤ ਪੰਡਿਤ ਰਾਮ ਕਿਸ਼ਨ ਭੜੋਲੀਆਂ ਦੇ 49 ਵੀਂ ਬਰਸੀ 7 ਜਨਵਰੀ ਨੂੰ ਨੰਗਲ 12 ਅੱਡਾ ਮਾਰਕੀਟ ਵਿਖੇ ਮਨਾਈ ਜਾ ਰਹੀ ਹੈ। ਜਿਸ ਦੀਆਂ ਤਿਆਰੀਆਂ ਇਲਾਕੇ ਵਿੱਚ ਪੂਰੇ ਜ਼ੋਰਾਂ ਨਾਲ ਚੱਲ ਰਹੀਆਂ ਹਨ । ਸੀਪੀਆਈ ਐਮ ਦੇ ਜ਼ਿਲ੍ਹਾ ਸਕੱਤਰ ਕਾਮਰੇਡ ਸੁਰਜੀਤ ਸਿੰਘ ਢੇਰ, ਜਸਵਿੰਦਰ ਸਿੰਘ ਭੰਗਲ, ਬਜਿੰਦਰ ਪੰਡਤ, ਰਘਵੀਰ ਸਿੰਘ ਦਰਸੀ ਦੀ ਅਗਵਾਈ ਹੇਠ ਭਨੁਪਲੀ ਵਿਖੇ ਫੰਡ ਇਕੱਠਾ ਕੀਤਾ ਗਿਆ। ਕਸਬੇ ਦੇ ਦੁਕਾਨਦਾਰਾਂ ਨੇ ਭਰਪੂਰ ਸਹਿਯੋਗ ਦਿੱਤਾ। ਢੇਰ ਨੇ ਦੱਸਿਆ ਕਿ ਇਲਾਕੇ ਦੇ ਮਹਾਨ ਦੇਸ਼ ਭਗਤ ਜਿਨ੍ਹਾਂ ਨੇ ਦੇਸ਼ ਦੀ ਆਜਾਦੀ ਵਿੱਚ ਬਹੁਤ ਵੱਡਾ ਰੋਲ ਅਦਾ ਕੀਤਾ, ਅੰਗਰੇਜ ਦੀ ਜੇਲ੍ਹ ਵੀ ਕੱਟੀ, ਜਲਵਤਨੀ ਵੀ ਕੱਟੀ। ਦੇਸ਼ ਆਜਾਦ ਹੋਣ ਤੋਂ ਬਾਅਦ ਕੇਂਦਰ ਸਰਕਾਰ ,ਪੰਜਾਬ ਸਰਕਾਰ ਦੇ ਖਿਲਾਫ ਅਨੇਕਾਂ ਮੋਰਚੇ ਲੜੇ। ਉਹ ਕਿਸਾਨ ਸਭਾ ਦੇ ਕੇਂਦਰੀ ਕਮੇਟੀ ਦੇ ਮੀਤ ਪ੍ਰਧਾਨ ਦੇ ਅਹੁਦੇ 'ਤੇ ਵੀ ਰਹੇ। ਇਸ ਇਲਾਕੇ ਦੇ ਲੋਕਾਂ ਵੱਲੋਂ ਉਹਨਾਂ ਨੂੰ ਇੱਕ ਵਾਰੀ ਵਿਧਾਇਕ ਬਣਨ ਦਾ ਮੌਕਾ ਦਿੱਤਾ ਗਿਆ ਤੇ ਉਨ੍ਹਾਂ ਨੇ ਇਲਾਕੇ ਦੀ ਭਰਪੂਰ ਸੇਵਾ ਕੀਤੀ। ਐਨ ਐਫ ਐਲ ਵੱਲੋਂ ਕੀਤੇ ਉਜਾੜੇ ਦੇ ਔਸਤੀਆਂ ਦਾ ਸੰਘਰਸ਼ ਲੜਿਆ, ਇਲਾਕੇ ਵਿੱਚ ਮੁਜਾਰਿਆਂ ਨੂੰ ਜਮੀਨਾਂ ਦੇ ਹੱਕ ਦਬਾ ਕੇ ਬਹੁਤ ਵੱਡਾ ਰੋਲ ਅਦਾ ਕੀਤਾ ਤੇ ਅੱਜ ਪਾਰਟੀ ਉਹਨਾਂ ਦੀ ਬਰਸੀ ਮਨਾ ਕੇ ਬਹੁਤ ਹੀ ਮਾਣ ਮਹਿਸੂਸ ਕਰ ਰਹੀ ਹੈ। ਇਸ ਮੌਕੇ 'ਤੇ ਜਗੀਰ ਸਿੰਘ ਰੌਲੀ, ਕੇਵਲ ਕ੍ਰਿਸ਼ਨ ਦੁਬੇਟਾ, ਸੋਮਨਾਥ ਅਜੌਲੀ, ਭੀਸ਼ਣ ਵੀ ਹਾਜਰ ਸਨ।



# ਬਾਬਾ ਜੀਵਨ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਸਬੰਧੀ ਨਗਰ ਕੀਰਤਨ ਸਜਾਇਆ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**- ਸ਼੍ਰੋਮਣੀ ਸ਼ਹੀਦ ਰੰਗਰੇਟਾ ਗੁਰੂ ਕਾ ਬੇਟਾ ਬਾਬਾ ਜੀਵਨ ਸਿੰਘ ਦੇ ਸ਼ਹੀਦੀ ਦਿਹਾੜੇ ਸਬੰਧੀ ਪਿੰਡ ਖਾਨ ਪਿਆਰਾ ਦੇ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਦੀ ਪ੍ਰਬੰਧਕ ਕਮੇਟੀ ਵਲੋਂ ਪਿੰਡ ਖਾਨ ਪਿਆਰਾ ਅਤੇ ਦਾਨਿਆਂਵਾਲੀ ਦੀ ਸਮੂਹ ਸੰਗਤ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਗਿਆ। ਇਹ ਨਗਰ ਕੀਰਤਨ ਗੁਰਦੁਆਰਾ ਬਾਬਾ ਜੀਵਨ ਸਿੰਘ ਜੀ ਤੋਂ ਸੁੰਦਰ ਪਾਲਕੀ ਸਾਹਿਬ ਵਿੱਚ ਸ਼ੁਸ਼ੋਭਿਤ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਛੱਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਵਿੱਚ ਅਰੰਭ ਹੋ ਕੇ ਸਿੰਘ ਸਭਾ ਗੁਰਦੁਆਰਾ ਦਾਨਿਆਵਾਲੀ, ਭੂਆ ਦੇਸਾ ਰਾਣੀ ਮੰਦਿਰ ਖਾਣ ਪਿਆਰਾ, ਸਿੰਘ ਸਭਾ ਗੁਰਦੁਆਰਾ ਪਿੰਡ ਪੱਤੀ ਹਵੇਲੀਆਂ ਤੋਂ ਹੁੰਦਾ ਹੋਇਆ ਤਿੰਨ ਪਿੰਡਾਂ ਦੀਆਂ ਪ੍ਰਕਰਮਾ ਕਰਦਾ ਹੋਇਆ ਮੁੜ ਵਾਪਸ ਸ਼ਾਮ ਨੂੰ ਅਰੰਭਿਕ ਸਥਾਨ ਪਹੁੰਚ ਕੇ ਅਰਦਾਸ ਕਰਨ ਉਪਰੰਤ ਸਮਾਪਤ ਹੋਇਆ। ਨਗਰ ਕੀਰਤਨ ਦੌਰਾਨ ਢਾਡੀ ਜੱਥਾ ਗਿਆਨੀ ਸੁਲੱਖਣ ਸਿੰਘ ਚੌਧਰਪੁਰ ਵਾਲਿਆਂ ਨੇ ਸੰਗਤ ਨੂੰ ਬਾਬਾ ਜੀਵਨ ਸਿੰਘ ਜੀ ਦੇ ਇਤਿਹਾਸ ਤੋਂ ਜਾਣੂ ਕਰਵਾਇਆ। ਨਗਰ ਕੀਰਤਨ ਦੌਰਾਨ ਗੱਤਕਾ ਜੱਥਾ ਭਾਈ ਕੇਵਲ ਸਿੰਘ ਜੱਫਰਵਾਲ ਦੇ ਖਿਡਾਰੀਆਂ ਨੇ ਗੱਤਕੇ ਆਕਰਸ਼ਕ ਜੌਹਰ ਵਿਖਾਏ। ਨਗਰ ਕੀਰਤਨ ਦਾ ਸ਼ਰਧਾਲੂਆਂ ਵਲੋਂ ਥਾਂ ਥਾਂ ਤੇ ਭਰਵਾਂ ਸਵਾਗਤ ਕੀਤਾ ਗਿਆ ਅਤੇ ਸੰਗਤਾਂ ਲਈ ਕਈ ਪ੍ਰਕਾਰ ਦੇ ਲੰਗਰ ਲਗਾਏ ਗਏ। ਨਗਰ ਕੀਰਤਨ ਵਿੱਚ ਗੁਰਦੀਪ ਸਿੰਘ ਨੰਬਰਦਾਰ, ਸਾਬਕਾ ਚੇਅਰਮੈਨ ਦਲਬੀਰ ਸਿੰਘ, ਜੋਗਾ ਸਿੰਘ ਠੇਕੇਦਾਰ, ਸੁਰਜੀਤ ਸਿੰਘ, ਗਿਆਨੀ ਅਮਰ ਸਿੰਘ, ਗਿਆਨੀ ਨਿਰਮਲ ਸਿੰਘ, ਗਿਆਨੀ ਸੰਤੋਖ ਸਿੰਘ, ਰਵੇਲ ਸਿੰਘ ਆਦਿ ਸਮੇਤ ਸ਼ਰਧਾਲੂ ਸੰਗਤਾਂ ਸਾਮਲ ਸਨ।

# ਸਾਹਿਬਜ਼ਾਦਿਆਂ ਦੀ ਸ਼ਹਾਦਤ ਨੂੰ ਸਮਰਪਿਤ ਵੇਰਕਾ ਵਿਖੇ ਨਗਰ ਕੀਰਤਨ ਸਜਾਇਆ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ, ਮਾਤਾ ਗੁਜਰ ਕੌਰ ਅਤੇ ਸਮੂਹ ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਨਗਰ ਕੀਰਤਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ ਹੇਠ ਵੇਰਕਾ ਵਿਖੇ ਸਜਾਇਆ ਗਿਆ ਜਿਸ ਵਿੱਚ ਵੱਡੀ ਗਿਣਤੀ ਵਿੱਚ ਬੱਚੇ-ਬੱਚੀਆਂ ਨੇ ਦੁਮਾਲੇ ਸਜਾਏ ਹੋਏ ਸਨ ਅਤੇ ਖ਼ਾਲਸਾਈ ਬਾਣੇ ਪਾਏ ਸਨ। ਪ੍ਰੋ. ਬਲਜਿੰਦਰ ਸਿੰਘ ਅਤੇ ਸਾਹਿਬਜ਼ਾਦਾ ਫ਼ਤਿਹ ਸਿੰਘ ਸੇਵਕ ਜਥਾ ਵੇਰਕਾ ਦੇ ਆਗੂ ਭਾਈ ਮਨਜੀਤ ਸਿੰਘ ਤੇ ਹਰਜਿੰਦਰ ਸਿੰਘ ਨੇ ਦੱਸਿਆ ਕਿ ਨਗਰ ਕੀਰਤਨ ਗੁਰਦੁਆਰਾ ਵੱਡੀ ਧਰਮਸ਼ਾਲਾ ਤੋਂ ਅਰਦਾਸ ਕਰਨ ਉਪਰੰਤ ਆਰੰਭ ਹੋਇਆ ਜਿਸ ਵਿੱਚ ਸੰਗਤਾਂ ਤੇ ਇਲਾਕਾ ਨਿਵਾਸੀਆਂ ਨੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ ਅਤੇ ਗੁਰਬਾਣੀ ਦੇ ਸ਼ਬਦ ਗਾਇਨ ਕੀਤੇ। ਨਗਰ ਕੀਰਤਨ ਦਾ ਸਵਾਗਤ ਕਈ ਦੁਕਾਨਦਾਰਾਂ ਅਤੇ ਸੰਗਤਾਂ ਨੇ ਟਹਿਲ ਸੇਵਾ ਕਰਕੇ ਕੀਤਾ। ਭੁਜੰਗੀਆਂ ਦੀ ਗਤਕਾ ਟੀਮ ਨੇ ਰਵਾਇਤੀ ਸ਼ਸਤਰਾਂ ਦੇ ਜੌਹਰ ਵਿਖਾਏ। ਦੋਵਾਂ ਜਥੇਬੰਦੀਆਂ ਦੇ ਆਗੂਆਂ ਨੇ ਇਲਾਕਾ ਨਿਵਾਸੀਆਂ ਅਤੇ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਪਰਿਵਾਰਾਂ ਸਹਿਤ 28 ਦਸੰਬਰ ਦੇ ਗੁਰਮਤਿ ਸਮਾਗਮ ਵਿਚ ਹਾਜ਼ਰੀਆਂ ਭਰਨ ਜੋ ਸ਼ਾਮ 4 ਵਜੇ ਤੋਂ ਰਾਤ 10 ਵਜੇ ਤੱਕ ਹੋਵੇਗਾ। ਇਸ ਦਿਨ ਭਾਈ ਘਨ੍ਹਈਆ ਜੀ ਮਿਸ਼ਨ ਸੁਸਾਇਟੀ ਵੱਲੋਂ ਆਈ. ਵੀ. ਵਾਈ. ਹਸਪਤਾਲ ਅਜਨਾਲਾ ਰੋਡ ਦੇ ਸਹਿਯੋਗ ਨਾਲ ਹੱਡੀਆਂ, ਦਿਮਾਗ਼ ਅਤੇ ਦਿਲ ਦੇ ਮਰੀਜ਼ਾਂ ਦਾ ਮੁਫ਼ਤ ਕੈਂਪ 4 ਤੋਂ 7 ਵਜੇ ਤੱਕ ਲੱਗੇਗਾ। ਗੁਰਮਤਿ ਸਮਾਗਮ ਵਿਚ ਰਾਗੀ ਭਾਈ ਹਰਿੰਦਰ ਸਿੰਘ ਰੌਮੀ, ਕਥਾ ਵਾਚਕ ਭਾਈ ਪਰਮਜੀਤ ਸਿੰਘ ਖਾਲਸਾ ਅਨੰਦਪੁਰ ਸਾਹਿਬ ਵਾਲੇ ਅਤੇ ਢਾਡੀ ਨਿਰਮਲ ਸਿੰਘ ਜੇਠੂਵਾਲ ਸੰਗਤਾਂ ਦੇ ਦਰਸ਼ਨ ਕਰਨਗੇ। ਨਗਰ ਕੀਰਤਨ ਵਿੱਚ ਸਤਿਜੋਤ ਸਿੰਘ ਮੁਧਲ, ਮਹਾਂਬੀਰ ਸਿੰਘ ਸੁਲਤਾਨਵਿੰਡ, ਬਲਦੇਵ ਸਿੰਘ ਨਵਾਂਪਿੰਡ, ਨਿਸ਼ਾਨ ਸਿੰਘ, ਮਨਪ੍ਰੀਤ ਸਿੰਘ ਵੇਰਕਾ, ਦਲਜੀਤ ਸਿੰਘ ਗਿੱਲ, ਹਰਪ੍ਰੀਤ ਸਿੰਘ ਬੌਬੀ, ਜਗਦੀਪ ਸਿੰਘ ਸੋਹੀਆਂ, ਰਾਜ ਸਿੰਘ, ਗਗਨਦੀਪ ਸਿੰਘ, ਉਪਕਾਰ ਸਿੰਘ ਆਦਿ ਹਾਜ਼ਰ ਸਨ।

# ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਸਾਰੇ ਭਾਈਚਾਰਿਆਂ ਦਾ ਸਹਿਯੋਗ ਜ਼ਰੂਰੀ : ਧਾਲੀਵਾਲ

**ਅਜਨਾਲਾ (ਸੁਖਤਿੰਦਰ ਸਿੰਘ ਰਾਜੂ)**-ਅਜਨਾਲਾ ਦੇ ਸੰਤ ਮਾਈਕਲ ਕੈਥੋਲਿਕ ਚਰਚ ਵਿਖੇ ਕ੍ਰਿਸਮਿਸ ਦਾ ਤਿਉਹਾਰ ਮਨਾਇਆ ਗਿਆ, ਜਿਸ ਵਿੱਚ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ। ਇਸ ਮੌਕੇ ਸੰਬੋਧਨ ਕਰਦੇ ਧਾਲੀਵਾਲ ਨੇ ਕਿਹਾ ਕਿ ਪੰਜਾਬ ਵਿੱਚ ਈਸਾਈ ਭਾਈਚਾਰੇ ਦਾ ਸਿੱਖਿਆ ਦੇ ਖੇਤਰ ਵਿੱਚ ਵੱਡਾ ਯੋਗਦਾਨ ਹੈ। ਉਨ੍ਹਾਂ ਇਸ ਮੌਕੇ ਸਮੁੱਚੇ ਈਸਾਈ ਭਾਈਚਾਰੇ ਨੂੰ ਕ੍ਰਿਸਮਿਸ ਦੀ ਵਧਾਈ ਦਿੱਤੀ। ਉਨ੍ਹਾਂ ਕਿਹਾ ਕਿ ਪੰਜਾਬ ਗੁਰੂਆਂ ਪੀਰਾਂ ਦੀ ਧਰਤੀ ਹੈ ਅਤੇ ਇੱਥੇ ਵਸਣ ਵਾਲਿਆਂ ਦੀ ਭਾਈਚਾਰਕ ਸਾਂਝ ਗੁਰੂਆਂ ਪੀਰਾਂ ਦੇ ਦਿੱਤੇ ਹੋਏ ਸੰਦੇਸ਼ ਕਰਕੇ ਹੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਮਾਣ ਹੈ ਕਿ ਪੰਜਾਬ ਵਿੱਚ ਸਾਰੇ ਧਰਮਾਂ ਦੇ ਲੋਕ ਬੜੇ ਅਮਨ ਪਿਆਰ ਦੇ ਨਾਲ ਰਹਿੰਦੇ ਹਨ ਅਤੇ ਦਿਨ-ਬ-ਦਿਨ ਇਹ ਸਾਂਝ ਪੀਡੀ ਹੋ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਇਸਾਈ ਭਾਈਚਾਰੇ ਸਮੇਤ ਸਾਰੀਆਂ ਘੱਟ ਗਿਣਤੀਆਂ ਦੇ ਹੱਕਾਂ ਲਈ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਪੰਜਾਬ ਦੇ ਵਿਕਾਸ ਲਈ ਲਗਾਤਾਰ ਯਤਨਸ਼ੀਲ ਹਨ ਅਤੇ ਉਨ੍ਹਾਂ ਦਾ ਇਹ ਸੁਪਨਾ ਤਾਂ ਹੀ ਸਾਕਾਰ ਹੋ ਸਕਦਾ ਹੈ ਜੇਕਰ ਪੰਜਾਬ ਵਿੱਚ ਵਸਣ ਵਾਲੇ ਸਾਈ ਸਾਰੇ ਭਾਈਚਾਰੇ ਆਪਸ



ਵਿੱਚ ਮਿਲ ਕੇ ਪੰਜਾਬ ਦੇ ਭਲੇ ਲਈ ਕੰਮ ਕਰਨ। ਸਮਾਗਮ ਦੇ ਅੰਤ ਵਿੱਚ ਫਾਦਰ ਜੋਸ ਇਲੀਕਲ ਵੱਲੋਂ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਸਮੇਤ ਆਈਆਂ ਸ਼ਖ਼ਸੀਅਤਾਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਸੀਨੀਅਰ ਆਪ ਆਗੂ ਖੁਸ਼ਪਾਲ ਸਿੰਘ ਧਾਲੀਵਾਲ, ਨਗਰ ਪੰਚਾਇਤ ਅਜਨਾਲਾ ਦੇ ਪ੍ਰਧਾਨ ਜਸਪਾਲ ਸਿੰਘ ਢਿੱਲੋਂ, ਗੁਰਜੰਟ ਸਿੰਘ ਸੋਹੀ, ਕੌਂਸਲਰ ਰਾਜਬੀਰ ਸਿੰਘ ਚਾਹਲ, ਬੀਬੀ ਗਿਆਨ ਕੌਰ, ਬਲਾਕ ਪ੍ਰਧਾਨ ਦਵਿੰਦਰ ਸਿੰਘ ਸੋਨੂੰ, ਆਪ ਦੇ ਸ਼ਹਿਰੀ ਪ੍ਰਧਾਨ ਦੀਪਕ ਚੈਨਪੁਰੀਆ, ਸੀਨੀਅਰ ਆਗੂ ਅਮਿਤ ਪੁਰੀ ਅਮਿਤ ਔਲ, ਸ਼ਮਸ਼ੇਰ ਸਿੰਘ ਸ਼ੇਰਾ, ਅਜੇ ਕੁਮਾਰ, ਦੀਪਕ ਭੱਟੀ, ਗੁਰਿੰਦਰ ਸਿੰਘ ਗੁੱਜਰਪੁਰਾ, ਅਮਰਦੀਪ ਸਿੰਘ ਰਿੰਕੂ, ਸੁਖਦਿਆਲ ਸਿੰਘ ਭੱਖਾ, ਗੋਰਾ ਸੱਗੂ, ਗੁਰਨਾਮ ਸਿੰਘ ਆਦਿ ਹਾਜ਼ਰ ਸਨ।

# ਪੱਤਰਕਾਰ ਤਰਸੇਮ ਸਿੰਘ ਦੇ ਪਰਿਵਾਰ ਵੱਲੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ



ਤਰਸਿੱਕਾ, (ਨਜ਼ਸ)—ਬ੍ਰਹਮ ਗਿਆਨੀ ਸੰਤ ਬਾਬਾ ਪਿਆਰਾ ਸਿੰਘ ਜੀ ਦੀ ਬਰਸੀ ਦੇ ਸੰਬੰਧ ਵਿੱਚ ਗੁਰਦੁਆਰਾ ਬਾਬਾ ਦੀਪ ਸਿੰਘ ਵਿਖੇ ਚੱਲ ਰਹੀ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਵਿੱਚ ਪੱਤਰਕਾਰ ਤਰਸੇਮ ਸਿੰਘ ਸਾਧਪੁਰ ਦੇ ਪਰਿਵਾਰ ਵੱਲੋਂ ਇੱਕ ਸ੍ਰੀ ਅਖੰਡ ਪਾਠ ਸਾਹਿਬ ਦੀ ਸੇਵਾ ਕੀਤੀ ਗਈ। ਵਰਨਨਯੋਗ ਹੈ ਕਿ ਸੰਤ ਬਾਬਾ ਪਿਆਰਾ ਸਿੰਘ ਜੀ ਦੀ ਸਾਲਾਨਾ ਬਰਸੀ ਤਿੰਨ ਜਨਵਰੀ 2024 ਨੂੰ ਇਲਾਕੇ ਭਰ ਦੀ ਸਮੂਹ ਸਾਧ ਸੰਗਤ ਵੱਲੋਂ ਬੜੀ ਸ਼ਰਧਾ ਭਾਵਨਾ ਤੇ ਉਤਸ਼ਾਹ ਨਾਲ ਮਨਾਈ ਜਾ ਰਹੀ ਹੈ ਜਿਸ ਦੌਰਾਨ ਪਿਛਲੇ ਦੋ ਮਹੀਨਿਆਂ ਤੋਂ ਸ੍ਰੀ ਅਖੰਡ ਪਾਠ ਸਾਹਿਬ ਦੀ ਲੜੀ ਚੱਲ ਰਹੀ ਹੈ ਜਿਸ ਦੀ ਸਮਾਪਤੀ ਤਿੰਨ ਜਨਵਰੀ ਨੂੰ ਹੋਵੇਗੀ। ਭੋਗ ਪੈਣ ਉਪਰੰਤ ਸਾਰਾ ਦਿਨ ਧਾਰਮਿਕ ਦੀਵਾਨ ਸਜਾਏ ਜਾਣਗੇ ਜਿਸ ਵਿੱਚ ਵੱਖ-ਵੱਖ ਕਵੀਸ਼ਰੀ ਢਾਡੀ ਰਾਗੀ ਤੇ ਕਥਾਵਾਚਕ ਗੁਰੂ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਸ੍ਰੀ ਅਖੰਡ ਪਾਠ ਸਾਹਿਬ ਦੇ ਭੋਗ ਉਪਰੰਤ ਰਾਗੀ ਬਾਬਾ ਲਖਵਿੰਦਰ ਸਿੰਘ ਵੱਲੋਂ ਗੁਰੂ ਇਤਿਹਾਸ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ ਗਿਆ। ਇਸ ਮੌਕੇ ਸਾਬਕਾ ਵਿਧਾਇਕ ਡਾਕਟਰ ਦਲਬੀਰ ਸਿੰਘ ਵੇਰਕਾ, ਸਮਾਜ ਸੇਵੀ ਆਗੂ ਪ੍ਰਿੰ. ਬਚਿੱਤਰ ਸਿੰਘ ਤਰਸਿੱਕਾ, ਸਾਬਕਾ ਸਰਪੰਚ ਧਰਮ ਸਿੰਘ ਸਾਧਪੁਰ, ਕਾਂਗਰਸੀ ਆਗੂ ਝਿਲਮਲ ਸਿੰਘ ਬਾਠ, ਗੁਰਮੇਜ ਸਿੰਘ ਬਾਠ, ਨਵਜੋਤ ਸਿੰਘ ਬਾਠ, ਹਰਪ੍ਰੀਤ ਸਿੰਘ ਬਾਠ, ਗੁਰਵਿੰਦਰ ਸਿੰਘ ਰੰਧਾਵਾ ਉਦੋ ਨੰਗਲ, ਲਵਪ੍ਰੀਤ ਸਿੰਘ ਔਲਖ, ਬਿਕਰਮਜੀਤ ਸਿੰਘ ਮੱਲ੍ਹੀ, ਜਗਜੀਤ ਸਿੰਘ ਮੱਲ੍ਹੀ, ਜੋਬਨ ਮੀਰਾ ਚੱਕ, ਡਾ. ਬਲਜੀਤ ਸਿੰਘ ਡੱਡੂਆਣਾ ਅਤੇ ਹੋਰ ਆਗੂ ਵੀ ਹਾਜ਼ਰ ਸਨ।

# ਗੁਰਬਾਣੀ ਕੰਠ ਗੁਰਮਤਿ ਸਮਾਗਮ ਕਰਵਾਇਆ, 200 ਦੇ ਕਰੀਬ ਬੱਚਿਆਂ ਨੇ ਲਿਆ ਹਿੱਸਾ



**ਪੱਟੀ (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)**-ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਛੋਟੇ ਬੱਚਿਆਂ ਨੂੰ ਗੁਰੂ ਇਤਿਹਾਸ ਨਾਲ ਜੋੜਨ ਸ਼ਹੀਦੀਆਂ ਨਾਲ ਜੁੜੇ ਸਿੱਖ ਇਤਿਹਾਸ ਤੋਂ ਜਾਣੂ ਕਰਵਾਉਣ ਕਲਗੀਧਰ ਦਸ਼ਮੇਸ਼ ਪਿਤਾ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੇ ਚਾਰ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਸਮੇਤ ਸ਼ਹੀਦ ਸਿੰਘਾਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਪਿੰਡ ਕਿਰਤੋਵਾਲ ਕਲਾਂ ਦੇ ਗੁਰਦੁਆਰਾ ਗੁਰੂ ਨਾਨਕ ਨਿਵਾਸ ਸਾਹਿਬ ਵਿਖੇ ਗੁਰਬਾਣੀ ਕੰਠ, ਕਵੀਸ਼ਰੀ, ਕੀਰਤਨ, ਧਾਰਮਿਕ ਕਵਿਤਾ ਦੇ ਮੁਕਾਬਲੇ ਕਰਵਾਏ ਗਏ। ਇਸ ਧਾਰਮਿਕ ਸਮਾਗਮ ਵਿਚ ਇਲਾਕੇ ਭਰ ਦੇ ਸਕੂਲਾਂ ਸ਼ਹੀਦ ਅਕੈਡਮੀ ਭੱਗੂਪੁਰ, ਅਕਾਲ ਅਕੈਡਮੀ ਦਦੇਹਰ ਸਾਹਿਬ, ਫੋਰ ਐੱਸ ਸਕੂਲ ਬੂਹ, ਸ੍ਰੀ ਗੁਰੂ ਹਰਕ੍ਰਿਸ਼ਨ ਪਬਲਿਕ ਸਕੂਲ ਬੁਰਜ ਮਰਹਾਣਾ, ਸਰਕਾਰੀ ਸਕੂਲ ਪਰਿਗੜ੍ਹੀ, ਕਿਰਤੋਵਾਲ ਆਦਿ ਸਕੂਲਾਂ ਵਿੱਚ ਪੜ੍ਹਾਈ ਕਰਦੇ ਬੱਚਿਆਂ ਵੱਲੋਂ ਪੂਰੇ ਜੋਸ਼ ਨਾਲ ਹਿੱਸਾ ਲਿਆ ਗਿਆ। ਇਹ ਗੁਰਮਤਿ ਸਮਾਗਮ ਜਥੇਦਾਰ ਹਰਪ੍ਰੀਤ ਸਿੰਘ ਸ਼ਾਹ, ਲਿਖਾਰੀ ਸੰਜੂ ਬਾਵਾ, ਸਤਨਾਮ ਸਿੰਘ ਜਥੇਦਾਰ ਭਾਈ ਬਲਜਿੰਦਰ ਸਿੰਘ ਦੇ ਵਿਸ਼ੇਸ਼ ਉਪਰਾਲੇ ਸਦਕਾ ਧਾਰਮਿਕ ਸਮਾਗਮ 'ਚ ਕਰੀਬ ਛੇ ਸਾਲ ਤੋਂ ਲੈ ਕੇ 16 ਸਾਲ ਦੇ ਕਰੀਬ 150 ਤੋਂ 200 ਦੇ ਕਰੀਬ ਬੱਚਿਆਂ ਵੱਲੋਂ ਹਿੱਸਾ ਲੈ ਕੇ ਸ਼ਹੀਦੀਆਂ ਤੇ ਅਮੀਰ ਸਿੱਖ ਇਤਿਹਾਸ ਨਾਲ ਸਬੰਧਤ ਕਵੀਸ਼ਰੀ, ਕੀਰਤਨ, ਧਾਰਮਿਕ ਕਵਿਤਾ ਗੁਰਬਾਣੀ ਕੰਠ ਮੁਕਾਬਲਿਆਂ ਵਿੱਚ ਲਾਸਾਨ ਕੁਰਬਾਨੀਆਂ ਤੋਂ ਸੰਗਤਾਂ ਨੂੰ ਜਾਣੂ ਕਰਵਾਇਆ ਗਿਆ। ਛੋਟੇ ਬੱਚਿਆਂ ਵੱਲੋਂ ਸਾਹਿਬਜ਼ਾਦਿਆਂ ਤੇ ਮਾਤਾ ਗੁਜਰ ਕੌਰ ਜੀ ਦੀ ਸ਼ਹਾਦਤ ਨਾਲ ਸਬੰਧਤ ਇਤਿਹਾਸ ਤੇ ਵੈਰਾਗਮਈ ਕਵੀਸ਼ਰੀ ਗਾਉਣ ਨਾਲ ਦਰਬਾਰ ਅੰਦਰ ਬੈਠੀਆਂ ਸੰਗਤਾਂ ਦੀਆਂ ਅੱਖਾਂ ਨਮ ਹੋ ਗਈਆਂ। ਨੌਜਵਾਨਾਂ 'ਚ ਵੱਧ ਰਹੇ ਨਸ਼ੇ ਦੇ ਕਰਾਰੀ ਚੋਟ ਮਾਰਦੀ ਲੜਕੀਆਂ ਵੱਲੋਂ ਕਵਿਤਾ ਪੇਸ਼ ਕਰਕੇ ਸਰਕਾਰ ਤੇ ਸਮਾਜ ਨੂੰ ਕਟਹਿਰੇ 'ਚ ਖੜ੍ਹਾ ਕਰ ਦਿੱਤਾ। ਸੋਚਣ ਲਈ ਮਜਬੂਰ ਕਰ ਦਿੱਤਾ ਕਿ ਸਾਡਾ ਸਮਾਜ ਤੇ ਅਜੋਕੀ ਪੀੜ੍ਹੀ ਕਿਹੜੇ ਭਿਆਨਕ ਦੌਰ ਵੱਲ ਵੱਧ ਰਹੀ। ਸਟੇਜ ਸੈਕਟਰੀ ਦੀ ਭੂਮਿਕਾ ਭਾਈ ਹਰਪ੍ਰੀਤ ਸਿੰਘ ਨੇ ਨਿਭਾਈ। ਮੁਕਾਬਲੇ ਦੌਰਾਨ ਬੱਚਿਆਂ ਦੀਆਂ ਪੁਜ਼ੀਸ਼ਨਾਂ ਸਬੰਧੀ ਜੱਜ ਦੀ ਭੂਮਿਕਾ ਪੰਥ ਪ੍ਰਸਿੱਧ ਰਾਗੀ ਭਾਈ ਮਨਬੀਰ ਸਿੰਘ ਹਰੀਕੇ, ਸਿੱਖ ਮਿਸ਼ਨਰੀ ਕਾਲਜ ਲੁਧਿਆਣਾ ਤੋਂ ਭਾਈ ਦਿਲਰਾਜ ਸਿੰਘ ਚੰਬਾ ਕਲਾਂ, ਰਣਜੀਤ ਕੌਰ ਵੱਲੋਂ ਨਿਭਾਈ ਗਈ। ਕੈਮਰਾਮੈਨ ਦੀ ਭੂਮਿਕਾ ਅਨਮੋਲਦੀਪ ਸਿੰਘ ਵੱਲੋਂ ਨਿਭਾਈ ਗਈ। ਇਸ ਮੌਕੇ ਭਾਈ ਰੋਬਿਨ ਸਿੰਘ, ਹਰਪ੍ਰੀਤ ਸਿੰਘ ਫੌਜੀ, ਜਗਰੂਪ ਸਿੰਘ, ਲਵਪ੍ਰੀਤ ਸਿੰਘ, ਜਸ਼ਨਪਰੀਤ ਸਿੰਘ, ਭਾਈ ਜਗੀਰ ਸਿੰਘ, ਗੁਰਜੀਤ ਸਿੰਘ, ਹਰਜਿੰਦਰ ਸਿੰਘ ਫੌਜੀ, ਬਲਵਿੰਦਰ ਸਿੰਘ ਬਿੱਟੂ, ਜਸਕੀਰਤ ਸਿੰਘ ਰੰਧਾਵਾ, ਯੁਵਰਾਜ ਸਿੰਘ ਰੰਧਾਵਾ, ਆਕਾਸ਼ਦੀਪ ਸਿੰਘ, ਹਜ਼ੂਰ ਸਿੰਘ ਆਦਿ ਹਾਜ਼ਰ ਸਨ।

# ਨੰਨ੍ਹੇ-ਮੁੰਨ੍ਹੇ ਵਿਦਿਆਰਥੀਆਂ ਕ੍ਰਿਸਮਿਸ ਮੌਕੇ ਦਿਖਾਏ ਕਲਾ ਦੇ ਜੌਹਰ



**ਅੰਮ੍ਰਿਤਸਰ (ਅਰੋੜਾ)**-ਦੁਨੀਆ ਭਰ ਵਿੱਚ ਮਨਾਏ ਜਾਣ ਵਾਲੇ ਕ੍ਰਿਸਮਿਸ ਤਿਉਹਾਰ ਦੇ ਮੌਕੇ ਸੈਕਰਡ ਟੱਚ ਪਬਲਿਕ ਸਕੂਲ ਜੀਟੀ ਰੋਡ ਛੇਹਰਟਾ ਦੇ ਨੰਨ੍ਹੇ-ਮੁੰਨ੍ਹੇ ਵਿਦਿਆਰਥੀਆਂ ਨੇ ਕ੍ਰਿਸਮਿਸ ਦਾ ਤਿਉਹਾਰ ਸਕੂਲ ਵਿੱਚ ਬੜੀ ਸ਼ਰਧਾ ਭਾਵਨਾ ਤੇ ਖੁਸ਼ੀ ਦੇ ਨਾਲ ਮਨਾਇਆ। ਨੰਨ੍ਹੇ-ਮੁੰਨ੍ਹੇ ਬੱਚੇ ਜੋ ਸੈਂਟਾ ਕਲਾਜ਼ ਦੀਆਂ ਪੋਸ਼ਾਕਾਂ ਵਿੱਚ ਸਜੇ ਸਨ, ਨੇ ਇੱਕ ਦੂਸਰੇ ਨੂੰ ਤੋਹਫੇ ਦਿੱਤੇ। ਸਕੂਲ ਦੇ ਵਿਹੜੇ ਵਿੱਚ ਮੈਡਮ ਗੀਤਾ, ਗੁਰਮੀਤ ਅਤੇ ਰਜਨੀਸ਼ ਦੇ ਦਿਸ਼ਾ ਨਿਰਦੇਸ਼ਾਂ ਤੇ ਵਿਦਿਆਰਥੀਆਂ ਨੇ ਕਈ ਸੰਸਕ੍ਰਿਤਕ ਪ੍ਰੋਗਰਾਮ ਪੇਸ਼ ਕੀਤੇ ਅਤੇ ਦਰਸ਼ਕਾਂ ਦਾ ਮਨ ਮੋਹ ਲਿਆ। ਪ੍ਰਿੰ. ਅਜੇ ਅਰੋੜਾ ਨੇ ਕ੍ਰਿਸਮਿਸ ਦਾ ਮਹੱਤਵ ਸਮਝਾਇਆ। ਡਾਇਰੈਕਟਰ ਸਲਿਲ ਸਾਗਰ ਨੇ ਬੱਚਿਆਂ ਨੂੰ ਸੰਦੇਸ਼ ਦਿੱਤਾ ਕਿ ਸਾਰਿਆਂ ਨੂੰ ਕ੍ਰਿਸਮਿਸ ਦਾ ਤਿਉਹਾਰ ਬੜੀ ਹੀ ਸ਼ਰਧਾ ਨਾਲ ਮਨਾਉਣਾ ਚਾਹੀਦਾ ਹੈ। ਬੱਚਿਆਂ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ ਅਤੇ ਬੱਚਿਆਂ ਨੂੰ ਸਾਰੇ ਧਰਮਾਂ ਦਾ ਸਨਮਾਨ ਕਰਨ ਦੀ ਪ੍ਰੇਰਣਾ ਵੀ ਦਿੱਤੀ।

# ਦਰਜਨਾਂ ਕਿਸਾਨ ਆਗੂ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ 'ਚ ਸ਼ਾਮਲ



**ਬੁਤਾਲਾ (ਨਿਰਮਲ ਸਿੰਘ ਸੰਘਾ)**-ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਦੇ ਜ਼ਿਲ੍ਹਾ ਆਗੂ ਸੁਖਚੈਨ ਸਿੰਘ ਬੁਤਾਲਾ ਦੀ ਅਗਵਾਈ ਹੇਠ ਦਰਜਨਾਂ ਆਗੂ ਆਜ਼ਾਦ ਕਿਸਾਨ ਸੰਘਰਸ਼ ਕਮੇਟੀ ਪੰਜਾਬ ਨੂੰ ਅਲਵਿਦਾ ਕਹਿ ਕੇ ਪ੍ਰਧਾਨ ਤਰਸੇਮ ਸਿੰਘ, ਜਿਉਣ ਸਿੰਘ, ਗੁਰਮੇਜ ਸਿੰਘ, ਰਜਿੰਦਰ ਸਿੰਘ, ਗੁਰਦੀਪ ਸਿੰਘ ਲਿੱਧੜ, ਰਣਜੋਤ ਸਿੰਘ, ਭਜਨ ਸਿੰਘ, ਅਰਸ਼ਦੀਪ ਸਿੰਘ, ਤਕਦੀਰ ਸਿੰਘ, ਮੁਖਤਾਰ ਸਿੰਘ, ਗੁਰਦੀਪ ਸਿੰਘ ਆਦਿ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਵਿੱਚ ਸ਼ਾਮਲ ਹੋ ਗਏ। ਇਸ ਮੌਕੇ ਸ਼ਾਮਲ ਹੋਏ ਆਗੂਆਂ ਨੂੰ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬਾਬਾ ਬਕਾਲਾ ਸਾਹਿਬ ਦੇ ਆਗੂਆਂ ਵੱਲੋਂ ਸਿਰਪਾਓ ਦੇ ਕੇ ਸਨਮਾਨਿਤ ਕੀਤਾ ਗਿਆ ਅਤੇ ਕਿਹਾ ਕਿ ਕਮੇਟੀ ਵਿੱਚ ਹਰ ਆਗੂ ਨੂੰ ਬਣਦਾ ਸਨਮਾਨ ਦਿੱਤਾ ਜਾਵੇਗਾ। ਇਸ ਮੌਕੇ ਸ਼ਾਮਲ ਹੋਏ ਆਗੂਆਂ ਨੇ ਕਿਹਾ ਕਿ ਅਸੀਂ ਸਾਰੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਨਾਲ ਹਰ ਵਕਤ ਮੋਢੇ ਨਾਲ ਮੋਢਾ ਜੋੜ ਕੇ ਖੜ੍ਹੇ ਰਹਾਂਗੇ। ਇਸ ਮੌਕੇ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਪੰਜਾਬ ਦੇ ਜ਼ੋਨ ਬਾਬਾ ਬਕਾਲਾ ਸਾਹਿਬ ਦੇ ਆਗੂ ਅਜੀਤ ਸਿੰਘ ਠੱਠੀਆਂ, ਸੰਤੋਖ ਸਿੰਘ ਬੁਤਾਲਾ, ਨਿਰਮਲ ਸਿੰਘ ਖਾਨਪੁਰ, ਕਰਮ ਸਿੰਘ ਬਲਸਰਾਂ, ਦਲਜੀਤ ਸਿੰਘ ਬੱਲ ਸਰਾਂ, ਜੋਗਿੰਦਰ ਸਿੰਘ ਵਦਾਦਪੁਰ, ਪ੍ਰਧਾਨ ਤਰਸੇਮ ਸਿੰਘ, ਭੁਪਿੰਦਰ ਸਿੰਘ, ਮੇਵਾ ਸਿੰਘ, ਨੰਬਰਦਾਰ ਰਘਬੀਰ ਸਿੰਘ ਬੁਤਾਲਾ , ਅਮਰੀਕ ਸਿੰਘ ਟੈਂਟ ਵਾਲੇ ਦਰਬਾਰਾ ਸਿੰਘ, ਪ੍ਰੈੱਸ ਸਕੱਤਰ ਸੁਰਜੀਤ ਸਿੰਘ ਆਦਿ ਹਾਜ਼ਰ ਸਨ।

# ਲੋਕਾਂ ਨੂੰ ਆਨਲਾਈਨ ਸੇਵਾਵਾਂ ਦੇਣ 'ਚ ਜ਼ਿਲ੍ਹਾ ਅੰਮ੍ਰਿਤਸਰ ਅੱਵਲ

**ਅੰਮ੍ਰਿਤਸਰ (ਨਰਿੰਦਰਜੀਤ ਸਿੰਘ)**-ਡਿਪਟੀ ਕਮਿਸ਼ਨਰ ਘਨਸ਼ਾਮ ਥੋਰੀ ਨੇ ਜ਼ਿਲ੍ਹੇ ਦੇ ਕਰਮਚਾਰੀਆਂ ਨੂੰ ਇੱਕ ਵਾਰ ਫਿਰ ਵਧਾਈ ਦਿੰਦਿਆਂ ਦੱਸਿਆ ਕਿ ਅੰਮ੍ਰਿਤਸਰ ਜ਼ਿਲ੍ਹਾ 99.97 ਫੀਸਦੀ ਲੋਕਾਂ ਨੂੰ ਸਮੇਂ ਸਿਰ ਸੇਵਾਵਾਂ ਮੁਹੱਈਆ ਕਰਵਾ ਕੇ ਰਾਜ ਵਿਚੋਂ ਪਹਿਲੇ ਸਥਾਨ 'ਤੇ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਪਹਿਲਾਂ ਈ-ਸੇਵਾ ਕੇਂਦਰ ਰਾਹੀਂ ਨਾਗਰਿਕਾਂ ਨੂੰ ਦਿੱਤੀਆਂ ਜਾਣ ਵਾਲੀਆਂ ਸੇਵਾਵਾਂ ਮੁਹੱਈਆ ਕਰਵਾਉਣ ਵਿੱਚ ਅੰਮ੍ਰਿਤਸਰ ਜ਼ਿਲ੍ਹਾ ਪਹਿਲੇ ਨੰਬਰ 'ਤੇ ਸੀ ਪਰ ਪਿਛਲੇ ਕੁਝ ਦਿਨਾਂ ਵਿੱਚ ਹੀ ਈ-ਸੇਵਾ ਬਕਾਇਆ ਕੇਸਾਂ ਨੂੰ ਲੈ ਕੇ ਖ਼ਤਮ ਕਰਨ ਲਈ ਤੁਹਾਡੇ ਦੁਆਰਾ ਕੀਤੀਆਂ ਗਈਆਂ ਸਖ਼ਤ ਕੋਸ਼ਿਸ਼ਾਂ ਸਦਕਾ ਪੈਂਡੇਂਸੀ ਨੂੰ ਵੱਡੀ ਹੱਦ ਤੱਕ ਖ਼ਤਮ ਕਰ ਦਿੱਤਾ ਗਿਆ ਹੈ।

ਉਨਾਂ ਕਿਹਾ ਕਿ ਇਸ ਪੱਧਰ 'ਤੇ ਰਹਿਣ ਲਈ ਅਧਿਕਾਰੀਆਂ ਅਤੇ ਸਬੰਧਤ ਕਰਮਚਾਰੀਆਂ ਨੂੰ ਹੋਰ ਜ਼ਿਆਦਾ ਸਖ਼ਤ ਮਿਹਨਤ ਕਰਨ ਦੀ ਜ਼ਰੂਰਤ ਹੈ। ਉਨ੍ਹਾਂ ਦੱਸਿਆ ਕਿ ਉਨ੍ਹਾਂ ਦੀ ਪਹਿਲੀ ਤਰਜੀਹ ਸੇਵਾ ਕੇਂਦਰਾਂ ਦੀ ਪੈਂਡੈਂਸੀ ਨੂੰ ਖ਼ਤਮ ਕਰਨਾ ਸੀ, ਜਿਸ ਵਿੱਚ ਸਫ਼ਲਤਾ ਮਿਲੀ ਹੈ। ਵਰਣਨਯੋਗ ਹੈ ਕਿ ਕਿ ਲੋਕਾਂ ਨੂੰ 90 ਫੀਸਦੀ ਕੰਮ ਸੇਵਾ ਕੇਂਦਰਾਂ ਅਤੇ ਫਰਦ ਕੇਂਦਰਾਂ ਨਾਲ ਪੈਂਦੇ ਹਨ ਅਤੇ ਪੈਂਡੈਂਸੀ ਖ਼ਤਮ ਹੋਣ ਨਾਲ ਲੋਕਾਂ ਨੂੰ ਕਾਫ਼ੀ ਰਾਹਤ ਮਿਲੀ ਹੈ।

# ਕਣਕ ਦੀ ਫਸਲ ਦੇ ਪੀਲੇਪਣ ਦਾ ਕਾਰਨ ਲੱਭ ਕੇ ਸਹੀ ਇਲਾਜ ਕਰਨਾ ਬਹੁਤ ਜ਼ਰੂਰੀ : ਡਾ. ਅਮਰੀਕ ਸਿੰਘ



**ਧਾਰੀਵਾਲ (ਮਨਦੀਪ ਸਿੰਘ ਵਿੱਕੀ)**-ਜ਼ਿਆਦਾ ਪਾਣੀ ਲੱਗਣ ਕਾਰਨ ਕਣਕ ਦੀ ਫਸਲ ਦੇ ਪੌਦਿਆਂ ਦੀ ਜੜ੍ਹ ਖੇਤਰ ਵਿਚਲੇ ਮਿੱਟੀ ਦੇ ਮੁਸਾਮ ਪਾਣੀ ਨਾਲ ਭਰ ਜਾਂਦੇ ਹਨ ਅਤੇ ਫਸਲ ਦੀਆਂ ਜੜ੍ਹਾਂ ਨੂੰ ਆਕਸੀਜਨ ਘੱਟ ਮਿਲਦੀ ਹੈ, ਨਤੀਜੇ ਵੱਜੋਂ ਫਸਲ ਦੇ ਮੁੱਢਲੇ ਵਾਧੇ ਤੇ ਮਾੜਾ ਪ੍ਰਭਾਵ ਪੈਂਦਾ ਹੈ ਅਤੇ ਫਸਲ ਪੀਲੀ ਪੈ ਜਾਂਦੀ ਹੈ, ਜਿਸ ਦਾ ਇਲਾਜ ਖੇਤੀ ਮਾਹਿਰਾਂ ਦੀ ਸਲਾਹ ਨਾਲ ਕਰਨ ਦੀ ਜ਼ਰੂਰਤ ਹੈ। ਇਹ ਵਿਚਾਰ ਡਾ. ਅਮਰੀਕ ਸਿੰਘ ਜ਼ਿਲਾ ਸਿਖਲਾਈ ਅਫਸਰ ਨੇ ਪਿੰਡ ਪੁਰੋਵਾਲ ਰਾਜਪੂਤਾਂ ਵਿੱਚ ਗੁਰਦੀਪ ਸਿੰਘ ਦੇ ਖੇਤਾਂ ਵਿੱਚ ਖਾਦ ਦੀ ਵਰਤੋਂ ਕਰ ਰਹੇ ਕਿਸਾਨਾਂ ਨਾਲ ਗੱਬਾਤ ਕਰਦਿਆਂ ਕਹੇ। ਕਿਸਾਨਾਂ ਨਾਲ ਗੱਲਬਾਤ ਕਰਦਿਆਂ ਡਾ. ਅਮਰੀਕ ਸਿੰਘ ਨੇ ਕਿਹਾ ਕਿ ਵਧੇਰੇ ਸਿੱਲ ਜਾਂ ਭਾਰੀ ਜ਼ਮੀਨਾਂ ਵਾਲੇ ਇਲਾਕਿਆਂ ਵਿੱਚ ਕਣਕ ਦੀ ਫਸਲ ਨੂੰ ਪਹਿਲਾ ਪਾਣੀ ਭਾਰੀ ਲੱਗਣ ਕਾਰਨ ਕਣਕ ਦੀ ਫਸਲ ਪੀਲੀ ਹੋ ਜਾਂਦੀ ਹੈ ਜੋ ਸਮੇਂ ਨਾਲ ਠੀਕ ਹੋ ਜਾਂਦੀ ਹੈ। ਇਸ ਲਈ ਕਿਸਾਨਾਂ ਨੂੰ ਘਬਰਾਉਣ ਦੀ ਜ਼ਰੂਰਤ ਨਹੀਂ ਹੈ। ਉਨ੍ਹਾਂ ਕਿਹਾ ਕਿ ਕਣਕ ਦੀ ਫਸਲ ਦਾ ਇਹ ਪੀਲਾਪਣ ਜ਼ਮੀਨ ਵਿੱਚ ਹਵਾਖੋਰੀ ਦੀ ਕਮੀ ਕਾਰਨ ਹੋਵੇ ਤਾਂ ਵੱਤਰ ਆਉਣ ਤੇ 3 ਕਿਲੋ ਯੂਰੀਆ ਪ੍ਰਤੀ ਏਕੜ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਗੋਲ ਨੋਜ਼ਲ ਨਾਲ ਛਿੜਕਾਅ ਕਰ ਦੇਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਖੇਤਾਂ ਵਿੱਚ ਝੋਨੇ ਦੀ ਪਰਾਲੀ ਦੀ ਸੰਭਾਲ ਕਰਕੇ ਸੁਪਰ ਸੀਡਰ/ਸਮਾਰਟ ਸੀਡਰ ਜਾਂ ਸਰਫੇਸ ਸੀਡਿੰਗ/ਮਲਚਿੰਗ ਤਕਨੀਕ ਨਾਲ ਕਣਕ ਦੀ ਬਿਜਾਈ ਕੀਤੀ ਹੈ ਉਨ੍ਹਾਂ ਖੇਤਾਂ ਵਿੱਚ ਯੂਰੀਆ ਖਾਦ ਦੀ ਦੂਜੀ ਕਿਸ਼ਤ ਦਾ ਛੱਟਾ ਦੇਣ ਦੀ ਬਜਾਏ ਛਿੜਕਾਅ ਕਰ ਦੇਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜ਼ਮੀਨ ਵਿੱਚ ਮੈਂਗਨੀਜ਼ ਦੀ ਪੂਰਤੀ ਲਈ 200 ਲਿਟਰ ਪਾਣੀ ਵਿੱਚ ਇੱਕ ਕਿਲੋ ਮੈਂਗਨੀਜ਼ ਸਲਫੇਟ ਪ੍ਰਤੀ ਏਕੜ ਦਾ ਛਿੜਕਾਓ ਕਰ ਦੇਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਕਈ ਕਿਸਾਨ ਦੁਕਾਨਦਾਰਾਂ ਦੇ ਕਹੇ ਮੈਗਨੀਸ਼ੀਅਮ ਸਲਫੇਟ ਦੀ ਦਾ ਛਿੜਕਾਅ ਵੀ ਕਣਕ ਦੀ ਫਸਲ ਵਿੱਚ ਕਰ ਰਹੇ ਹਨ ਜੋ ਗਲਤ ਹੈ। ਉਨ੍ਹਾਂ ਕਿਹਾ ਕਿ ਕਿਸੇ ਦੇ ਕਹਿਣ 'ਤੇ ਛਿੜਕਾਅ ਕਰਨ ਦੀ ਬਜਾਏ ਕਿਸਾਨ ਆਪਣੇ ਹਲਕੇ ਨਾਲ ਸੰਬੰਧਤ ਖੇਤੀਬਾੜੀ ਵਿਕਾਸ ਅਫਸਰ/ਖੇਤੀਬਾਵੀ ਵਿਸਥਾਰ ਅਫਸਰ ਜਾਂ ਖੇਤੀਬਾੜੀ ਅਫਸਰ ਜਾਂ ਮੁੱਖ ਖੇਤੀਬਾੜੀ ਅਫਸਰ ਨਾਲ ਸੰਪਰਕ ਕਰ ਸਕਦੇ ਹਨ ਅਤੇ ਉਨ੍ਹਾਂ ਵੱਲੋਂ ਕੀਤੀਆਂ ਸਿਫਾਰਸ਼ਾਂ ਅਨੁਸਾਰ ਹੀ ਇਲਾਜ ਕਰਨਾ ਚਾਹੀਦਾ। ਉਨ੍ਹਾਂ ਕਿਹਾ ਕਿ ਨਦੀਨਨਾਸ਼ਕਾਂ ਦੀ ਕਾਰਜਕੁਸ਼ਲਤਾ ਵਧਾਉਣ ਲਈ ਛਿੜਕਾਅ ਦਾ ਤਰੀਕਾ, ਸਮਾਂ ਅਤੇ ਮਾਤਰਾ ਦਾ ਸਹੀ ਹੋਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਕਿਹਾ ਕਿ ਛਿੜਕਾਅ ਸਾਫ ਮੌਸਮ ਵਿੱਚ ਅਤੇ ਇਕਸਾਰ ਕਰਨਾ ਚਾਹੀਦਾ।

# ਚਾਂਦਨੀ ਚੌਕ ਤੋਂ ਸਰਹਿੰਦ ਤੱਕ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਸਿੱਖ ਇਤਿਹਾਸ ਦੀ ਹੋਈ ਪੇਸ਼ਕਾਰੀ

## ਇਤਿਹਾਸ ਸਾਨੂੰ ਅਣਖ ਨਾਲ ਜਿਊਣਾ ਸਿਖਾਉਂਦਾ ਹੈ : ਗਿ. ਹਰਪ੍ਰੀਤ ਸਿੰਘ



**ਅੰਮ੍ਰਿਤਸਰ (ਜਸਬੀਰ ਸਿੰਘ ਪੱਟੀ)**-ਗੁਰੂ ਤੇਗ ਬਹਾਦਰ ਸਾਹਿਬ ਜੀ ਅਤੇ ਚਾਰ ਸਾਹਿਬਜ਼ਾਦਿਆਂ ਦੀ ਸ਼ਹਾਦਤ ਬਾਰੇ ਜਾਣਕਾਰੀ ਦੇਣ ਲਈ ਗੁਰਦੁਆਰਾ ਸੱਤ ਭਾਈ ਗੋਲਾ ਜੀ, ਮੋਤੀ ਨਗਰ ਦਿੱਲੀ ਵੱਲੋਂ ਇਤਿਹਾਸਕ ਪ੍ਰੋਗਰਾਮ ਉਲੀਕਿਆ ਗਿਆ। ਕਮਿਊਨਿਟੀ ਸੈਂਟਰ, ਮੋਤੀ ਨਗਰ ਵਿਖੇ 'ਚਾਂਦਨੀ ਚੌਕ ਤੋਂ ਸਰਹਿੰਦ ਤੱਕ' ਨਾਮ ਦੇ ਹੋਏ ਲਾਈਟ ਐਂਡ ਸਾਊਂਡ ਸ਼ੋਅ ਰਾਹੀਂ ਸਿੱਖ ਇਤਿਹਾਸ ਨੂੰ ਅਤਿ-ਆਧੁਨਿਕ ਢੰਗ ਨਾਲ ਪੇਸ਼ ਕੀਤਾ ਗਿਆ।

ਪੰਜਾਬੀ ਰੰਗਮੰਚ, ਪਟਿਆਲਾ ਦੇ ਕਲਾਕਾਰਾਂ ਨੇ ਗੁਰਮਤਿ ਦੀ ਰੌਸ਼ਨੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਵੱਲੋਂ ਨਿਰਧਾਰਤ ਨਿਯਮਾਂ ਤਹਿਤ ਵਿਲੱਖਣ ਸਿੱਖ ਇਤਿਹਾਸ ਨੂੰ ਸੰਗਤਾਂ ਦੇ ਸਨਮੁੱਖ ਪੇਸ਼ ਕੀਤਾ। ਇਸ ਮੌਕੇ ਵਿਸ਼ੇਸ਼ ਤੌਰ 'ਤੇ ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਇਤਿਹਾਸ ਖੋਜਕਰਤਾ ਤੇ ਸਿੱਖ ਚਿੰਤਕ ਡਾ: ਅਨੁਰਾਗ ਸਿੰਘ ਅਤੇ ਪ੍ਰਚਾਰਕ ਭਾਈ ਹਿਰਦੇਜੀਤ ਸਿੰਘ ਨੇ ਇਨ੍ਹਾਂ ਮਹਾਨ ਸ਼ਹਾਦਤਾਂ ਬਾਰੇ ਆਪਣੇ ਵਿਚਾਰ ਸਾਂਝੇ ਕੀਤੇ। ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਚਮਕੌਰ ਸਾਹਿਬ ਦੀ ਜੰਗ ਵਰਗੀ ਦੂਜੀ ਜੰਗ ਨਾ ਕਦੇ ਇਤਿਹਾਸ ਵਿਚ ਕਦੇ ਹੋਈ ਹੈ ਅਤੇ ਨਾ ਹੋਣ ਦੀ ਸੰਭਾਵਨਾ ਹੈ ਕਿਉਂਕਿ ਇਸ ਜੰਗ ਵਿਚ ਇੱਕ ਪਾਸੇ 10 ਲੱਖ ਫੌਜ ਸੀ ਤੇ ਦੂਜੇ ਪਾਸੇ ਸਿਰਫ 40 ਸਿੱਖ। ਇਸ ਲਈ ਸਾਨੂੰ ਇਤਿਹਾਸ ਦੇ ਨਕਸ਼ੇ ਤੋਂ ਗਾਇਬ ਹੋਣ ਦੀ ਬਜਾਏ ਇਤਿਹਾਸ ਤੋਂ ਸਬਕ ਸਿੱਖਣਾ ਚਾਹੀਦਾ ਹੈ। ਜਿਵੇਂ ਗੁਰਬਾਣੀ ਸਾਨੂੰ ਸਬਕ ਸਿਖਾਉਂਦੀ ਹੈ, ਉਵੇਂ ਇਤਿਹਾਸ ਵੀ ਸਾਨੂੰ ਸੇਧ ਦਿੰਦਾ ਹੈ।

ਇਸ ਕਰਕੇ ਸਾਨੂੰ ਇਤਿਹਾਸ ਸਮਝਣਾ ਸਮੇਂ ਦੀ ਵੱਡੀ ਲੋੜ ਹੈ। ਇਤਿਹਾਸ ਸਮਝ ਕੇ ਸਾਨੂੰ ਚੰਗੇ-ਮਾੜੇ ਦਾ ਫ਼ਰਕ ਕਰਨਾ ਆ ਜਾਵੇਗਾ। ਇਤਿਹਾਸ ਸਾਨੂੰ ਰਾਜਨੀਤੀ ਤੇ ਅਣਖ ਨਾਲ ਜਿਊਣਾ ਸਿਖਾਉਂਦਾ ਹੈ, ਇਤਿਹਾਸ ਸਾਨੂੰ ਡਿੱਗਣ ਨਹੀਂ ਦਿੰਦਾ। ਇਸ ਲਈ ਇਤਿਹਾਸ ਪੜ੍ਹਨਾ, ਸੁਣਨਾ ਤੇ ਬੋਲਣਾ ਸਮੇਂ ਦੀ ਲੋੜ ਹੈ। ਪਰ ਅਸੀਂ ਇਤਿਹਾਸ ਨੂੰ ਸਮਝਣ ਵੇਲੇ ਉਨ੍ਹਾਂ ਮਹਾਨ ਗੁਰਸਿੱਖਾਂ ਨੂੰ ਨਜ਼ਰਅੰਦਾਜ਼ ਨਹੀਂ ਕਰਨਾ, ਜਿਨ੍ਹਾਂ ਨੇ ਸਿੱਖ ਕੌਮ ਲਈ ਹਾਂ-ਪੱਖੀ ਰੋਲ ਨਿਭਾਇਆ ਹੈ। ਡਾ. ਅਨੁਰਾਗ ਸਿੰਘ ਨੇ ਇਤਿਹਾਸ ਵਿਚੋਂ ਹਵਾਲੇ ਦਿੰਦੇ ਹੋਏ ਕਿਹਾ ਕਿ ਬਿਨਾਂ ਇਨਸਾਨੀਅਤ ਧਰਮ ਦੀ ਕਲਪਨਾ ਨਹੀਂ ਕੀਤੀ ਜਾ ਸਕਦੀ। ਯੁੱਧ ਤੇ ਧਰਮ ਯੁੱਧ ਵਿਚ ਇਹੀ ਚੀਜ਼ ਫਰਕ ਪੈਦਾ ਕਰਦੀ ਹੈ। ਇਸ ਦਾ ਹਵਾਲਾ ਸਨਾਤਨ ਧਰਮ ਦੇ ਗ੍ਰੰਥਾਂ ਦੇ ਨਾਲ ਹੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਮਿਲਦਾ ਹੈ। ਗੁਰੂ ਨਾਨਕ ਸਾਹਿਬ ਜੀ ਧਰਮਸ਼ਾਲ ਦੀ ਗੱਲ ਕਰਦੇ ਹੋਏ ਧਰਮ ਦੀ ਗੱਲ ਨੂੰ ਸਮਝਾਉਂਦੇ ਹਨ। ਗੁਰਦੁਆਰਾ ਸਤ ਭਾਈ ਗੋਲਾ ਜੀ ਦੇ ਮੁੱਖ ਸੇਵਾਦਾਰ ਅਮਰਜੀਤ ਸਿੰਘ ਨੇ ਗਿਆਨੀ ਹਰਪ੍ਰੀਤ ਸਿੰਘ ਅਤੇ ਡਾਕਟਰ ਅਨੁਰਾਗ ਸਿੰਘ ਨੂੰ ਕਿਰਪਾਨ ਦੇ ਕੇ ਸਨਮਾਨਿਤ ਕੀਤਾ।

ਇਸ ਮੌਕੇ ਭਾਈ ਬੀਬਾ ਸਿੰਘ ਖਾਲਸਾ ਸਕੂਲ ਦੇ ਮੈਨੇਜਰ ਡਾਕਟਰ ਪਰਮਿੰਦਰ ਪਾਲ ਸਿੰਘ ਨੇ ਸਟੇਜ ਸਕੱਤਰ ਦੀ ਸੇਵਾ ਨਿਭਾਈ। ਇਸ ਪ੍ਰੋਗਰਾਮ ਨੂੰ ਕਾਮਯਾਬ ਬਣਾਉਣ ਵਿਚ ਭਾਬੜਾ ਬਰਾਦਰੀ (ਮੁਲਤਾਨ), ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਸਨਾਤਨ ਧਰਮ ਮੰਦਰ, ਸਤਿਆ ਨਾਰਾਇਣ ਮੰਦਰ ਅਤੇ ਮੋਤੀ ਨਗਰ ਦੀਆਂ ਤਮਾਮ ਜਥੇਬੰਦੀਆਂ ਨੇ ਵਿਸ਼ੇਸ਼ ਸਹਿਯੋਗ ਕੀਤਾ।

# ਅਮਨਦੀਪ ਕੌਰ ਤਲਵੰਡੀ ਬਲਾਕ ਘਰਿਆਲਾ ਦੀ ਪ੍ਰਧਾਨ ਨਿਯੁਕਤ



ਪੱਟੀ, (ਬਲਦੇਵ ਸਿੰਘ ਸੰਧੂ/ਸ਼ਮਸ਼ੇਰ ਸਿੰਘ ਯੋਧਾ)-ਆਲ ਇੰਡੀਆ ਆਸ਼ਾ ਵਰਕਰਜ਼ ਯੂਨੀਅਨ ਬਲਾਕ ਘਰਿਆਲਾ ਦੀ ਮੀਟਿੰਗ ਹਰੀਕੇ ਵਿਖੇ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਫੀਲਡ ਸਟਾਫ ਨੂੰ ਆਉਂਦੀਆਂ ਮੁਸ਼ਕਿਲਾਂ ਸਬੰਧੀ ਵਿਚਾਰ ਚਰਚਾ ਕਰਨ ਮਗਰੋਂ ਬਲਾਕ ਯੂਨੀਅਨ ਦਾ ਪੁਨਰਗਠਨ ਕੀਤਾ ਗਿਆ। ਸਰਬਸੰਮਤੀ ਨਾਲ ਅਮਨਦੀਪ ਕੌਰ ਤਲਵੰਡੀ ਨੂੰ ਪ੍ਰਧਾਨਗੀ ਦੇ ਅਹੁਦੇ ਨਾਲ ਨਿਵਾਜਿਆ ਗਿਆ। ਇਸ ਦੇ ਨਾਲ ਹੀ ਹਰਜੀਤ ਕੌਰ ਚੂਸਲੇਵੜ ਨੂੰ ਵਿੱਤ ਸਕੱਤਰ ਥਾਪਿਆ ਗਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਅਮਨਦੀਪ ਕੌਰ ਨੇ ਕਿਹਾ ਕਿ ਸਾਥੀ ਆਸ਼ਾ ਵਰਕਰਾਂ ਵੱਲੋਂ ਜੋ ਭਰੋਸਾ ਮੇਰੇ 'ਤੇ ਜਤਾਇਆ ਗਿਆ ਹੈ ਉਸ ਨੂੰ ਹਰ ਸੰਭਵ ਬਰਕਰਾਰ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਆਸ਼ਾ ਵਰਕਰਾਂ ਦੇ ਹਰ ਮਸਲੇ ਦੇ ਹੱਲ ਲਈ ਤੱਤਪਰ ਰੋਲ ਅਦਾ ਕਰਨ ਦੇ ਨਾਲ-ਨਾਲ ਫੀਲਡ ਸਟਾਫ ਦੀਆਂ ਸਮੱਸਿਆਵਾਂ ਦਾ ਪਹਿਲ ਦੇ ਆਧਾਰ 'ਤੇ ਨਿਪਟਾਰਾ ਕੀਤਾ ਜਾਵੇਗਾ। ਇਸ ਮੌਕੇ ਬੋਲਦਿਆਂ ਜ਼ਿਲ੍ਹਾ ਪ੍ਰਧਾਨ ਮਨਜਿੰਦਰ ਕੌਰ ਹਰੀਕੇ ਚੋਣਾਂ ਦੌਰਾਨ ਵੋਟਾਂ ਬਟੋਰਨ ਲਈ ਹਰ ਸਿਆਸੀ ਧਿਰ ਵੱਲੋਂ ਆਸ਼ਾ ਵਰਕਰਜ਼ ਨਾਲ ਵੱਡੇ ਵੱਡੇ ਵਾਅਦੇ ਕੀਤੇ ਜਜ਼ਦੇ ਹਨ ਪਰ ਨਤੀਜੇ ਤੋ ਬਾਅਦ ਵਾਅਦੇ ਵਿਸਾਰ ਦਿੱਤੇ ਜਾਦੇ ਹਨ ਪਰ ਹੁਣ ਹੱਕੀ ਮੰਗਾਂ ਲਈ ਵੱਡੇ ਸੰਘਰਸ਼ ਦੀ ਤਿਆਰੀ ਕੀਤੀ ਜਾ ਰਹੀ ਹੈ ਜੋ ਹੱਕ ਮਿਲਣ ਤੱਕ ਜਾਰੀ ਰਹੇਗਾ। ਇਸ ਮੌਕੇ ਗੁਰਵਿੰਦਰ ਕੌਰ ਮੱਖੀ ਕਲਾਂ, ਵੀਰਪਾਲ ਕੌਰ, ਪਰਮਜੀਤ ਕੌਰ ਭੱਗੂਪੁਰ, ਰਾਜਬੀਰ ਕੌਰ ਬਰਵਾਲਾ, ਸਰਬਜੀਤ ਕੌਰ, ਰਾਜਵਿੰਦਰ ਕੌਰ, ਪ੍ਰਮਿੰਦਰ ਕੌਰ, ਕ੍ਰਿਸ਼ਨਾ, ਅਮਨਦੀਪ ਕੌਰ ਚੂਸਲੇਵੜ ਆਦਿ ਹਾਜ਼ਰ ਸਨ।

26-DEC-PAGE-12.qxd 12/25/2023 10:40 PM Page 1



# ਵਿਵਸਥਾ ਬਦਲਣ ਦਾ ਯਤਨ ਹੋਵੇਗਾ ਸਫਲ : ਮੁੱਖ ਮੰਤਰੀ



**ਪੰਚਕੂਲਾ, (ਕ੍ਰਿਸ਼ਨ ਗਰਗ)**- ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪਿਛਲੇ 9 ਸਾਲਾਂ ਤੋਂ ਵਿਵਸਥਾ ਬਦਲਣ ਦਾ ਯਤਨ ਕੀਤਾ ਹੈ ਅਤੇ ਉਨ੍ਹਾਂ ਨੇ ਅਨੁਸਾਸ਼ਨ ਨੂੰ ਹੀ ਸੁਸਾਸ਼ਨ ਦਾ ਆਧਾਰ ਮੰਨਿਆ ਹੈ। ਲੋਕਾਂ ਨੂੰ ਘਰ ਬੈਠੇ ਸਰਕਾਰੀ ਸੇਵਾਵਾਂ ਦਾ ਲਾਭ ਸਰਲਤਾ ਨਾਲ ਪਹੁੰਚੇ ਇਹੀ ਸੁਸਾਸ਼ਨ ਦਾ ਮੂਲ ਮੰਤਰ ਹੈ। ਮੁੱਖ ਮੰਤਰੀ ਮਨੋਹਰ ਲਾਲ ਪੰਚਕੂਲਾ 'ਚ ਸੁਸਾਸ਼ਨ ਦਿਵਸ 'ਤੇ ਪ੍ਰਬੰਧਿਤ ਰਾਜ ਪੱਧਰੀ ਪ੍ਰੋਗ੍ਰਾਮ ਨੂੰ ਬਤੌਰ ਮੁੱਖ ਮਹਿਮਾਨ ਵਜੋਂ ਮੌਜੂਦ ਅਧਿਕਾਰੀਆਂ ਤੇ ਹੋਰ ਲੋਕਾਂ ਨੂੰ ਸੰਬੋਧਿਤ ਕਰ ਰਹੇ ਸਨ। ਇਸ ਮੌਕੇ ਸਾਰੇ ਜਿਲ੍ਹਾ ਮੁੱਖ ਦਫਤਰਾਂ ਤੋਂ ਮੰਤਰੀਗਣ, ਸਾਂਸਦਗਣ, ਵਿਧਾਇਕ ਤੇ ਜਿਲ੍ਹਾ ਪ੍ਰਸਾਸ਼ਨ ਦੇ ਅਧਿਕਾਰੀ ਆਨਲਾਇਨ ਰਾਹੀਂ ਜੁੜੇ। ਮਹਾਮਨਾ ਪੰਡਤ ਮਦਨ ਮੋਹਨ ਮਾਲਵੀਆ ਅਤੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਭਾਰਤ ਰਤਨ ਸੁਰਗਵਾਸੀ ਸ੍ਰੀ ਅਟਲ ਬਿਹਾਰੀ ਵਾਜਪਾਈ ਦੇ ਜਨਮਦਿਨ 'ਤੇ ਦੋਵਾਂ ਮਹਾਪੁਰਸ਼ਾਂ ਨੂੰ ਨਮਨ ਕਰਦੇ ਹੋਏ ਮਨੋਹਰ ਲਾਲ ਨੇ ਕਿਹਾ ਕਿ ਸਾਬਕਾ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਦੀ ਅਗਵਾਈ ਹੇਠ ਹੀ ਦੇਸ਼ ਨੂੰ ਪੂਰਵ ਤੋਂ ਪੱਛਮ ਅਤੇ ਉੱਤਰ ਤੋਂ ਦੱਖਣ ਨਾਲ ਜੋੜਨ ਦਾ ਕੰਮ ਸ਼ੁਰੂ ਹੋਇਆ ਸੀ। ਸ੍ਰੀ ਮਨੋਹਰ ਲਾਲ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਅਗਵਾਈ ਹੇਠ ਅਮ੍ਰਿਤਕਾਲ 'ਚ ਜਿਨ੍ਹਾਂ ਪੰਚਪ੍ਰਣ ਰਾਹੀਂ ਭਾਰਤ ਵਿਕਸਿਤ ਅਤੇ ਆਤਮਨਿਰਭਰ ਬਨਣ ਦੇ ਵੱਲ ਵੱਧ ਰਿਹਾ ਹੈ, ਉਨ੍ਹਾਂ 'ਚੋਂ ਲਗਭਗ ਸਾਰੇ ਪ੍ਰਣ ਦੀ ਨੀਂਹ ਵਾਜਪਾਈ ਨੇ ਆਪਣੇ ਸੁਸਾਸ਼ਨ ਰਾਹੀਂ ਰੱਖ ਦਿੱਤੀ ਸੀ। ਇਸ ਮੌਕੇ ਮੁੱਖ ਮੰਤਰੀ ਨੇ ਸਾਲ 2024 ਦੇ ਕੈਲੰਡਰ ਦੀ ਘੁੰਡ ਚੁਕਾਈ ਵੀ ਕੀਤੀ। ਨਾਲ ਹੀ, ਉਨ੍ਹਾਂ ਨੇ 12 ਅਟਲ ਬਿਹਾਰੀ ਵਾਜਪਾਈ ਸੁਸਾਸ਼ਨ ਪੁਰਸਕਾਰ ਵੀ ਪ੍ਰਦਾਨ ਕੀਤੇ। ਇਸ ਮੌਕੇ ਵਿਧਾਨਸਭਾ ਸਪੀਕਰ ਗਿਆਨਚੰਦ ਗੁਪਤਾ, ਮੁੱਖ ਸਕੱਤਰ ਸੰਜੀਵ ਕੌਸ਼ਲ, ਪ੍ਰਧਾਨ ਸਲਾਹਕਾਰ ਸ਼ਹਿਰੀ ਵਿਕਾਸ ਡੀ ਐਸ ਢੇਸੀ, ਮੁੱਖ ਮੰਤਰੀ ਦੇ ਪ੍ਰਧਾਨ ਸਕੱਤਰ ਵੀ ਉਮਾਸ਼ੰਕਰ, ਮੁੱਖ ਮੰਤਰੀ ਦੇ ਵਧੀਕ ਪ੍ਰਧਾਨ ਸਕੱਤਰ ਡਾ. ਅਮਿਤ ਅਗਰਵਾਲ ਸਮੇਤ ਹੋਰ ਸੀਨੀਅਰ ਪ੍ਰਸਾਸ਼ਨਿਕ ਅਧਿਕਾਰੀ ਵੀ ਮੌਜੂਦ ਸਨ।

# ਮਾਤਾ ਮਨਸਾ ਦੇਵੀ ਮੰਦਰ 'ਚ ਖ਼ੂਨਦਾਨ ਕੈਂਪ ਲਾਇਆ

**ਪੰਚਕੂਲਾ ( ਕ੍ਰਿਸ਼ਨ ਗਰਗ)**-ਵਿਸ਼ਵਾਸ਼ ਫਾਊਂਡੇਸ਼ਨ ਨੇ ਗੁਰੂਦੇਵ ਸ੍ਰੀ ਸਵਾਮੀ ਵਿਸ਼ਵਾਸ਼ ਦੇ ਆਸ਼ੀਰਵਾਦ ਨਾਲ ਸ੍ਰੀ ਮਾਤਾ ਮਨਸਾ ਦੇਵੀ ਸਰਾਈਨ ਬੋਰਡ ਅਤੇ ਇੰਡੀਅਨ ਰੈੱਡ ਕਰਾਸ ਸੁਸਾਇਟੀ ਜਿਲ੍ਹਾ ਸਾਖਾ ਪੰਚਕੂਲਾ ਦੇ ਸਹਿਯੋਗ ਨਾਲ ਮਾਤਾ ਮਨਸਾ ਦੇਵੀ ਕੰਪਲੈਕਸ 'ਚ ਖ਼ੂਨਦਾਨ ਕੈਂਪ ਲਗਾਇਆ। ਵਿਸ਼ਵਾਸ਼ ਫਾਊਂਡੇਸ਼ਨ ਦੀ ਪ੍ਰਧਾਨ ਸਾਧਵੀ ਨੀਲਿਮਾ ਵਿਸ਼ਵਾਸ਼ ਨੇ ਦੱਸਿਆ ਕਿ ਬਲੱਡ ਬੈਂਕ ਸਿਵਲ ਹਸਪਤਾਲ ਸੈਕਟਰ-6 ਪੰਚਕੂਲਾ ਦੀ ਟੀਮ ਨੇ ਡਾਕਟਰ ਅਮਿਤ ਸਮਮੀ ਦੀ ਦੇਖ-ਰੇਖ ਹੇਠ 34 ਯੂਨਿਟ ਖ਼ੂਨ ਇਕੱਤਰ ਕੀਤਾ। ਖ਼ੂਨਦਾਨ ਕਰਨ ਲਈ ਕੁੱਲ 38 ਸ਼ਰਧਾਲੂਆਂ ਨੇ ਰਜਿਸਟ੍ਰੇਸ਼ਨ ਕੀਤੀ ਸੀ, ਜਿਨ੍ਹਾਂ 'ਚੋਂ 4 ਨੂੰ ਸਿਹਤ ਸੰਬੰਧੀ ਸਮੱਸਿਆਵਾਂ ਕਾਰਨ ਡਾਕਟਰਾਂ ਨੇ ਖ਼ੂਨਦਾਨ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਖ਼ੂਨਦਾਨ ਕੈਂਪ 'ਚ ਆਏ ਸਾਰੇ ਖ਼ੂਨਦਾਨੀਆਂ ਨੂੰ ਪ੍ਰਸੰਸਾ ਪੱਤਰ ਅਤੇ ਤੋਹਫੇ ਦੇ ਕੇ ਉਤਸਾਹਿਤ ਕੀਤਾ ਗਿਆ। ਇਸ ਮੌਕੇ ਰਿਸ਼ੀ ਮੋਹਿਤ ਵਿਸਵਾਸ, ਸ਼ਯਾਮ ਸੁੰਦਰ ਸਾਹਨੀ, ਸਵਿਤਾ ਸਾਹਨੀ, ਨਰਸਿੰਗ ਅਫਸਰ ਵੀਨਾ ਰਾਣੀ ਅਤੇ ਵਿਸਵਾਸ ਫਾਊਂਡੇਸਨ ਦੇ ਹੋਰ ਪਤਵੰਤੇ ਹਾਜ਼ਰ ਸਨ।

# ਸ਼ਹੀਦਾਂ ਦੀ ਯਾਦ ਨੂੰ ਸਮਰਪਿਤ ਗੁਰਮਤਿ ਸਮਾਗਮ ਕਰਵਾਏ



**ਮੇਹਟੀਆਣਾ (ਜਗਤਾਰ ਸਿੰਘ ਭੁੰਗਰਨੀ)** ਪਿੰਡ ਰਾਜਪੁਰ ਭਾਈਆਂ ਵਿਖੇ ਗੁਰਦੁਆਰਾ ਸੰਤ ਬਾਬਾ ਮੇਹਰ ਸਿੰਘ ਦੇ ਅਸਥਾਨ 'ਤੇ ਪਾਤਸ਼ਾਹੀ ਨੌਵੀਂ ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਸ਼ਹੀਦੀ ਦਿਹਾੜੇ, ਚਾਰ ਸਹਿਬਜਾਦਿਆਂ, ਮੋਤੀ ਰਾਮ ਮਹਿਰਾ, ਦੀਵਾਨ ਟੋਡਰ ਮੱਲ ਅਤੇ ਸ੍ਰੀ ਚਮਕੌਰ ਸਾਹਿਬ, ਸ੍ਰੀ ਫਤਹਿਗੜ੍ਹ ਸਾਹਿਬ ਦੇ ਸਮੂਹ ਸ਼ਹੀਦਾਂ ਦੀ ਯਾਦ ਵਿੱਚ ਸਾਲਾਨਾ ਮਹਾਨ ਗੁਰਮਤਿ ਸਮਾਗਮ ਸ਼ਰਧਾ ਭਾਵਨਾ ਨਾਲ ਕਰਵਾਏ ਗਏ। ਇਸ ਮੌਕੇ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਨੰਬਰਦਾਰ ਸੁਖਵਿੰਦਰ ਸਿੰਘ, ਜਸਵੀਰ ਸਿੰਘ ਸੰਘਾ, ਪ੍ਰਤੀਮ ਸਿੰਘ ਖਾਲਸਾ ਨੇ ਦੱਸਿਆ ਕਿ ਅੰਮ੍ਰਿਤ ਵੇਲੇ ਸ੍ਰੀ ਸਾਹਿਜ ਪਾਠ ਸਾਹਿਬ ਜੀ ਦੇ ਭੋਗ ਪਾਏ ਗਏ। ਉਪਰੰਤ ਦੀਵਾਨ ਹਾਲ ਵਿੱਚ ਭਾਈ ਅਮਰਜੀਤ ਸਿੰਘ ਹੈੱਡ ਗ੍ਰੰਥੀ ਰਾਜਪੁਰ ਭਾਈਆਂ, ਭਾਈ ਤਰਲੋਚਨ ਸਿੰਘ ਦੌਲੀਕੇ ਇੰਟਰਨੈਸ਼ਨਲ ਕਵੀਸਰੀ ਜੱਥਾ ਗੁਰਬਾਣੀ ਗੁਰਇਤਿਹਾਸ, ਕਵੀਸ਼ਰੀ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਪ੍ਰਬੰਧਕਾਂ ਵੱਲੋਂ ਸਹਿਯੋਗੀਆਂ ਨੂੰ ਸਿਰੋਪਾਓ ਦੇ ਕੇ ਸਨਮਾਨਿਤ ਕੀਤਾ ਗਿਆ। ਇਸ ਮੌਕੇ ਪ੍ਰਧਾਨ ਨੰਬਰਦਾਰ ਸੁਖਵਿੰਦਰ ਸਿੰਘ ਸੱਤਾ, ਜਸਵੀਰ ਸਿੰਘ ਸੰਘਾ, ਪ੍ਰੀਤਮ ਸਿੰਘ ਖਾਲਸਾ, ਮਨਜੀਤ ਸਿੰਘ ਸੈਕਟਰੀ, ਸੁਖਦੇਵ ਸਿੰਘ ਖਜਾਨਚੀ, ਕੁਲਵਿੰਦਰ ਸਿੰਘ, ਗੁਰਇੰਦਰ ਸਿੰਘ, ਸੁਖਦੇਵ ਸਿੰਘ ਸੰਘਾ, ਹਰਪਾਲ ਸਿੰਘ ਸੰਘਾ ਸਾਬਕਾ ਸਰਪੰਚ, ਸੁਰਜੀਤ ਸਿੰਘ, ਭੁਪਿੰਦਰ ਸਿੰਘ, ਮੁੱਖਤਿਆਰ ਸਿੰਘ, ਸੁਰਜੀਤ ਸਿੰਘ ਬਿੱਲਾ ਆਦਿ ਹਾਜਰ ਸਨ।

# 'ਵਿਕਸਤ ਭਾਰਤ ਸੰਕਲਪ ਯਾਤਰਾ' ਤਹਿਤ ਕੈਂਪ 'ਚ ਲੋਕਾਂ ਨੇ ਸਰਕਾਰੀ ਸਕੀਮਾਂ ਦਾ ਲਾਭ ਉਠਾਇਆ

**ਸਾਹਿਬਜਾਦਾ ਅਜੀਤ ਸਿੰਘ ਨਗਰ, (ਕ੍ਰਿਸ਼ਨ ਗਰਗ)**- ਜਿਲ੍ਹਾ ਪ੍ਰਸ਼ਾਸਨ ਦੇ ਦਿਸ਼ਾ-ਨਿਰਦੇਸ਼ ਤੇ ਵਿਕਸਤ ਭਾਰਤ ਸੰਕਲਪ ਯਾਤਰਾ ਤਹਿਤ ਪਿੰਡ ਸਵਾੜਾ ਵਿਖੇ ਭਾਰਤ ਸਰਕਾਰ ਵੱਲੋਂ ਕਮਜ਼ੋਰ ਵਰਗਾਂ ਲਈ ਚਲਾਈਆਂ ਜਾ ਰਹੀਆਂ ਭਲਾਈ ਸਕੀਮਾਂ ਬਾਰੇ ਜਾਣੂ ਕਰਵਾਉਣ ਅਤੇ ਲਾਭਪਾਤਰੀਆਂ ਨੂੰ ਸੇਵਾਵਾਂ ਦੇਣ ਲਈ ਵੱਖ-ਵੱਖ ਵਿਭਾਗਾਂ ਵਲੋਂ ਕੈਂਪ ਲਗਾਇਆ ਗਿਆ। ਇਸ ਮੌਕੇ ਸਿਹਤ ਤੇ ਪਰਵਾਰ ਭਲਾਈ ਵਿਭਾਗ ਭਾਰਤ ਸਰਕਾਰ ਦੇ ਡਿਪਟੀ ਸਕੱਤਰ ਡਾ. ਨਿਧੀ ਕੇਸਰਵਾਨੀ ਅਤੇ ਐਡੀਸ਼ਨਲ ਡਿਪਟੀ ਕਮਿਸ਼ਨਰ (ਡੀ) ਮੋਹਾਲੀ ਸੋਨਮ ਚੌਧਰੀ ਨੇ ਜਾਗਰੂਕਤਾ ਕੈਂਪ 'ਚ ਵਿਸ਼ੇਸ਼ ਤੌਰ 'ਤੇ ਸ਼ਮੂਲੀਅਤ ਕੀਤੀ। ਇਸ ਮੌਕੇ ਸਿਵਲ ਸਰਜਨ ਡਾ. ਮਹੇਸ਼ ਕੁਮਾਰ ਅਹੂਜਾ, ਅਸਿਸਟੈਂਟ ਪ੍ਰੋਗਰਾਮ ਅਫਸਰ ਡਾ. ਸੰਗੀਤਾ, ਅਸਿਸਟੈਂਟ ਸਿਵਲ ਸਰਜਨ ਡਾ. ਰੇਨੂੰ, ਸੀਨੀਅਰ ਮੈਡੀਕਲ ਅਫਸਰ ਡਾ. ਸੁਰਿੰਦਰਪਾਲ ਕੌਰ, ਬੀ.ਡੀ.ਪੀ.ਓ. ਲੈਨਿਨ ਗਰਗ, ਡਾ. ਗਗਨਦੀਪ ਸਿੰਘ, ਬਲਾਕ ਐਕਸਟੈਨਸਨ ਐਜੂਕੇਟਰ ਗੌਤਮ ਰਿਸ਼ੀ, ਐਸ.ਟੀ.ਐਲ.ਐਸ. ਸੰਧਿਆ ਸ਼ਰਮਾ, ਐਸ ਟੀ ਐਸ ਰਾਜੀਵ ਕੁਮਾਰ, ਕਮਿਊਨਿਟੀ ਹੈਲਥ ਅਫ਼ਸਰ ਮਨਪ੍ਰੀਤ ਕੌਰ, ਐਲ ਐਚ ਵੀ ਕ੍ਰਿਸ਼ਨਾ ਰਾਣੀ, ਐਲ ਡੀ ਐਮ ਐਮ ਕੇ ਭਾਰਦਵਾਜ, ਐਨ ਐਫ ਐਲ ਦੇ ਮੈਨੇਜਰ ਗਗਨਦੀਪ ਸਿੰਘ, ਪਿੰਡ ਸਵਾੜਾ ਦੇ ਸਰਪੰਚ ਕੰਵਲਜੀਤ ਕੌਰ ਅਤੇ ਹੋਰ ਅਧਿਕਾਰੀ ਤੇ ਕਰਮਚਾਰੀ ਮੌਜੂਦ ਸਨ। ਭਾਰਤ ਸਰਕਾਰ ਦੇ ਡਿਪਟੀ ਸਕੱਤਰ ਡਾ. ਨਿਧੀ ਕੇਸਰਵਾਨੀ ਨੇ ਇਸ ਮੌਕੇ ਕਿਹਾ ਕਿ ਵਿਕਸਤ ਭਾਰਤ ਸੰਕਲਪ ਯਾਤਰਾ ਦਾ ਮਨੋਰਥ ਘਰ-ਘਰ ਤੱਕ ਭਾਰਤ ਸਰਕਾਰ ਦੀਆਂ ਮਹੱਤਵਪੂਰਨ ਯੋਜਨਾਵਾਂ ਬਾਰੇ ਜਾਗਰੂਕਤਾ ਪਹੁੰਚਾਉਣਾ ਅਤੇ ਲਾਭਪਾਤਰੀ ਪਰਿਵਾਰਾਂ ਨੂੰ ਲਾਭ ਪਹੁੰਚਾਉਣਾ ਹੈ, ਜਿਸ ਰਾਹੀਂ ਪਿੰਡਾਂ ਵਿਚ ਜ਼ਮੀਨੀ ਪੱਧਰ 'ਤੇ ਸਰਕਾਰੀ ਸਕੀਮਾਂ ਬਾਰੇ ਜਾਣਕਾਰੀ ਦਿੱਤੀ ਜਾ ਰਹੀ ਹੈ। ਐਨ.ਐਫ.ਐਲ., ਸਟੇਟ ਬੈਂਕ ਆਫ ਇੰਡੀਆ, ਕ੍ਰਿਸ਼ੀ ਵਿਗਿਆਨ ਕੇਂਦਰ, ਡਾਕਘਰ ਵਿਭਾਗ, ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ, ਵਾਟਰ ਸਪਲਾਈ ਤੇ ਸੈਨੀਟੇਸ਼ਨ ਵਿਭਾਗ ਵੱਲੋਂ ਵੀ ਲੋਕਾਂ ਨੂੰ ਸਰਕਾਰੀ ਸਕੀਮਾਂ ਬਾਰੇ ਜਾਣੂੰ ਕਰਵਾਇਆ। ਇਸ ਮੌਕੇ ਸੈਲਫ ਹੈਲਪ ਗਰੁੱਪ ਦੇ ਮੈਂਬਰ, ਆਸ਼ਾ ਵਰਕਰ ਤੇ ਆਂਗਨਵਾੜੀ ਵਰਕਰ ਮੌਜੂਦ ਸਨ।

# ਫਲਸਤੀਨੀਆਂ 'ਤੇ ਠੋਸੀ ਜੰਗ ਖਿਲਾਫ਼ ਪਹਿਲੀ ਨੂੰ ਪ੍ਰਦਰਸ਼ਨ ਕਰਨ ਦਾ ਐਲਾਨ



**ਜਲੰਧਰ (ਕੇਸਰ)**-ਪੰਜਾਬ ਦੀਆਂ ਸੱਤ ਖੱਬੀਆਂ, ਇਨਕਲਾਬੀ ਪਾਰਟੀਆਂ, ਜਥੇਬੰਦੀਆਂ ਅਧਾਰਿਤ ਫਾਸ਼ੀ ਹਮਲਿਆਂ ਵਿਰੋਧੀ ਫਰੰਟ ਵਲੋਂ 1 ਜਨਵਰੀ ਨੂੰ ਫਲਸਤੀਨੀ ਲੋਕਾਂ ਦੀ ਕੀਤੀ ਜਾ ਰਹੀ ਵਹਿਸ਼ੀ ਕਤਲੋਗਾਰਤ ਖਿਲਾਫ ਜਲੰਧਰ ਵਿਖੇ ਜ਼ਿਲ੍ਹਾ ਪੱਧਰੀ ਮੁਜਾਹਰਾ ਕਰਨ ਦਾ ਐਲਾਨ ਕੀਤਾ ਗਿਆ ਹੈ। ਫਰੰਟ ਦੇ ਸੂਬਾਈ ਆਗੂ ਪ੍ਰਿਥੀਪਾਲ ਸਿੰਘ ਮਾੜੀਮੇਘਾ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗ ਵਿੱਚ ਇਹ ਫੈਸਲਾ ਕੀਤਾ ਗਿਆ। ਮੀਟਿੰਗ ਵਿੱਚ ਫਰੰਟ 'ਚ ਸਾਮਲ ਭਾਰਤੀ ਕਮਿਊਨਿਸਟ ਪਾਰਟੀ (ਮਾਰਕਸਵਾਦੀ-ਲੈਨਿਨਵਾਦੀ)ਨਿਊ ਡੈਮੋਕਰੇਸੀ ਦੇ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ,ਆਰ ਐੱਮ ਪੀ ਆਈ ਦੇ ਡਾਕਟਰ ਸਰਬਜੀਤ ਸਿੰਘ ਮੁਠੱਡਾ, ਸੀਪੀਆਈ ਦੇ ਰਛਪਾਲ ਕੈਲੇ ਤੋਂ ਇਲਾਵਾ ਸੰਦੀਪ ਅਰੋੜਾ,ਵੀਰ ਕੁਮਾਰ ਆਦਿ ਸ਼ਾਮਿਲ ਹੋਏ।

ਮੀਟਿੰਗ ਉਪਰੰਤ ਫਰੰਟ ਦੇ ਆਗੂ ਕਸ਼ਮੀਰ ਸਿੰਘ ਘੁੱਗਸ਼ੋਰ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਪਿਛਲੇ ਢਾਈ ਮਹੀਨਿਆਂ ਤੋਂ ਫਲਸਤੀਨ ਨੂੰ ਕਬਰਿਸਤਾਨ 'ਚ ਬਦਲਣ ਲਈ ਵੱਡੇ ਸਾਮਰਾਜੀ ਲੱਠਮਾਰ ਅਮਰੀਕਾ ਅਤੇ ਯੂਰਪੀਅਨ ਯੂਨੀਅਨ ਦੇ ਸੰਗੀਆਂ ਦੀ ਸ਼ਹਿ ਉੱਤੇ ਇਜਰਾਈਲ ਵਲੋਂ ਫਲਸਤੀਨੀ ਲੋਕਾਂ ਨੂੰ ਉਹਨਾਂ ਦੇ ਆਪਣੇ ਹੀ ਦੇਸ਼ 'ਚੋਂ ਕੱਢਣ ਲਈ ਠੋਸੀ ਇਸ ਨਿਹੱਕੀ ਜੰਗ ਖਿਲਾਫ ਸੰਸਾਰ ਭਰ 'ਚ ਆਵਾਜ ਉਠਾਈ ਜਾ ਰਹੀ ਹੈ। 1948 ਤੋਂ ਇੰਗਲੈਂਡ ਅਮਰੀਕਾ ਦੀ ਸ਼ਹਿ 'ਤੇ ਫਲਸਤੀਨੀ ਲੋਕਾਂ ਦੀਆਂ ਜਮੀਨਾਂ, ਕਾਰੋਬਾਰਾਂ 'ਤੇ ਕਬਜਾ ਕਰਕੇ ਇਜਰਾਈਲ ਨੇ ਮੱਧਪੂਰਬ ਦੇ ਇਸ ਛੋਟੇ ਜਿਹੇ ਦੇਸ਼ ਨੂੰ ਖੁੱਲੀ ਜੇਲ੍ਹ 'ਚ ਬਦਲ ਕੇ ਫਲਸਤੀਨੀਆਂ ਨੂੰ ਪਲ-ਪਲ ਮਰਨ ਲਈ ਮਜਬੂਰ ਕੀਤਾ ਹੋਇਆ ਹੈ।

ਉਨ੍ਹਾਂ ਕਿਹਾ ਕਿ ਫਲਸਤੀਨ ਦੇ ਗਾਜਾ 'ਚ 75 ਪ੍ਰਤੀਸ਼ਤ ਲੋਕਾਂ ਦੀ ਤਬਾਹੀ, ਘਰਾਂ ਦੀ ਬਰਬਾਦੀ, ਰਾਸ਼ਨ ਦੀ ਭਾਰੀ ਕਿੱਲਤ, ਇਲਾਜ ਪੱਖੋਂ ਮਰ ਤੇ ਸਹਿਕ ਰਹੇ ਲੋਕ, ਵੀਹ ਹਜਾਰ ਤੋਂ ਉੱਪਰ ਲੋਕਾਂ ਸਮੇਤ ਮਾਸੂਮਾਂ ਦਾ ਕਤਲ ਸੰਸਾਰ ਦਾ ਅੱਜ ਦੇ ਸਮੇਂ ਦਾ ਸਭ ਤੋਂ ਵੱਡਾ ਦਿਲਕੰਬਾਊ ਦੁਖਾਂਤ ਹੈ। ਸੋਸ਼ਲ ਮੀਡੀਆ ਤੇ ਮਲਬੇ ਦੇ ਢੇਰਾਂ 'ਚੋਂ ਕੱਢੇ ਜਾ ਰਹੇ ਰੋਂਦੇ ਵਿਲਕਦੇ ਬੱਚਿਆਂ ਦੀਆਂ ਲਾਸ਼ਾਂ ਤੇ ਚੀਕਾਂ,ਵਗਦੇ ਲਹੂ ਦੀਆਂ ਧਰਾਲਾਂ ਦੀਆਂ ਤਸਵੀਰਾਂ ਹਰ ਜਮੀਰ ਪਸੰਦ ਦਾ ਦਿਲ ਵਲੂੰਧਰਨ ਲਈ ਕਾਫੀ ਹਨ। ਫਾਸ਼ੀ ਹਮਲਿਆਂ ਵਿਰੋਧੀ ਫਰੰਟ ਨੇ ਕਿਹਾ ਕਿ ਖੁੱਲ੍ਹੀ ਜੇਲ੍ਹ"ਚ ਪਲ-ਪਲ ਸਹਿਕ ਰਹੇ ਫਲਸਤੀਨੀ ਲੋਕਾਂ ਉੱਤੇ ਠੋਸੀ ਨਿਹੱਕੀ ਜੰਗ ਤੁਰੰਤ ਬੰਦ ਕੀਤੀ ਜਾਵੇ। ਯੂ ਐਨ ਓ ਅਤੇ ਸੰਸਾਰ ਭਰ ਦੇ ਜਬਰਦਸਤ ਵਿਰੋਧ ਨੂੰ ਪੈਰਾਂ ਹੇਠ ਰੋਲ ਰਹੇ ਇਜਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਨ ਨੇਤਨਯਾਹੂ ਨੂੰ ਜੰਗੀ ਅਪਰਾਧੀ ਐਲਾਨਿਆ ਜਾਵੇ। ਉਨ੍ਹਾਂ ਸਮੂਹ ਲੋਕਾਂ ਨੂੰ ਇਜਰਾਈਲੀ ਵਸਤਾਂ ਦਾ ਬਾਈਕਾਟ ਕਰਨ ਦਾ ਸੱਦਾ ਦਿੱਤਾ ਹੈ। ਫਰੰਟ ਨੇ ਮੋਦੀ ਦੀ ਫਾਸ਼ੀ ਹਕੂਮਤ ਵਲੋਂ ਅਮਰੀਕਾ ਨਾਲ ਇਲਹਾਕ ਦੇ ਚਲਦਿਆਂ ਇਜਰਾਈਲ ਦੇ ਹੱਕ 'ਚ ਖੜਨ ਦੀ ਜੋਰਦਾਰ ਨਿੰਦਾ ਕੀਤੀ ਹੈ। ਉਨਾਂ ਸੰਸਾਰ ਭਰ ਦੇ ਇਨਸਾਫਪਸੰਦ ਲੋਕਾਂ ਨੂੰ ਜੰਗ ਬੰਦੀ ਦੀ ਮੰਗ ਅਤੇ ਫਲਸਤੀਨੀ ਲੋਕਾਂ ਦਾ ਦੇ ਹੱਕ 'ਚ ਆਵਾਜ ਹੋਰ ਤੇਜ ਕਰਨ ਦੀ ਜੋਰਦਾਰ ਅਪੀਲ ਕੀਤੀ ਹੈ। ਇਜਰਾਈਲ ਦੇ ਵਿਰੋਧ ਦੀ ਹਰ ਆਵਾਜ ਨੂੰ ਕੁਚਲਣ ਲਈ ਪਰਚੇ ਦਰਜ ਕਰਨ, ਸੋਸ਼ਲ ਮੀਡੀਆ ਤੋਂ ਹਟਾਉਣ ਦੀ ਵੀ ਇਨਾਂ ਆਗੂਆਂ ਨੇ ਨਿੰਦਾ ਕੀਤੀ ਹੈ। ਉਨ੍ਹਾਂ ਸਭਨਾਂ ਜਮਹੂਰੀ ਇਨਸਾਫ ਪਸੰਦ ਸ਼ਕਤੀਆਂ/ਜਥੇਬੰਦੀਆਂ, ਲੋਕਾਂ ਨੂੰ ਇਸ ਵਿਰੋਧ ਪ੍ਰਦਰਸ਼ਨ ਦਾ ਹਿੱਸਾ ਬਨਣ ਦੀ ਜੋਰਦਾਰ ਅਪੀਲ ਕੀਤੀ ਹੈ।

# ਗੋਇਨਕਾ ਸਕੂਲ 'ਚ ਉਤਸ਼ਾਹ ਨਾਲ ਕ੍ਰਿਸਮਸ ਦਾ ਤਿਉਹਾਰ ਮਨਾਇਆ



**ਕਪੂਰਥਲਾ, (ਹਨੀ)**-ਜੀ ਡੀ ਗੋਇਨਕਾ ਇੰਟਰਨੈਸ਼ਨਲ ਸਕੂਲ ਕਪੂਰਥਲਾ ਵਿਖੇ ਕ੍ਰਿਸਮਸ ਦਾ ਤਿਉਹਾਰ ਬਹੁਤ ਹੀ ਉਤਸ਼ਾਹ ਨਾਲ ਮਨਾਇਆ ਗਿਆ । ਇਸ ਮੌਕੇ ਵਿਸ਼ੇਸ਼ ਪ੍ਰਾਰਥਨਾ ਸਭਾ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਸੀਨੀਅਰ ਜਮਾਤ ਦੇ ਵਿਦਿਆਰਥੀਆਂ ਦੁਆਰਾ ਪ੍ਰਭੂ ਯਿਸੂ ਮਸੀਹ ਦੇ ਜੀਵਨ ਬਾਰੇ ਚਾਨਣਾ ਪਾਇਆ ਗਿਆ । ਉਪਰੰਤ ਨਰਸਰੀ, ਐੱਲ.ਕੇ.ਜੀ. ਅਤੇ ਯੂ.ਕੇ.ਜੀ. ਦੇ ਨੰਨ੍ਹੇ ਮੁੰਨ੍ਹੇ ਵਿਦਿਆਰਥੀਆਂ ਵੱਲੋਂ ਜਿੰਗਲ ਬੈੱਲਜ, ਮੈਰੀ ਕ੍ਰਿਸਮਸ ਗੀਤਾਂ ਉੱਪਰ ਡਾਂਸ ਰਾਹੀਂ ਮਹੌਲ ਨੂੰ ਹੋਰ ਖੁਸ਼ਨੁਮਾ ਬਣਾ ਦਿੱਤਾ ਗਿਆ । ਕੇ. ਜੀ ਵਿੰਗ ਦੇ ਵਿਦਿਆਰਥੀ ਸੈਂਟਾ ਕਲਾਜ ਦੀ ਡਰੈੱਸ ਵਿੱਚ ਸਕੂਲ ਆਏ ਅਤੇ ਬੱਚਿਆਂ ਵੱਲੋਂ ਕ੍ਰਿਸਮਸ ਟ੍ਰੀ ਵੀ ਸਜਾਇਆ ਗਿਆ । ਸੈਂਟਾ ਕਲਾਜ ਵੱਲੋਂ ਸਾਰੇ ਹੀ ਵਿਦਿਆਰਥੀਆਂ ਨੂੰ ਸਵੀਟਸ ਵੰਡੀਆਂ ਗਈਆਂ । ਸਕੂਲ ਦੇ ਚੇਅਰਮੈਨ ਸੁਖਦੇਵ ਸਿੰਘ, ਸਕੱਤਰ ਪਰਮਿੰਦਰ ਕੌਰ ਅਤੇ ਪ੍ਰਿੰਸੀਪਲ ਡਾ. ਪਵਲਜੀਤ ਕੌਰ ਨੇ ਸਟਾਫ਼ ਮੈਂਬਰਾਂ ਅਤੇ ਵਿਦਿਆਰਥੀਆਂ ਨੂੰ ਕ੍ਰਿਸਮਸ ਦੇ ਤਿਉਹਾਰ ਦੀ ਵਧਾਈ ਦਿੰਦਿਆਂ ਕਿਹਾ ਕਿ ਇਹ ਤਿਉਹਾਰ ਸਾਨੂੰ ਦੋਸਤਾਂ ਨਾਲ, ਪਰਵਾਰ ਨਾਲ ਅਤੇ ਖਾਸ ਕਰਕੇ ਲੋੜਵੰਦਾਂ ਦੀਆਂ ਲੋੜਾਂ ਨੂੰ ਪੂਰਾ ਕਰਕੇ ਖੁਸ਼ੀਆਂ ਵੰਡਣ ਅਤੇ ਸਾਂਝਾ ਕਰਨ ਦੇ ਮਹੱਤਵ ਦੀ ਯਾਦ ਦਿਵਾਉਂਦਾ ਹੈ।

# ਸਿੱਖੀ ਨੂੰ ਪ੍ਰਫੁੱਲਤ ਕਰਨ ਲਈ ਵਿਧਾਇਕ ਵੱਲੋਂ ਦਸਤਾਰਾਂ ਤਕਸੀਮ



**ਸ੍ਰੀ ਚਮਕੌਰ ਸਾਹਿਬ (ਗੁਰਵਿੰਦਰਪਾਲ ਸਿੰਘ ਬੌਬੀ)**-ਹਲਕਾ ਚਮਕੌਰ ਸਾਹਿਬ ਤੋਂ ਵਿਧਾਇਕ ਡਾ. ਚਰਨਜੀਤ ਸਿੰਘ ਵੱਲੋਂ ਸਿੱਖੀ ਨੂੰ ਪ੍ਰਫੁੱਲਿਤ ਕਰਨ ਲਈ ਸਹਿਬਜਾਦਿਆਂ ਦੀ ਲਾਸਾਨੀ ਸ਼ਹਾਦਤ ਨੂੰ ਸਮਰਪਿਤ ਮੁਫਤ ਦਸਤਾਰ ਕੈਂਪ ਲਗਾਇਆ ਗਿਆ । ਨਗਰ ਕੌਂਸਲ ਦੇ ਵਾਇਸ ਪ੍ਰਧਾਨ ਭੁਪਿੰਦਰ ਸਿੰਘ ਭੂਰਾ ਨੇ ਦੱਸਿਆ ਕਿ ਉਕਤ ਕੈਂਪ ਲਗਾਉਣ ਦਾ ਮੰਤਵ ਹੈ ਕਿ ਪਤਿਤਪੁਣੇ ਵੱਲ ਵੱਧ ਰਹੀ ਨੌਜਵਾਨ ਪੀੜ੍ਹੀ ਨੂੰ ਸਿੱਖੀ ਨਾਲ ਜੋੜਿਆ ਜਾ ਸਕੇ ਅਤੇ ਨੌਜਾਵਨਾਂ ਨੂੰ ਦਸਤਾਰ ਦੀ ਅਹਿਮੀਅਤ ਬਾਰੇ ਜਾਣੂ ਕਰਵਾਇਆ ਜਾ ਸਕੇ । ਇਸ ਕੈਂਪ ਵਿੱਚ ਅਨੇਕਾਂ ਹੀ ਨੌਜਵਾਨ ਸ਼ਾਮਲ ਹੋਏ ਅਤੇ ਉਨ੍ਹਾਂ ਨੇ ਮੁੜ ਕੇਸ ਰੱਖ ਕੇ ਦਸਤਾਰ ਸਜਾਉਣ ਦਾ ਪ੍ਰਣ ਲਿਆ। ਲਗਾਏ ਕੈਂਪ ਦੌਰਾਨ ਪਹੁੰਚੀਆਂ ਸੰਗਤਾਂ ਵੱਲੋਂ ਹਲਕਾ ਵਿਧਾਇਕ ਡਾ ਚਰਨਜੀਤ ਸਿੰਘ ਦੀ ਇਸ ਉਪਰਾਲੇ ਸਬੰਧੀ ਸ਼ਲਾਘਾ ਕੀਤੀ ਗਈ। ਇਸ ਮੌਕੇ ਪਾਰਟੀ ਦੇ ਬੁਲਾਰੇ ਮਾਲਵਿੰਦਰ ਸਿੰਘ ਕੰਗ ਬੁਲਾਰਾ , ਬੀਰਦਵਿੰਦਰ ਸਿੰਘ , ਚੇਅਰਮੈਨ ਐਨ ਪੀ ਰਾਣਾ , ਜਗਤਾਰ ਸਿੰਘ , ਕੌਂਸਲਰ ਸੁਖਵੀਰ ਸਿੰਘ, ਦਰਸ਼ਨ ਵਰਮਾ ਅਤੇ ਗੁਰਬੀਰ ਸਿੰਘ ਆਦਿ ਹਾਜਰ ਸਨ।

# ਅਫਵਾਹਾਂ 'ਤੇ ਯਕੀਨ ਨਾ ਕੀਤਾ ਜਾਵੇ : ਬੋਲੀਨਾ



**ਭੋਗਪੁਰ (ਗੁਰਪ੍ਰੀਤ ਸਿੰਘ ਭੋਗਲ)** ਪਿਛਲੇ ਦਿਨੀ ਭੋਗਪੁਰ ਦੇ ਆਸ ਪਾਸ ਦੇ ਗਰੁੱਪਾਂ 'ਚ ਪੋਸਟ ਵਾਇਰਲ ਹੋ ਰਹੀ ਸੀ। ਜਿਸ 'ਚ ਦੱਸਿਆ ਜਾ ਰਿਹਾ ਸੀ ਕਿ ਭੋਗਪੁਰ ਦੇ ਲਾਗੇ ਪੈਂਦੇ ਪਿੰਡ ਬਿਨਪਾਲਕੇ, ਨੰਗਲ, ਨੰਗਲ ਅਰਾਈਆ, ਘੋੜਾਵਾਹੀ ਤੇ ਲਾਹਦੜਾ ਵਿਖੇ ਇੱਕ ਚੀਤਾ ਘੁੰਮ ਰਿਹਾ ਹੈ। ਜਿਸ ਨਾਲ ਇਲਾਕੇ 'ਚ ਦਹਿਸ਼ਤ ਦਾ ਮਾਹੌਲ ਬਣਿਆ ਹੋਇਆ ਸੀ ਅਤੇ ਲੋਕ ਬਹੁਤ ਹੀ ਪ੍ਰੇਸ਼ਾਨ ਸਨ। ਇਸ ਮੌਕੇ ਜੰਗਲਾਤ ਮਹਿਕਮੇ ਦੀ ਟੀਮ ਦੇ ਉੱਚ ਅਧਿਕਾਰੀ ਜਸਵੰਤ ਸਿੰਘ ਰੈਸਕਿਊ ਟੀਮ ਨੇ ਜਦ ਪਿੰਡ ਬਿਨਪਾਲਕੇ, ਨੰਗਲ ਅਰਾਈਆ, ਘੋੜਾਵਾਹੀ, ਲਾਧੜਾ ਤੇ ਹੋਰ ਵੀ ਪਿੰਡਾਂ ਦੇ ਵਿੱਚ ਤਫਤੀਸ ਕੀਤੀ ਤੇ ਕਿਸੇ ਕੋਲ ਵੀ ਅਜਿਹੇ ਕੋਈ ਵੀ ਪਰੂਫ ਨਹੀਂ ਮਿਲੇ। ਇਸ ਮੌਕੇ ਜੰਗਲਾਤ ਮਹਿਕਮੇ ਦੇ ਉੱਚ ਅਧਿਕਾਰੀ ਜਸਵੰਤ ਸਿੰਘ ਨੇ ਕਿਹਾ ਕਿ ਕਾਫੀ ਦੇਰ ਤੋਂ ਇਹ ਮੈਸੇਜ ਵਾਇਰਲ ਹੋ ਰਿਹਾ ਸੀ। ਇਸ ਬਾਰੇ ਚ ਬੋਲੀਨਾ ਪੈਟਰੋਲ ਪੰਪ ਦੇ ਮਾਲਕ ਹਰਬਲਿੰਦਰ ਸਿੰਘ ਬੋਲੀਨਾ ਦਾ ਫੋਨ ਆਇਆ ਸੀ। ਕਿ ਸਾਡੇ ਇਲਾਕੇ 'ਚ ਇਸ ਕਰਕੇ ਦਹਿਸਤ ਫੈਲੀ ਹੋਈ ਹੈ ਕਿ ਤੁਸੀਂ ਇੱਕ ਵਾਰੀ ਆਓ। ਇਸ ਮੌਕੇ ਤੇ ਹਰਬਲਿੰਦਰ ਸਿੰਘ ਬੋਲੀਨਾ ਅਤੇ ਪਰਵਿੰਦਰ ਕਰਵਲ ਨੂੰ ਨਾਲ ਲੈ ਕੇ ਜਿੱਥੇ ਜਿੱਥੇ ਲੋਕਾਂ ਦੇ ਵੱਲੋਂ ਦੱਸਿਆ ਗਿਆ ਕਿ ਅਸੀਂ ਇੱਥੇ ਦੇਖਿਆ ਸੀ ਜਾਂ ਇਥੋਂ ਦੀ ਲੰਘਿਆ ਹੈ। ਉਸ ਜਗ੍ਹਾ ਤੇ ਜਾ ਕੇ ਜਦ ਰੈਸਕਿਊ ਕੀਤਾ। ਉਹਦੇ ਵਿੱਚ ਕਿਧਰੇ ਵੀ ਸਾਨੂੰ ਲੈਪਰਡ (ਚੀਤੇ) ਦੇ ਕੋਈ ਨਿਸ਼ਾਨ ਨਜ਼ਰ ਨਹੀਂ ਆਏ ਉਨ੍ਹਾਂ ਕਿਹਾ ਜੈਕਲ (ਗਿੱਦੜ) ਦੇ ਪੈਰਾਂ ਦੇ ਨਿਸ਼ਾਨ ਜ਼ਰੂਰ ਨਜ਼ਰ ਆਏ ਹਨ। ਉਹਨਾਂ ਕਿਹਾ ਉਹ ਇਕ ਆਮ ਜਾਨਵਰ ਹੈ। ਬਾਕੀ ਜਿਹੜੀ ਇੱਥੇ ਦੀ ਵੀਡੀਓ ਵਾਇਰਲ ਹੋ ਰਹੀ ਹੈ। ਕਿ ਚੀਤਾ ਬਿੰਨਪਾਲਕੇ ਦੀ ਦੀਵਾਰ ਦੇ ਉੱਤੇ ਤੁਰਿਆ ਜਾ ਰਿਹਾ ਉਹ ਵੀ ਜਦੋਂ ਮੌਕਾ ਦੇਖਿਆ ਤੇ ਉਸ ਤੋਂ ਪਤਾ ਲੱਗਾ ਕਿ ਉਹ ਬਿਲਕੁਲ ਗਲਤ ਵੀਡੀਓ ਹੈ ਜੋ ਕਿ ਕਿਸੇ ਹੋਰ ਇਲਾਕੇ ਦੀ ਹੈ ਲੋਕਾਂ ਵਲੋਂ ਬਿੰਨਪਾਲਕੇ ਪਿੰਡ ਦਾ ਨਾਮ ਲਿਖ ਕੇ ਸ਼ੇਅਰ ਕੀਤੀ ਜਾ ਰਹੀ ਹੈ। ਜਿਹੜਾ ਕਿ ਬਿਲਕੁਲ ਇਹ ਗਲਤ ਮੈਸੇਜ ਹੈ ਇਸ ਤੇ ਯਕੀਨ ਨਾ ਕੀਤਾ ਜਾਵੇ। ਇਸ ਮੌਕੇ ਜੰਗਲਾਤ ਮਹਿਕਮੇ ਦੀ ਰੈਸਕਿਊ ਟੀਮ ਦੇ ਉੱਚ ਅਧਿਕਾਰੀ ਜਸਵੰਤ ਸਿੰਘ ਨੇ ਪਿੰਡ ਨੰਗਲ ਦੇ ਵਿੱਚ ਜਾ ਕੇ ਜਾਣਕਾਰੀ ਲਈ ਤਾਂ ਉਹਨਾਂ ਇਸ ਬਾਰੇ ਸਪੱਸਟ ਕੀਤਾ ਕਿ ਜੋ ਪਸ਼ੂਆਂ ਉੱਪਰ ਹਮਲਾ ਕੀਤਾ ਗਿਆ ਸੀ। ਉਹ ਲੈਪਰਡ (ਚੀਤੇ) ਦਾ ਅਟੈਕ ਨਹੀਂ ਹੈ ਉਹ ਜੈਕਲ (ਗਿੱਦੜ) ਦੇ ਪੈਰਾਂ ਦੇ ਨਿਸ਼ਾਨ ਹਨ।

